@Qpatrika | @qaumipatrika punjabi | instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 29 June 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 29 ਜੂਨ 2025, 15 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 229, qpatrika@gmail.com ਫੋਨ : 9971359517 www.qaumipatrika.org


## ਪ੍ਰਧਾਨ ਮੰਤਰੀ ਮੋਦੀ ਨੇ ਪੁਲਾੜ 'ਚ ਮੌਜੂਦ ਸ਼ੁਭਾਂਸ਼ੂ ਸ਼ੁਕਲਾ ਨਾਲ ਕੀਤੀ ਗੱਲਬਾਤ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 28 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੁਲਾੜ ਗਏ ਭਾਰਤੀ ਹਵਾਈ ਸੈਨਾ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨਾਲ ਗੱਲ ਕਰ ਰਹੇ ਹਨ। ਇਸ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਸ਼ੁਭਾਂਸ਼ੂ ਨੂੰ ਕਿਹਾ ਕਿ ਅੱਜ ਤੁਸੀਂ ਭਾਰਤ ਤੋਂ ਦੂਰ ਹੋ ਪਰ ਤੁਸੀਂ ਭਾਰਤੀਆਂ ਦੇ ਸਭ ਤੋਂ ਨੇੜੇ ਹੋ। ਤੁਹਾਡੇ ਨਾਮ ਵਿੱਚ ਸ਼ੁਭ ਵੀ ਹੈ। ਇਸ ਸਮੇਂ ਅਸੀਂ ਦੋਵੇਂ ਗੱਲ ਕਰ ਰਹੇ ਹਾਂ ਪਰ 140 ਕਰੋੜ ਭਾਰਤੀਆਂ ਦੀਆਂ ਭਾਵਨਾਵਾਂ ਵੀ ਮੇਰੇ ਨਾਲ ਹਨ, ਮੇਰੀ ਆਵਾਜ਼ ਵਿੱਚ ਸਾਰੇ ਭਾਰਤੀਆਂ ਦਾ ਉਤਸ਼ਾਹ ਅਤੇ ਉਮੰਗ ਹੈ। ਮੈਂ ਤੁਹਾਨੂੰ ਪੁਲਾੜ ਵਿੱਚ ਭਾਰਤ ਦਾ ਝੰਡਾ ਲਹਿਰਾਉਣ ਲਈ ਵਧਾਈ ਦਿੰਦਾ ਹਾਂ, ਪ੍ਰਧਾਨ ਮੰਤਰੀ ਮੋਦੀ ਨੇ ਸ਼ੁਭਾਂਸ਼ੂ ਨੂੰ ਪੁੱਛਿਆ ਕਿ ਕੀ ਉੱਥੇ ਸਭ ਕੁਝ ਠੀਕ ਹੈ, ਉੱਥੇ ਸਭ ਕੁਝ ਠੀਕ ਹੈ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਇੱਥੇ ਸਭ ਕੁਝ ਠੀਕ ਹੈ, ਸਾਰਿਆਂ ਦੇ ਆਸ਼ੀਰਵਾਦ ਅਤੇ ਪਿਆਰ ਕਾਰਨ ਬਹੁਤ ਵਧੀਆ ਮਹਿਸੂਸ ਹੁੰਦਾ ਹੈ। ਧਰਤੀ ਤੋਂ ਔਰਬਿਟ ਤੱਕ ਮੇਰਾ 400 ਕਿਲੋਮੀਟਰ ਦਾ ਸਫ਼ਰ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਅੱਜ ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨ ਦੇ ਯੋਗ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਰ ਭਾਰਤੀ ਦੇਖ ਰਿਹਾ ਹੈ ਕਿ ਤੁਸੀਂ ਕਿੰਨੇ ਸਾਦੇ ਹੋ, ਅਤੇ ਇਹ ਵੀ ਪੁੱਛਿਆ ਕਿ ਕੀ ਤੁਸੀਂ ਗਾਜਰ ਦਾ ਹਲਵਾ



ਆਪਣੇ ਸਾਥੀਆਂ ਨੂੰ ਖੁਆਇਆ ਹੈ? ਪੀਐਮ ਮੋਦੀ ਨੇ ਸ਼ੁਭਾਂਸ਼ੂ ਤੋਂ ਪੁੱਛਿਆ ਕਿ ਸਪੇਸ ਦੀ ਵਿਸ਼ਾਲਤਾ ਨੂੰ ਦੇਖ ਕੇ ਉਨ੍ਹਾਂ ਦਾ ਪਹਿਲਾ ਵਿਚਾਰ ਕੀ ਸੀ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਪਹਿਲਾ ਵਿਚਾਰ ਇਹ



ਆਇਆ ਕਿ ਬਾਹਰੋਂ ਕੋਈ ਸਰਹੱਦ ਦਿਖਾਈ ਨਹੀਂ ਦਿੰਦੀ, ਅਸੀਂ ਭਾਰਤ ਨੂੰ ਨਕਸ਼ੇ 'ਤੇ ਦੇਖਦੇ ਹਾਂ, ਭਾਰਤ ਸੱਚਮੁੱਚ ਬਹੁਤ ਸ਼ਾਨਦਾਰ ਦਿਖਾਈ ਦਿੰਦਾ ਹੈ, ਇਹ ਨਕਸ਼ੇ 'ਤੇ ਜੋ ਅਸੀਂ ਦੇਖਦੇ ਹਾਂ ਉਸ ਤੋਂ ਕਿਤੇ ਜ਼ਿਆਦਾ ਸ਼ਾਨਦਾਰ ਦਿਖਾਈ ਦਿੰਦਾ ਹੈ। ਬਾਹਰੋਂ ਦੇਖਣ 'ਤੇ ਲੱਗਦਾ ਹੈ ਕਿ ਕੋਈ ਰਾਜ ਜਾਂ ਦੇਸ਼ ਨਹੀਂ ਹੈ, ਸਗੋਂ ਲੱਗਦਾ ਹੈ ਕਿ ਅਸੀਂ ਸਾਰੇ ਇੱਕ ਹਾਂ। ਸ਼ੁਭਾਂਸ਼ੂ ਨੇ ਪੀਐਮ ਮੋਦੀ ਨੂੰ ਕਿਹਾ ਕਿ ਤੁਹਾਡੇ ਨਾਲ ਗੱਲ ਕਰਦੇ ਹੋਏ, ਮੈਂ ਆਪਣੀਆਂ ਲੱਤਾਂ ਬੰਨ੍ਹ ਲਈਆਂ ਹਨ ਕਿਉਂਕਿ ਇੱਥੇ ਜ਼ੀਰੋ ਗਰੈਵਿਟੀ ਹੈ, ਜੇਕਰ ਮੈਂ ਅਜਿਹਾ ਨਹੀਂ ਕਰਦਾ, ਤਾਂ ਮੈਂ ਉੱਡਣਾ ਸ਼ੁਰੂ ਕਰ ਦੇਵਾਂਗਾ। ਉਨ੍ਹਾਂ ਇਹ ਵੀ ਕਿਹਾ ਕਿ ਇੱਥੇ ਸੌਣਾ ਇੱਕ ਵੱਡੀ ਚੁਣੌਤੀ ਹੈ। ਇਸ ਤੋਂ ਬਾਅਦ ਪੀਐਮ ਮੋਦੀ ਨੇ ਪੁੱਛਿਆ ਕਿ ਕੀ ਧਿਆਨ ਲਾਭਦਾਇਕ ਹੈ, ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਭਾਰਤ ਚੱਲ ਰਿਹਾ ਹੈ। ਇੱਥੇ ਮਾਈਂਡਫੁੱਲਨੈੱਸ ਦਾ ਵੀ ਬਹੁਤ ਪ੍ਰਭਾਵ ਪੈਂਦਾ ਹੈ ਕਿਉਂਕਿ ਲਾਂਚ ਦੌਰਾਨ ਸਥਿਤੀ ਬਹੁਤ ਵੱਖਰੀ ਹੁੰਦੀ ਹੈ, ਪਰ ਜਦੋਂ ਤੁਸੀਂ ਆਪਣੇ ਮਨ ਨੂੰ ਸ਼ਾਂਤ ਰੱਖਦੇ ਹੋ, ਤਾਂ ਤੁਸੀਂ ਬਿਹਤਰ ਫੈਸਲੇ ਲੈ ਸਕਦੇ ਹੋ। ਇਹ ਸਭ ਅਜਿਹੇ ਚੁਣੌਤੀਪੂਰਨ ਸਮੇਂ ਵਿੱਚ ਬਹੁਤ ਫਾਇਦੇਮੰਦ ਹੁੰਦਾ ਹੈ। ਪੀਐਮ ਮੋਦੀ ਨੇ ਸ਼ੁਭਾਂਸ਼ੂ ਤੋਂ ਪੁੱਛਿਆ ਕਿ ਕੀ ਕੋਈ ਅਜਿਹਾ ਪ੍ਰਯੋਗ ਹੈ ਜੋ ਭਵਿੱਖ ਵਿੱਚ ਸਿਹਤ ਜਾਂ ਖੇਤੀਬਾੜੀ ਖੇਤਰ ਨੂੰ ਲਾਭ ਪਹੁੰਚਾਏ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਹਾਂ, ਮੇਰਾ ਪ੍ਰਯੋਗ ਇਸ ਨਾਲ ਸਬੰਧਤ ਹੈ।

## ਸੁਖਬੀਰ ਬਾਦਲ ਨੇ ਮਜੀਠੀਆ ਮਾਮਲੇ 'ਚ ਘੇਰੀ ਸਰਕਾਰ

ਚੰਡੀਗੜ੍ਹ 28 ਜੂਨ। ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਵਿੰਨ੍ਹ?ਆ ਗਿਆ ਹੈ। ਉਨ੍ਹਾਂ ਕਿਹਾ ਕਿ ਬਿਕਰਮ ਮਜੀਠੀਆ 'ਤੇ ਝੂਠਾ ਪਰਚਾ ਦਰਜ ਕੀਤਾ




ਗਿਆ ਹੈ, ਜੋ ਕਿ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਤਰੀ ਪਾਰਟੀ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਿਕਰਮ ਮਜੀਠੀਆ ਖ਼?ਲਾਫ਼ ਸਰਕਾਰ ਗਲਤ ਕਰ ਰਹੀ ਹੈ ਪਰ ਅਸੀਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਾਂ ਅਤੇ ਅਕਾਲੀ ਦਲ ਇਹ ਲੜਾਈ ਡੱਟ ਕੇ ਲੜੇਗਾ। ਉਨ੍ਹਾਂ ਨੇ ਕਿਹਾ ਕਿ ਇਸ ਕੇਸ 'ਚ ਕਈ ਅਧਿਕਾਰੀ ਵੀ ਝੂਠ ਦਾ ਸਾਥ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਕੋਲ ਜਾਵਾਂਗੇ ਅਤੇ ਲੋਕਾਂ ਨੂੰ ਸੱਚ ਬਾਰੇ ਜਾਣੂ ਕਰਵਾਵਾਂਗੇ। ਸੁਖਬੀਰ ਬਾਦਲ ਨੇ ਕਿਹਾ ਕਿ ਮਜੀਠੀਆ ਖ਼?ਲਾਫ਼ ਝੂਠਾ ਪਰਚਾ ਦਰਜ ਕੀਤਾ ਗਿਆ ਹੈ ਅਤੇ ਜੋ ਵੀ ਸਾਡੀ ਲੀਗਲ ਟੀਮ ਕਹੇਗੀ, ਅਸੀਂ ਉਸ ਦੇ ਹਿਸਾਬ ਨਾਲ ਹੀ ਅੱਗੇ ਚੱਲਾਂਗੇ।

## ਐੱਸ.ਸੀ.ਓ. 'ਚ ਪਾਕਿ ਰੱਖਿਆ ਮੰਤਰੀ ਨੂੰ ਨਹੀਂ ਮਿਲੇ ਰਾਜਨਾਥ

ਇੰਟਰਨੈਸ਼ਨਲ ਡੈਸਕ 28 ਜੂਨ। ਚੀਨ ਦੇ ਕਿੰਗਦਾਓ 'ਚ ਵੀਰਵਾਰ ਨੂੰ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਹੋਈ। ਇਸ 'ਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਦੋਵੇਂ ਸ਼ਾਮਲ ਹੋਏ ਸਨ। ਹਾਲਾਂਕਿ, ਰਾਜਨਾਥ ਸਿੰਘ ਨੇ ਪਾਕਿਸਤਾਨੀ ਰੱਖਿਆ ਮੰਤਰੀ ਨਾਲ ਮੁਲਾਕਾਤ ਨਹੀਂ ਕੀਤੀ। ਇਸ ਦੌਰਾਨ ਉਨ੍ਹਾਂ ਨੇ ਐੱਸ.ਸੀ.ਓ. ਦੇ ਸਾਂਝੇ ਦਸਤਾਵੇਜ਼ 'ਤੇ ਦਸਤਖਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਕਿਉਂਕਿ ਉਸ 'ਚ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦਾ ਜ਼ਿਕਰ ਨਹੀਂ ਸੀ, ਜਦਕਿ ਪਾਕਿਸਤਾਨ ਦੇ ਬਲੋਚਿਸਤਾਨ 'ਚ ਹੋਈ ਅੱਤਵਾਦੀ ਘਟਨਾ ਦਾ ਜ਼ਿਕਰ ਸੀ। ਭਾਰਤ ਨੇ ਇਸ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਰਾਜਨਾਥ ਸਿੰਘ ਨੇ ਮੀਟਿੰਗ 'ਚ ਕਿਹਾ ਕਿ ਕੁਝ ਦੇਸ਼ ਸਰਹੱਦ ਪਾਰ ਅੱਤਵਾਦ ਨੂੰ ਆਪਣੀ ਨੀਤੀ ਮੰਨਦੇ ਹਨ। ਉਹ ਅੱਤਵਾਦੀਆਂ ਨੂੰ ਪਨਾਹ ਦਿੰਦੇ ਹਨ ਅਤੇ ਫਿਰ ਇਸ ਤੋਂ ਇਨਕਾਰ ਕਰਦੇ ਹਨ। ਅਜਿਹੇ ਦੋਹਰੇ ਮਾਪਦੰਡਾਂ ਲਈ ਕੋਈ ਜਗ?ਹਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਹੁਣ ਅੱਤਵਾਦ ਦੇ ਐਪੀਸੈਂਟਰ ਸੁਰੱਖਿਅਤ ਨਹੀਂ ਹਨ। ਐੱਸ.ਸੀ.ਓ. ਨੂੰ ਅਜਿਹੇ ਦੇਸ਼ਾਂ ਦੀ ਆਲੋਚਨਾ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ। ਭਾਰਤ ਚਾਹੁੰਦਾ ਸੀ ਕਿ ਇਸ ਬਿਆਨ 'ਚ ਅੱਤਵਾਦ ਅਤੇ ਉਸ ਨਾਲ ਜੁੜੀਆਂ ਚਿੰਤਾਵਾਂ ਨੂੰ ਸਪੱਸ਼ਟ ਤੌਰ 'ਤੇ ਸ਼ਾਮਲ ਕੀਤਾ ਜਾਵੇ ਪਰ ਇਕ ਖਾਸ ਦੇਸ਼ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਭਾਰਤ ਦੇ ਰੱਖਿਆ ਮੰਤਰੀ ਨੇ ਆਪਣੇ ਭਾਸ਼ਣ 'ਚ ਸਾਰੇ 11 ਦੇਸ਼ਾਂ ਨੂੰ ਅੱਤਵਾਦ ਖਿਲਾਫ ਇਕਜੁੱਟ ਹੋ ਕੇ ਲੜਨ ਦੀ ਅਪੀਲ ਕੀਤੀ।

## ਆਸ਼ੀਸ਼ ਸੂਦ ਨੇ ਗੁਜਰਾਤ ਦੇ ਸੂਰਤ ਸ਼ਹਿਰ ਵਿੱਚ ਚਲਾਈ ਜਾ ਰਹੀ ਨਵੀਂ ਸਿੱਖਿਆ ਪ੍ਰਣਾਲੀ ਦੀ ਸਮੀਖਿਆ ਕੀਤੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 28 ਜੂਨ। ਗੁਜਰਾਤ ਰਾਜ ਦੀ ਤਰਜ਼ 'ਤੇ, ਦਿੱਲੀ ਦੇ ਸਕੂਲਾਂ ਵਿੱਚ ਏਆਈ, ਸਮਾਰਟ ਬੋਰਡ ਅਤੇ ਰੋਬੋਟਿਕਸ ਵਰਗੀਆਂ ਅਤਿ-ਆਧੁਨਿਕ ਸਹੂਲਤਾਂ ਵਾਲੀ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ। ਦਿੱਲੀ ਦੇ ਗ੍ਰਹਿ, ਊਰਜਾ, ਉੱਚ ਸਿੱਖਿਆ, ਸਿਖਲਾਈ ਅਤੇ ਤਕਨੀਕੀ ਸਿੱਖਿਆ ਅਤੇ ਸ਼ਹਿਰੀ ਵਿਕਾਸ ਮੰਤਰੀ ਸ਼੍ਰੀ ਆਸ਼ੀਸ਼ ਸੂਦ ਨੇ ਅੱਜ ਗੁਜਰਾਤ ਵਿੱਚ ਆਪਣੇ ਵਿਦਿਅਕ ਦੌਰੇ ਦੌਰਾਨ ਗੁਜਰਾਤ ਦੇ ਸੂਰਤ ਸ਼ਹਿਰ ਵਿੱਚ ਚਲਾਈ ਜਾ ਰਹੀ ਨਵੀਂ ਸਿੱਖਿਆ ਪ੍ਰਣਾਲੀ ਦਾ ਜਾਇਜ਼ਾ ਲਿਆ। ਇਸ ਮੌਕੇ ਸ਼੍ਰੀ ਸੂਦ ਨੇ ਸੂਰਤ ਨਗਰ ਨਿਗਮ ਅਧੀਨ ਚਲਾਏ ਜਾ ਰਹੇ ਸੁਮਨ ਹਾਈ ਸਕੂਲ ਨੰਬਰ 6 ਉਧਨਾ ਵਿਦਿਆਲਿਆ ਦਾ ਵੀ ਦੌਰਾ ਕੀਤਾ। ਸਿੱਖਿਆ ਮੰਤਰੀ ਨੇ ਸਕੂਲ ਦੀਆਂ ਵੱਖ-ਵੱਖ ਕਲਾਸਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨੂੰ ਸਮਾਰਟ ਬੋਰਡਾਂ ਰਾਹੀਂ ਸਿੱਖਿਆ ਪ੍ਰਾਪਤ ਕਰਨ ਦੀ ਪ੍ਰਕਿਰਿਆ ਦਾ ਨਿਰੀਖਣ ਕੀਤਾ। ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਸਮਾਰਟ ਬੋਰਡਾਂ ਦੀ ਉਪਯੋਗਤਾ ਅਤੇ ਉਨ੍ਹਾਂ ਤੋਂ ਉਪਲਬਧ ਵਿਦਿਅਕ ਸਹੂਲਤਾਂ ਬਾਰੇ ਪੁੱਛਗਿੱਛ ਕੀਤੀ। ਸ਼੍ਰੀ ਸੂਦ ਨੇ ਸਕੂਲ ਦੀ ਏਆਈ ਅਤੇ ਰੋਬੋਟਿਕਸ ਲੈਬ ਦਾ ਵੀ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ



ਵਿਦਿਆਰਥੀਆਂ ਵੱਲੋਂ ਡਰੋਨ, 3ਡੀ ਪ੍ਰਿੰਟਰ, ਐਡਵਾਂਸਡ ਸੈਂਸਰ ਸੁਰੱਖਿਆ ਵਰਗੇ ਵਿਸ਼ਿਆਂ 'ਤੇ ਕੀਤੇ ਜਾ ਰਹੇ ਵਿਹਾਰਕ ਕੰਮ ਦਾ ਮੁਆਇਨਾ ਕੀਤਾ। ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ, ਸ਼੍ਰੀ ਸੂਦ ਨੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਗੁਜਰਾਤ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਸਿੱਖਿਆ ਮੰਤਰੀ ਨੇ ਕਿਹਾ ਕਿ ਗੁਜਰਾਤ ਰਾਜ ਦੀ ਤਰਜ਼ 'ਤੇ, ਦਿੱਲੀ ਦੇ ਸਕੂਲਾਂ ਵਿੱਚ ਏਆਈ, ਸਮਾਰਟ ਬੋਰਡ ਅਤੇ ਰੋਬੋਟਿਕਸ ਵਰਗੀਆਂ ਅਤਿ-ਆਧੁਨਿਕ ਸਹੂਲਤਾਂ ਵਾਲੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਜਾਵੇਗੀ। ਸ਼੍ਰੀ ਸੂਦ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਸ ਨਾਲ ਨਾ ਸਿਰਫ਼ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਹੋਵੇਗਾ ਬਲਕਿ ਬੱਚਿਆਂ ਨੂੰ ਨਵੀਆਂ ਤਕਨੀਕਾਂ ਦਾ ਗਿਆਨ ਵੀ ਮਿਲੇਗਾ। ਗੁਜਰਾਤ ਵਿੱਚ ਸਿੱਖਿਆ ਦੇ ਸਭ ਤੋਂ ਵਧੀਆ ਮਾਡਲਾਂ ਦਾ ਅਧਿਐਨ ਕਰਦੇ ਹੋਏ, ਸ਼੍ਰੀ ਆਸ਼ੀਸ਼ ਸੂਦ ਨੇ ਦਿੱਲੀ ਮਾਡਲ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਸ਼ਰਾਬ ਘੁਟਾਲੇ ਵਿੱਚ ਜੇਲ੍ਹ ਜਾਣ ਵਾਲਾ ਸਵੈ-ਘੋਸ਼ਿਤ ਦਿੱਲੀ ਮਾਡਲ ਅਤੇ ਇਸਦੇ ਸਵੈ-ਘੋਸ਼ਿਤ ਆਮ ਆਦਮੀ ਪਾਰਟੀ ਦੇ ਸਿੱਖਿਆ ਮੰਤਰੀ ਪੂਰੀ ਤਰ੍ਹਾਂ ਅਸਫਲ ਹੋ ਗਏ ਹਨ। ਦੇਸ਼ ਦੀ ਰਾਜਧਾਨੀ ਹੋਣ ਦੇ ਬਾਵਜੂਦ, ਜਿੱਥੇ ਸਾਰੇ ਸਾਧਨ ਉਪਲਬਧ ਹਨ, ਦਿੱਲੀ ਵਿੱਚ ਸਰਕਾਰੀ ਸਕੂਲਾਂ ਵਿੱਚ ਸਿਰਫ਼ ਕੁਝ ਸੌ ਸਮਾਰਟ ਬੋਰਡ ਲਗਾਏ ਗਏ ਹਨ। ਦੂਜੇ ਪਾਸੇ, ਗੁਜਰਾਤ ਵਰਗੇ ਰਾਜ ਵਿੱਚ, ਜਿੱਥੇ ਹਰ ਸਾਲ ਕਈ ਜ਼ਿਲ੍ਹਿਆਂ ਵਿੱਚ ਬਾਰਿਸ਼ ਵਰਗੀਆਂ ਕੁਦਰਤੀ ਆਫ਼ਤਾਂ ਆਉਂਦੀਆਂ ਹਨ, ਇੱਕ ਲੱਖ ਤੋਂ ਵੱਧ ਸਮਾਰਟ ਕਲਾਸਰੂਮ ਸਫਲਤਾਪੂਰਵਕ ਬਣਾਏ ਗਏ ਹਨ। ਇਹ ਅਖੌਤੀ ਦਿੱਲੀ ਮਾਡਲ ਦੀ ਅਸਫਲਤਾ ਨੂੰ ਪੂਰੀ ਤਰ੍ਹਾਂ ਉਜਾਗਰ ਕਰਦਾ ਹੈ। ਸ੍ਰੀ ਸੂਦ ਦੇ ਦੌਰੇ ਦਾ ਉਦੇਸ਼ ਰਾਸ਼ਟਰੀ ਸਿੱਖਿਆ ਨੀਤੀ (NEP) 2020 ਦੇ ਲਾਗੂਕਰਨ ਅਤੇ ਵੱਖ-ਵੱਖ ਰਾਜਾਂ ਦੁਆਰਾ ਅਪਣਾਏ ਗਏ ਸਭ ਤੋਂ ਵਧੀਆ ਵਿਦਿਅਕ ਅਭਿਆਸਾਂ ਨੂੰ ਦੇਖਣਾ ਸੀ। ਉਨ੍ਹਾਂ ਕਿਹਾ ਕਿ ਗੁਜਰਾਤ ਨੇ ਸਰਕਾਰੀ ਸਕੂਲਾਂ ਵਿੱਚ ਜੋ ਬਦਲਾਅ ਕੀਤੇ ਹਨ ਉਹ ਸ਼ਲਾਘਾਯੋਗ ਹਨ ਅਤੇ ਹੋਰ ਰਾਜਾਂ ਨੂੰ ਵੀ ਇਸ ਤੋਂ ਸਿੱਖਣਾ ਚਾਹੀਦਾ ਹੈ। ਇਸ ਮੌਕੇ ਸੂਰਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ, ਸ਼ਹਿਰ ਪ੍ਰਾਇਮਰੀ ਸਿੱਖਿਆ ਕਮੇਟੀ ਦੇ ਪ੍ਰਸ਼ਾਸਨਿਕ ਅਧਿਕਾਰੀ, ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਅਧਿਕਾਰੀ ਅਤੇ ਸਕੂਲ ਦੇ ਪ੍ਰਸ਼ਾਸਨਿਕ ਅਧਿਕਾਰੀ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਸਿੱਖਿਆ ਖ਼ੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕਰ ਰਹੇ ਹਾਂ : ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ

ਚੰਡੀਗੜ੍ਹ 28 ਜੂਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿਚ ਸਿੱਖਿਆ ਖ਼ੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਉੱਤੇ ਚੱਲ ਰਹੀ ਹੈ। ਨੀਟ ਪ੍ਰੀਖਿਆ ਪਾਸ ਕਰਨ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਰੱਖੇ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਖ਼ੇਤਰ ਵਿਚ ਪਿਛਲੇ ਤਿੰਨ ਸਾਲਾਂ ਵਿਚ ਮਿਸਾਲੀ ਤਬਦੀਲੀ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕ੍ਰਾਂਤੀਕਾਰੀ ਕਦਮਾਂ ਨਾਲ ਸਿੱਖਿਆ ਖ਼ੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ, ਜਿਸ ਕਾਰਨ ਇਨ੍ਹੀਂ ਦਿਨੀਂ ਵਿਦਿਆਰਥੀ ਹਰੇਕ ਖ਼ੇਤਰ ਵਿਚ ਸਫ਼ਲਤਾ ਦੇ ਝੰਡੇ ਗੱਡ ਰਹੇ ਹਨ। ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਸਰਕਾਰੀ ਸਕੂਲਾਂ ਦੇ 509 ਵਿਦਿਆਰਥੀਆਂ ਨੇ ਨੀਟ ਦੀ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਸਨਅਤ, ਖੇਡਾਂ ਤੇ ਨੌਕਰੀਆਂ ਦੇ ਨਾਲ-ਨਾਲ ਨਸ਼ਿਆਂ ਦਾ ਖ਼ਾਤਮਾ ਸੂਬਾ ਸਰਕਾਰ ਦੇ ਤਰਜੀਹੀ ਖ਼ੇਤਰਾਂ ਵਿਚੋਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਦਫ਼ਾ ਸੂਬਾ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਦੇ ਰੂਪ ਵਿਚ ਵਿਆਪਕ ਲੋਕ ਲਹਿਰ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿਚੋਂ ਨਸ਼ਿਆਂ ਦੇ ਖ਼ਤਰੇ ਦੀ ਜੜ੍ਹ ਵੱਢਣ ਲਈ ਹਰ ਹਰਬਾ ਵਰਤੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਸੂਬਾ



ਸਰਕਾਰ ਵੱਲੋਂ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਆਪਣੀ ਸਖ਼ਤ ਮਿਹਨਤ ਤੇ ਘਾਲਣਾ ਨਾਲ ਇਸ ਅਹਿਮ ਪ੍ਰੀਖਿਆ ਨੂੰ ਪਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਹੁਣ ਪੂਰੇ ਸਮਾਜ ਲਈ ਆਦਰਸ਼ ਬਣਨਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ 70 ਸਾਲਾਂ ਤੋਂ ਫੈਲਾਈ ਬਦਅਮਨੀ ਨੂੰ ਦਰੁਸਤ ਕਰਨ ਲਈ ਸਰਕਾਰ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਕੰਮ ਸ਼ੁਰੂ ਕੀਤਾ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਦਾਸੀਨ ਰਵੱਈਏ ਕਾਰਨ ਸਾਡੇ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਰਾਹੀਂ ਮਾਪਿਆਂ ਦੇ ਸੁਫਨੇ ਸਾਕਾਰ ਹੋ ਰਹੇ ਹਨ, ਜੋ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਰਹੇ ਹਨ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਸਹੀ ਮੌਕੇ ਮੁਹੱਈਆ ਨਹੀਂ ਕੀਤੇ, ਜਿਸ ਕਾਰਨ ਜ਼ਿਆਦਾਤਰ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਸਿਆਸੀ ਆਗੂਆਂ ਦੇ ਚੋਣਾਂ ਲੜਨ ਲਈ ਉਮਰ ਦੀ ਕੋਈ ਹੱਦ ਨਹੀਂ, ਸਗੋਂ ਸਰਕਾਰੀ ਨੌਕਰੀਆਂ ਲੈਣ ਲਈ ਉਮਰ ਹੱਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਊਂਸੀਪਲ ਭਵਨ, ਜਿੱਥੇ ਅੱਜ ਦਾ ਸਮਾਗਮ ਹੋ ਰਿਹਾ ਹੈ, ਉਹ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਦਾ ਗਵਾਹ ਹੈ, ਜਿਸ ਕਾਰਨ ਇਸ ਭਵਨ ਦਾ ਨਾਮ ਹੀ 'ਨਿਯੁਕਤੀ ਪੱਤਰ ਭਵਨ' ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਬੇਹੱਦ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸਰਕਾਰ ਨੇ 54 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉੱਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

## ਵਿਆਹ ਦਾ ਪ੍ਰਸਤਾਵ ਨੂੰ ਠੁਕਰਾਉਣ 'ਤੇ ਹੋਇਆ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ: ਕੋਲਕਾਤਾ ਪੁਲਸ

ਕੌਮੀ ਪਤ੍ਰਿਕਾ

ਕੋਲਕਾਤਾ 28 ਜੂਨ। ਕੋਲਕਾਤਾ ਵਿਚ ਇਕ ਲਾਅ ਕਾਲਜ ਦੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ ਵਿਚ ਪੁਲਸ ਨੂੰ ਸ਼ੱਕ ਹੈ ਕਿ ਮੁਲਜ਼ਮ ਨੇ ਵਿਆਹ ਦਾ ਪ੍ਰਸਤਾਵ ਠੁਕਰਾਉਣ ਤੋਂ ਬਾਅਦ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ। ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਇਸ ਗੱਲ ਦਾ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਘਟਨਾ ਪਹਿਲਾਂ ਤੋਂ ਯੋਜਨਾਬੱਧ ਸੀ ਜਾਂ ਨਹੀਂ। ਅਧਿਕਾਰੀ ਨੇ ਕਿਹਾ, ਘਟਨਾ ਦੇ ਕ੍ਰਮ ਨੂੰ ਦੇਖਦਿਆਂ, ਇਹ ਜਾਪਦਾ ਹੈ ਕਿ ਮੁੱਖ ਦੋਸ਼ੀ ਦੇ ਵਿਆਹ ਦੇ ਪ੍ਰਸਤਾਵ ਨੂੰ ਠੁਕਰਾ ਦੇਣ ਤੋਂ ਬਾਅਦ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਹਾਲਾਤੀ ਸਬੂਤਾਂ ਦੁਆਰਾ ਇਸਦੀ ਪੁਸ਼ਟੀ ਹੋ ??ਗਈ ਹੈ। ਅਧਿਕਾਰੀ ਨੇ ਦੱਸਿਆ ਕਿ ਇਹ ਯੋਜਨਾਬੱਧ ਅਪਰਾਧ ਸੀ ਜਾਂ ਅਚਾਨਕ ਹੋਇਆ, ਇਹ ਅਜੇ ਤੱਕ ਸਾਬਤ ਨਹੀਂ ਹੋਇਆ। ਉਹਨਾਂ ਕਿਹਾ ਕਿ ਪੀੜਤ ਕੁੜੀ ਨੇ ਤਿੰਨਾਂ ਮੁਲਜ਼ਮਾਂ ਨੂੰ ਦੱਸਿਆ ਸੀ ਕਿ ਉਸ ਦਾ ਇਕ ਪ੍ਰੇਮੀ ਹੈ ਅਤੇ ਉਹ ਉਸ ਦੇ ਨਾਲ ਖ਼ੁਸ਼ ਹੈ। ਉਹ ਉਸ ਨੂੰ ਧੋਖਾ ਨਹੀਂ ਦੇਵੇਗੀ। ਅਧਿਕਾਰੀ ਨੇ ਕਿਹਾ ਕਿ ਪੀੜਤਾ ਨੇ ਦੋਸ਼ ਲਗਾਇਆ ਕਿ ਇਸ ਤੋਂ ਬਾਅਦ ਤਿੰਨਾਂ ਨੇ ਮੁੱਖ ਦੋਸ਼ੀ ਦਾ ਵਿਰੋਧ ਜਾਰੀ ਰੱਖਣ 'ਤੇ ਲੜਕੀ ਦੇ ਪ੍ਰੇਮੀ ਨੂੰ ਜਾਨੋਂ ਮਾਰਨ ਅਤੇ ਉਸਦੇ (ਲੜਕੀ ਦੇ) ਮਾਪਿਆਂ ਵਿਰੁੱਧ ਝੂਠੇ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਉਨ੍ਹਾਂ ਕਿਹਾ, ਹਰ ਪਹਿਲੂ ਦੀ ਜਾਂਚ ਕੀਤੀ ਜਾ ਰਹੀ ਹੈ। ਅਸੀਂ ਤਿੰਨਾਂ ਮੁਲਜ਼ਮਾਂ ਅਤੇ ਪੀੜਤਾ ਦੇ ਕਾਲ ਵੇਰਵਿਆਂ ਦੀ ਵੀ ਜਾਂਚ ਕਰ ਰਹੇ ਹਾਂ। ਮੈਡੀਕਲ ਜਾਂਚ ਵਿੱਚ ਇੱਕ ਲਾਅ ਕਾਲਜ ਦੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ 'ਸਾਊਥ ਕਲਕੱਤਾ ਲਾਅ ਕਾਲਜ' ਦੀ ਪਹਿਲੇ ਸਾਲ ਦੀ ਵਿਦਿਆਰਥਣ ਨੇ ਦੋਸ਼ ਲਗਾਇਆ ਕਿ 25 ਜੂਨ ਦੀ ਸ਼ਾਮ ਨੂੰ ਸੰਸਥਾ ਦੀ ਇੱਕ ਸਾਬਕਾ ਵਿਦਿਆਰਥਣ ਅਤੇ ਦੋ ਸੀਨੀਅਰ ਵਿਦਿਆਰਥੀਆਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਸੀ। ਤਿੰਨੋਂ ਮੁਲਜ਼ਮਾਂ ਨੂੰ ਵੀਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸੇ ਦਿਨ ਲੜਕੀ ਦੀ ਡਾਕਟਰੀ ਜਾਂਚ ਵੀ ਕੀਤੀ ਗਈ ਸੀ। ਵਿਦਿਆਰਥਣ ਦੇ ਗੁਪਤ ਅੰਗਾਂ ਅਤੇ ਪੱਟਾਂ ਦੇ ਨੇੜੇ ਬਾਹਰੀ ਸੱਟਾਂ ਦੇ ਨਿਸ਼ਾਨ ਹਨ, ਨਾਲ ਹੀ ਉਸਦੀ ਗਰਦਨ ਦੁਆਲੇ ਸੱਟਾਂ ਦੇ ਨਿਸ਼ਾਨ ਹਨ।

## ਗਰੀਬਾਂ ਤੋਂ ਸੁਪਨਾ ਦੇਖਣ ਦਾ ਹੱਕ ਵੀ ਖੋਹ ਲਿਆ ਗਿਆ : ਰਾਹੁਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 28 ਜੂਨ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮੁੰਬਈ ਵਿਚ ਘਰਾਂ ਦੀਆਂ ਵਧਦੀਆਂ ਕੀਮਤਾਂ ਬਾਰੇ ਖ਼ਬਰਾਂ ਦਾ ਹਵਾਲਾ ਦਿੰਦੇ ਹੋਏ ਵੀਰਵਾਰ ਨੂੰ ਦਾਅਵਾ ਕੀਤਾ ਕਿ ਹੁਣ ਗਰੀਬਾਂ ਤੋਂ ਸੁਪਨਾ ਦੇਖਣ ਦਾ ਹੱਕ ਵੀ ਖੋਹ ਲਿਆ ਗਿਆ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ



ਗਾਂਧੀ ਨੇ ਆਪਣੇ ਵ?ਹਟਸਐਪ ਚੈਨਲ 'ਤੇ ਇਕ ਅਖ਼ਬਾਰ ਦੀ ਰਿਪੋਰਟ ਸਾਂਝੀ ਕੀਤੀ ਅਤੇ ਪੋਸਟ ਕੀਤਾ ਕਿ ਹਾਂ, ਤੁਸੀਂ ਸਹੀ ਪੜ੍ਹ ਆ-ਅਤੇ ਜੇਕਰ ਯਕੀਨ ਨਹੀਂ ਹੋ ਰਿਹਾ, ਤਾਂ ਦੁਹਰਾਅ ਦਿੰਦਾ ਹਾਂ ਕਿ ਮੁੰਬਈ ਵਿਚ ਘਰ ਖਰੀਦਣ ਲਈ ਭਾਰਤ ਦੇ ਸਭ ਤੋਂ ਅਮੀਰ 5 ਫੀਸਦੀ ਨੂੰ ਵੀ 109 ਸਾਲਾਂ ਲਈ ਆਪਣੀ ਆਮਦਨ ਦਾ 30 ਫੀਸਦੀ ਬਚਾਉਣਾ ਪਵੇਗਾ। ਉਨ੍ਹਾਂ ਕਿਹਾ ਕਿ ਇਹੋ ਹਾਲ ਜ਼ਿਆਦਾਤਰ ਵੱਡੇ ਸ਼ਹਿਰਾਂ ਦਾ ਹੈ, ਜਿਥੇ ਤੁਸੀਂ ਮੌਕੇ ਅਤੇ ਸਫਲਤਾ ਦੀ ਭਾਲ ਵਿਚ ਅੱਡੀਆਂ ਘਸਾ ਦਿੰਦੇ ਹੋ ਅਤੇ ਕਿਥੋਂ ਆਏਗੀ ਇੰਨੀ ਬੱਚਤ? ਕਾਂਗਰਸ ਆਗੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗਰੀਬ ਅਤੇ ਮਿਡਲ ਕਲਾਸ ਦੀ ਵਿਰਾਸਤ ਦੌਲਤ ਨਹੀਂ, ਜ਼ਿੰਮੇਵਾਰੀਆਂ ਹੁੰਦੀਆਂ ਹਨ, ਜਿਵੇਂ ਕਿ ਬੱਚਿਆਂ ਦੀ ਮਹਿੰਗੀ ਸਿੱਖਿਆ, ਮਹਿੰਗੇ ਇਲਾਜ ਦੀ ਚਿੰਤਾ, ਮਾਤਾ-ਪਿਤਾ ਦੀ ਜ਼ਿੰਮੇਵਾਰੀ ਜਾਂ ਪਰਿਵਾਰ ਲਈ ਛੋਟੀ ਜਿਹੀ ਗੱਡੀ। ਫਿਰ ਵੀ ਦਿਲਾਂ ਵਿਚ ਰਹਿੰਦਾ ਹੈ ਇਕ ਸੁਪਨਾ-'ਇਕ ਦਿਨ' ਇਕ ਘਰ ਹੋਵੇਗਾ ਆਪਣਾ। ਰਾਹੁਲ ਗਾਂਧੀ ਨੇ ਕਿਹਾ ਕਿ ਜਦੋਂ ਉਹ 'ਇਕ ਦਿਨ' ਅਮੀਰਾਂ ਲਈ ਵੀ 109 ਸਾਲ ਦੂਰ ਹੋਏ, ਤਾਂ ਸਮਝੋ ਗਰੀਬਾਂ ਤੋਂ ਸੁਪਨਿਆਂ ਦਾ ਵੀ ਹੱਕ ਖੋਹ ਲਿਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਪਰਿਵਾਰ ਦੀ ਲੋੜ ਹੈ, ਸਕੂਨ ਵਾਲੀ ਚਾਰਦੀਵਾਰੀ ਅਤੇ ਸਿਰ ਢਕਣ ਵਾਲੀ ਛੱਤ-ਪਰ ਅਫਸੋਸ ਕਿ ਤੁਹਾਡੀ ਪੂਰੀ ਜ਼ਿੰਦਗੀ ਦੀ ਮਿਹਨਤ ਅਤੇ ਬੱਚਤ ਤੋਂ ਵੀ ਜ਼ਿਆਦਾ ਹੈ ਉਸਦੀ ਕੀਮਤ। ਰਾਹੁਲ ਨੇ ਕਿਹਾ ਕਿ ਜਦੋਂ ਅਗਲੀ ਵਾਰ ਕੋਈ ਤੁਹਾਨੂੰ ਕੁੱਲ ਘਰੇਲੂ ਉਤਪਾਦ ਦੇ ਅੰਕੜੇ ਸੁਣਾਏ ਤਾਂ ਉਨ੍ਹਾਂ ਨੂੰ ਆਪਣੇ ਘਰੇਲੂ ਬਜਟ ਦੀ ਸੱਚਾਈ ਦਿਖਾਓ-ਹੋਰ ਪੁੱਛੋ, ਇਹ ਅਰਥਵਿਵਸਥਾ ਕਿਸ ਦੇ ਲਈ ਹੈ?

## ਐਮਰਜੈਂਸੀ ਦੌਰਾਨ ਔਰਤਾਂ ਨੂੰ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ: ਨਾਇਬ ਸਿੰਘ ਸੈਣੀ

ਕੌਮੀ ਪਤ੍ਰਿਕਾ

ਚੰਡੀਗੜ੍ਹ, 28 ਜੂਨ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਐਮਰਜੈਂਸੀ ਦੌਰਾਨ ਔਰਤਾਂ ਨੇ ਵੀ ਲੋਕਤੰਤਰ ਘੁਲਾਟੀਆਂ ਵਾਂਗ ਹੀ ਅੱਤਿਆਚਾਰ ਝੱਲੇ ਅਤੇ ਇਸ ਕਾਲੇ ਦੌਰ ਦਾ ਬਹਾਦਰੀ ਨਾਲ ਸਾਹਮਣਾ ਕੀਤਾ। ਰਾਸ਼ਟਰੀ ਹਿੱਤ ਵਿੱਚ ਲੋਕਤੰਤਰ ਦੇ ਪਹਿਰੇਦਾਰਾਂ ਵਜੋਂ ਔਰਤਾਂ ਦੁਆਰਾ ਪਾਏ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਲੋਕਤੰਤਰ ਦੇ ਕਾਲੇ ਅਧਿਆਏ ਨੂੰ ਲੋਕਾਂ ਤੱਕ ਫੈਲਾਉਣ ਦਾ ਸੱਦਾ ਦਿੱਤਾ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸਨੂੰ ਯਾਦ ਰੱਖਣ ਅਤੇ ਇਸ ਤੋਂ ਜਾਣੂ ਰਹਿਣ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਸ਼ਨੀਵਾਰ ਨੂੰ ਗੁਰੂਗ੍ਰਾਮ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਐਮਰਜੈਂਸੀ ਦੀ 50ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਿਤ ਮਹਿਲਾ ਮੌਕ ਪਾਰਲੀਮੈਂਟ ਨੂੰ ਸੰਬੋਧਨ ਕਰ ਰਹੇ ਸਨ । ਇਸ ਦੌਰਾਨ, ਮੁੱਖ ਮੰਤਰੀ ਨੇ ਮੌਕ ਪਾਰਲੀਮੈਂਟ ਦੀ ਕਾਰਵਾਈ ਵੀ ਦੇਖੀ। ਉਨ੍ਹਾਂ ਕਿਹਾ ਕਿ ਮਹਿਲਾ ਸਸ਼ਕਤੀਕਰਨ ਨੂੰ ਸਮਰਪਿਤ ਇਹ ਮੌਕ ਪਾਰਲੀਮੈਂਟ ਸੈਸ਼ਨ ਐਮਰਜੈਂਸੀ ਦੌਰਾਨ ਔਰਤਾਂ 'ਤੇ ਹੋਏ ਅੱਤਿਆਚਾਰਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਸਲਾਮ ਕਰਨ ਦਾ ਦਿਨ ਹੈ। ਉਨ੍ਹਾਂ ਨੇ ਐਮਰਜੈਂਸੀ ਦੌਰਾਨ ਅੱਤਿਆਚਾਰਾਂ ਦਾ ਵਿਰੋਧ ਕਰਨ ਵਾਲੇ ਲੋਕਤੰਤਰ ਸੈਨਾਨੀਆਂ ਨੂੰ ਵੀ ਸਨਮਾਨਿਤ ਕੀਤਾ। ਸਨਮਾਨਿਤ ਕਰਨ ਵਾਲਿਆਂ ਵਿੱਚ ਲੋਕਤੰਤਰ ਸੈਨਾਨੀ ਸੰਗਠਨ ਦੇ ਸੂਬਾ ਪ੍ਰਧਾਨ ਸ਼੍ਰੀ ਮਹਾਵੀਰ ਭਾਰਦਵਾਜ , ਸ਼੍ਰੀ ਐਸ.ਬੀ. ਗੁਪਤਾ ਅਤੇ ਸ਼੍ਰੀਚੰਦ ਗੁਪਤਾ ਸ਼ਾਮਲ ਸਨ। ਲੋਕਤੰਤਰ ਨੂੰ ਮਾਰਨ ਵਾਲਿਆਂ ਵਿਰੁੱਧ ਔਰਤਾਂ ਦੀ ਭੂਮਿਕਾ ਸ਼ਲਾਘਾਯੋਗ ਹੈ ਸ਼੍ਰੀ ਨਾਇਬ




ਸਿੰਘ ਸੈਣੀ ਨੇ ਕਿਹਾ ਕਿ ਜਦੋਂ ਦੇਸ਼ ਵਿੱਚ ਐਮਰਜੈਂਸੀ ਲਗਾਈ ਗਈ ਸੀ, ਤਾਂ ਨਾ ਤਾਂ ਦੇਸ਼ ਵਿੱਚ ਕੋਈ ਅਸਥਿਰਤਾ ਸੀ ਅਤੇ ਨਾ ਹੀ ਕੋਈ ਕੁਦਰਤੀ ਆਫ਼ਤ, ਪਰ ਕਾਂਗਰਸ ਸਰਕਾਰ ਨੇ ਆਪਣੇ ਸਵਾਰਥ ਅਤੇ ਤੰਗਦਿਲੀ ਲਈ ਦੇਸ਼ ਦੇ ਲੋਕਾਂ 'ਤੇ ਜ਼ਬਰਦਸਤੀ ਐਮਰਜੈਂਸੀ ਲਗਾਈ। 50 ਸਾਲ ਪਹਿਲਾਂ ਲਗਾਈ ਗਈ ਐਮਰਜੈਂਸੀ ਵਿੱਚ ਨਾ ਸਿਰਫ਼ ਰਾਜਨੀਤਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ, ਸਗੋਂ ਔਰਤਾਂ ਦੀ ਆਜ਼ਾਦੀ , ਮਾਣ ਅਤੇ ਅਧਿਕਾਰਾਂ 'ਤੇ ਸਭ ਤੋਂ ਭਿਆਨਕ ਹਮਲਾ ਕੀਤਾ ਗਿਆ। ਔਰਤਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਦੀ ਆਵਾਜ਼ ਨੂੰ ਦਬਾ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਘਰਾਂ ਵਿੱਚ ਕੈਦ ਕਰ ਦਿੱਤਾ ਗਿਆ। ਸਿਰਫ਼ ਇਸ ਲਈ ਕਿਉਂਕਿ ਉਹ ਸਰਕਾਰ ਦੇ ਅਨਿਆਂ ਵਿਰੁੱਧ ਬੋਲਣਾ ਚਾਹੁੰਦੀਆਂ ਸਨ। ਇਹ ਉਹ ਸਮਾਂ ਸੀ ਜਦੋਂ ਲੋਕਤੰਤਰ ਦੇ ਨਾਲ-ਨਾਲ ਔਰਤਾਂ ਦੀ ਇੱਜ਼ਤ ਦਾ ਵੀ ਗਲਾ ਘੁੱਟਿਆ ਗਿਆ ਸੀ। ਉਨ੍ਹਾਂ ਕਿਹਾ ਕਿ ' ਮਹਿਲਾ ਮੌਕ ਪਾਰਲੀਮੈਂਟ ' ਵਰਗੇ ਮਹੱਤਵਪੂਰਨ ਅਤੇ ਸੋਚ-ਸਮਝ ਕੇ ਕੀਤੇ ਗਏ ਪ੍ਰੋਗਰਾਮ ਦਾ ਆਯੋਜਨ ਉਸ ਸਮੇਂ ਦੌਰਾਨ ਕੀਤੇ ਗਏ ਅਣਮਨੁੱਖੀ ਕੰਮਾਂ ਨੂੰ ਯਾਦ ਕਰਨ ਦਾ ਦਿਨ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਲੋਕਤੰਤਰ ਦਾ ਇੱਕ ਕਾਲਾ ਅਧਿਆਇ ਰਿਹਾ ਹੈ ਅਤੇ ਐਮਰਜੈਂਸੀ ਦੌਰਾਨ ਹਰ ਵਿਅਕਤੀ ਨੂੰ ਅੰਗਰੇਜ਼ਾਂ ਨਾਲੋਂ ਵੱਧ ਤਸੀਹੇ ਦਿੱਤੇ ਗਏ ਸਨ।

Contd............... page-3

# ਖੇਤੀਬਾੜੀ ਵਿਭਾਗ ਦਾ ਵੱਡਾ ਹੰਭਲਾ, ਜ਼ਿਲ੍ਹੇ ਅੰਦਰ ਇੱਕੋ ਦਿਨ 'ਚ 42 ਕੈਂਪ ਲਗਾ ਕੇ ਕਿਸਾਨਾਂ ਨੂੰ ਕੀਤਾ ਜਾਗਰੂਕ

ਗੁਰਦਾਸਪੁਰ 28 ਜੂਨ। ਖੇਤੀਬਾੜੀ ਦੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅੰਦਰ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਸਮੁੱਚੇ ਜ਼ਿਲ੍ਹੇ ਅੰਦਰ ਵਿਭਾਗ ਦੀਆਂ ਵੱਖ-ਵੱਖ ਟੀਮਾਂ ਨੇ 42 ਕਿਸਾਨ ਜਾਗਰੂਕਤਾ ਕੈਂਪ ਲਗਾ ਕੇ ਵੱਡਾ ਹੰਭਲਾ ਮਾਰਿਆ ਹੈ। ਇਨ੍ਹਾਂ ਕੈਂਪਾਂ ਦੌਰਾਨ ਕਿਸਾਨਾਂ ਨੂੰ ਵੱਖ-ਵੱਖ ਤਕਨੀਕੀ ਜਾਣਕਾਰੀ ਦੇ ਕੇ ਫਸਲਾਂ ਦੀ ਕਾਸ਼ਤ ਸਬੰਧੀ ਜਾਗਰੂਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਸਮੁੱਚੇ ਜ਼ਿਲ੍ਹੇ ਅੰਦਰ ਵੱਖ-ਵੱਖ ਬਲਾਕਾਂ ਦੇ ਵੱਖ-ਵੱਖ ਸਰਕਲਾਂ ਵਿੱਚ ਹਰੇਕ ਬੁੱਧਵਾਰ ਅਤੇ ਸ਼ੁੱਕਰਵਾਰ ਵਾਲੇ ਦਿਨ ਘੱਟੋ-ਘੱਟ ਇੱਕ-ਇੱਕ ਕੈਂਪ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਸ਼ੁੱਕਰਵਾਰ ਨੂੰ ਪੂਰੇ ਜ਼ਿਲ੍ਹੇ ਅੰਦਰ 42 ਕੈਂਪ ਲਗਾਏ ਗਏ ਹਨ ਅਤੇ ਵੱਖ-ਵੱਖ ਖੇਤੀ ਅਧਿਕਾਰੀਆਂ ਨੇ ਆਪਣੇ-ਆਪਣੇ ਸਰਕਲਾਂ ਦੇ ਇੱਕ-ਇੱਕ ਪਿੰਡ ਵਿੱਚ ਪਹੁੰਚ ਕੇ ਕਿਸਾਨਾਂ ਨੂੰ ਖੇਤੀਬਾੜੀ ਨਾਲ ਸਬੰਧਤ ਅਹਿਮ ਜਾਣਕਾਰੀ ਤੋਂ ਜਾਣੂ ਕਰਵਾਇਆ ਹੈ। ਉਨਾਂ ਕਿਹਾ ਕਿ ਇਸ ਮੌਕੇ ਕਿਸਾਨਾਂ ਨੂੰ ਮੰਦਹਾਲੀ ਦੇ ਦੌਰ ਵਿੱਚੋਂ ਕੱਢਣ ਲਈ ਬਹੁਤ ਵੱਡੇ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਖਾਸ ਤੌਰ 'ਤੇ ਕਿਸਾਨਾਂ ਨੂੰ ਖੇਤੀ ਖਰਚੇ ਘਟਾਉਣ ਅਤੇ ਖਾਦਾਂ ਦਵਾਈਆਂ ਦੀ ਸੁਚੱਜੀ ਵਰਤੋਂ ਕਰਨ ਸਮੇਤ ਸਮੇ ਦੇ ਹਾਣੀ ਬਣਾਉਣ ਦੀ ਦਿਸ਼ਾ ਵੱਲ ਕੰਮ ਕਰਨਾ ਚਾਹੀਦਾ ਹੈ। ਇਸੇ ਮੰਤਵ ਦੀ ਪੂਰਤੀ ਲਈ ਖੇਤੀਬਾੜੀ ਵਿਭਾਗ ਵੱਲੋਂ ਇਹ ਵਿਸ਼ੇਸ਼ ਯੋਜਨਾਬੰਧੀ ਕੀਤੀ ਗਈ ਹੈ ਤਾਂ ਜੋ ਕਿਸਾਨਾਂ ਨੂੰ ਰਵਾਇਤੀ ਖੇਤੀ ਤੋਂ ਹਟਾ ਕੇ ਤਕਨੀਕੀ ਖੇਤੀ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੇ ਵੱਖ-ਵੱਖ ਦਫਤਰਾਂ ਵਿੱਚ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਹਰੇਕ ਮੁਸ਼ਕਿਲ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਸਲੀ ਵਿਭਿੰਨਤਾ ਲਿਆਉਣ, ਧਰਤੀ ਹੇਠਲਾ ਪਾਣੀ ਬਚਾਉਣ, ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਕਰਨ, ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ, ਫਸਲਾਂ ਦੀ ਰਹਿੰਦ ਖੂੰਹਦ ਦਾ ਅੱਗ ਲਗਾਏ ਬਗੈਰ ਨਿਪਟਾਰਾ ਕਰਨ ਅਤੇ ਚੰਗੇ ਲਾਭ ਵਾਲੀਆਂ ਫਸਲਾਂ ਦੀ ਕਾਸ਼ਤ ਕਰਵਾਉਣ ਲਈ ਖੇਤੀਬਾੜੀ ਵਿਭਾਗ ਦਿਨ-ਰਾਤ ਕੰਮ ਕਰ ਰਿਹਾ ਹੈ। ਉਨ੍ਹਾਂ ਨੂੰ ਪੂਰਨ ਉਮੀਦ ਹੈ ਕਿ ਵਿਭਾਗ ਦੇ ਇਹਨਾਂ ਸਾਰਥਿਕ ਯਤਨਾਂ ਦਾ ਕਿਸਾਨਾਂ ਨੂੰ ਭਰਪੂਰ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਅਧਿਕਾਰੀਆਂ ਵੱਲੋਂ ਜਦੋਂ ਪਿੰਡਾਂ ਅੰਦਰ ਕੈਂਪਾਂ ਲਗਾਏ ਜਾਂਦੇ ਹਨ ਤਾਂ ਫਸਲਾਂ ਦਾ ਨਿਰੀਖਣ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਜੇਕਰ ਕਿਸੇ ਵੀ ਫਸਲ ਉੱਪਰ ਕੋਈ ਸਮੱਸਿਆ ਨਜ਼ਰ ਆਉਂਦੀ ਹੈ ਤਾਂ ਉਸ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਇਸ ਦੇ ਨਾਲ ਹੀ ਉਹਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖੁਦ ਵੀ ਆਪਣੀ ਫਸਲ ਦਾ ਨਿਰੰਤਰ ਕਰਦੇ ਰਹਿਣ ਅਤੇ ਜੇਕਰ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਜ਼ਰ ਆਉਂਦੀ ਹੈ ਤਾਂ ਤੁਰੰਤ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕੀਤਾ ਜਾਵੇ।

## ਪੰਜਾਬ 'ਚ ਬਿਜਲੀ ਖ਼ਪਤਕਾਰਾਂ ਨੂੰ ਵੱਡਾ ਝਟਕਾ, ਸੂਬੇ ਭਰ 'ਚ ਸ਼ੁਰੂ ਹੋਏ ਐਕਸ਼ਨ

ਖਰੜ 28 ਜੂਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ. ਐੱਸ. ਪੀ. ਸੀ. ਐੱਲ.) ਵੱਲੋਂ ਬਿਜਲੀ ਬਿੱਲਾਂ ਦੇ ਡਿਫਾਲਟਰ ਗਾਹਕਾਂ ਖ਼ਿਲਾਫ਼ ਸਖ਼ਤ ਰਵੱਈਆ ਅਖ਼ਤਿਆਰ ਕੀਤਾ ਗਿਆ ਹੈ। ਇਸ ਤਹਿਤ ਮਹਿਕਮੇ ਵੱਲੋਂ ਸ਼ਨੀਵਾਰ ਨੂੰ ਖਰੜ, ਮੋਹਾਲੀ, ਕੁਰਾਲੀ ਤੇ ਮਾਜਰਾ ਆਦਿ ਥਾਵਾਂ 'ਤੇ ਅਚਨਚੇਤ ਚੈਕਿੰਗ ਕਰਦਿਆਂ ਲੋੜੀਂਦੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ। ਜਾਣਕਾਰੀ ਦਿੰਦਿਆਂ ਚੀਫ ਇੰਜੀਨੀਅਰ ਆਰ. ਕੇ. ਮਿੱਤਲ ਸਾਊਥ ਜ਼ੋਨ (ਪਟਿਆਲਾ) ਜਿਨ੍ਹਾਂ ਨਾਲ ਇਸ ਮੌਕੇ ਐਕਸੀਅਨ ਇਦਰਪ੍ਰੀਤ ਸਿੰਘ ਵੀ ਮੌਜੂਦ ਸਨ, ਨੇ ਦੱਸਿਆ ਕਿ ਜਿਹੜੇ ਗਾਹਕ ਲੰਬੇ ਸਮੇਂ ਤੋਂ ਬਿੱਲਾਂ ਦੀ ਅਦਾਇਗੀ ਨਹੀਂ ਕਰ ਰਹੇ, ਉਨ੍ਹਾਂ ਦੇ ਕੁਨੈਕਸ਼ਨ ਕੱਟਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ। ਸ਼ਨੀਵਾਰ ਦੀ ਇਸ ਕਾਰਵਾਈ ਦੌਰਾਨ ਇਕ ਕਰੋੜ ਰੁਪਏ ਦੀ ਰਕਮ ਦੇ ਕਰੀਬ ਪੈਂਡਿੰਗ ਵੱਡੀ ਗਿਣਤੀ 'ਚ ਡਿਫਾਲਟਰਾਂ ਦੇ ਕੁਨੈਕਸ਼ਨ ਕੱਟਣ ਤੋਂ ਇਲਾਵਾ 48 ਲੱਖ ਰੁਪਏ ਦੀ ਰਾਸ਼ੀ ਵਸੂਲ ਕੀਤੀ ਗਈ ਹੈ। ਡਿਫਾਲਟਰਾਂ 'ਚ ਉਪਰੋਕਤ ਏਰੀਆ ਅਧੀਨ ਕਈ ਬਿਲਡਰ ਵੀ ਸ਼ਾਮਲ ਹਨ। ਅਧਿਕਾਰੀ ਨੇ ਦੱਸਿਆ ਕਿ ਬਿਜਲੀ ਬੋਰਡ ਵੱਲੋਂ ਸੂਬੇ ਭਰ 'ਚ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ, ਜੋ ਬਿੱਲਾਂ ਦੀ ਰਿਕਵਰੀ, ਲੀਕੇਜ ਤੇ ਗੈਰ-ਕਾਨੂੰਨੀ ਕੁਨੈਕਸ਼ਨ ਨੂੰ ਲੈ ਕੇ ਜਾਗਰੂਕਤਾ ਮੁਹਿੰਮ ਵੀ ਚਲਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਆਪਣੇ ਬਕਾਇਆ ਬਿੱਲ ਜਲਦੀ ਨਹੀਂ ਭਰੇ, ਤਾਂ ਉਨ੍ਹਾਂ ਦੇ ਕੁਨੈਕਸ਼ਨ ਬਿਨਾਂ ਕਿਸੇ ਨੋਟਿਸ ਦੇ ਕੱਟ ਦਿੱਤੇ ਜਾਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿੱਲਾਂ ਦਾ ਭੁਗਤਾਨ ਸਮੇਂ ਸਿਰ ਕਰਕੇ ਕਾਰਵਾਈ ਤੋਂ ਬਚਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਗਾਹਕ ਨੂੰ ਬਿੱਲ ਭਰਨ 'ਚ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ ਤਾਂ ਉਹ ਆਪਣੇ ਨਜ਼ਦੀਕੀ ਮਹਿਕਮੇ ਦੇ ਦਫ਼ਤਰ 'ਚ ਸੰਪਰਕ ਕਰ ਸਕਦੇ ਹਨ ਜਾਂ ਆਨਲਾਈਨ ਪਲੇਟਫਾਰਮ ਰਾਹੀਂ ਵੀ ਬਿੱਲ ਭਰ ਸਕਦੇ ਹਨ।

## ਕਹਿਰ ਓ ਰੱਬਾ ! ਅੱਤ ਦੀ ਗਰੀਬੀ ਅੱਗੇ ਪਤੀ-ਪਤਨੀ ਨੇ ਟੇਕੇ ਗੋਡੇ, ਇਕੱਠਿਆਂ ਨੇ ਕੀਤੀ ਖ਼ੁਦਕੁਸ਼ੀ

ਸੁਨਾਮ ਊਧਮ ਸਿੰਘ ਵਾਲਾ 28 ਜੂਨ। ਨੇੜਲੇ ਪਿੰਡ ਸ਼ੇਰੋਂ (ਮਾਡਲ ਟਾਊਨ ਨੰਬਰ) ਵਿਖੇ ਆਰਥਿਕ ਤੰਗੀ ਤੋਂ ਤੰਗ ਆ ਕੇ ਪਤੀ-ਪਤਨੀ ਨੇ ਖ਼ੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਛੋਟੀ ਕਿਸਾਨੀ ਨਾਲ ਸੰਬੰਧਤ ਕਿਸਾਨ ਬਲਵੀਰ ਸਿੰਘ ਚਾਰ ਏਕੜ ਦਾ ਮਾਲਕ ਸੀ। ਘਰ ਵਿਚ ਆਰਥਿਕ ਤੰਗੀ ਰਹਿਣ ਕਰਕੇ ਉਹ ਪ੍ਰੇਸ਼ਾਨ ਰਹਿੰਦਾ ਸੀ ਜਦੋਂ ਉਨ੍ਹਾਂ ਦੇ ਭਰਾ ਅਤੇ ਪੁੱਤਰ ਰਿਸ਼ਤੇਦਾਰੀ ਵਿਚ ਮਰਗਤ ਹੋਣ ਅਤੇ ਬਾਹਰ ਗਏ ਹੋਏ ਸਨ। ਪਿੱਛੋਂ ਬਲਵੀਰ ਸਿੰਘ (56) ਅਤੇ ਉਸਦੀ ਪਤਨੀ ਸੁੱਖ ਕੌਰ (52) ਵੱਲੋਂ ਘਰ ਵਿਚ ਸਲਫਾਸ ਖਾ ਕੇ ਜੀਵਨ ਲੀਲਾ ਸਮਾਪਤ ਕਰ ਲਈ। ਉਹ



ਆਪਣੇ ਪਿੱਛੇ ਇਕ ਪੁੱਤਰ ਨੂੰਹ ਅਤੇ ਪੋਤਾ ਛੱਡ ਗਏ ਹਨ। ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਪਨਸੀਡ ਪੰਜਾਬ ਦੇ ਚੇਅਰਮੈਨ ਮਹਿੰਦਰ ਸਿੱਧੂ ਨੇ ਕਿਹਾ ਕਿ ਮੇਰੇ ਪਿੰਡ ਵਿਚ ਵਾਪਰੀ ਇਹ ਘਟਨਾ ਬਹੁਤ ਹੀ ਦੁਖਦਾਈ ਹੈ, ਬਲਵੀਰ ਸਿੰਘ ਚਾਰ ਭਰਾ ਸਨ ਦੋ ਭਰਾਵਾਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਸਿੱਧੂ ਨੇ ਕਿਹਾ ਕਿ ਖੇਤੀਬਾੜੀ ਘਾਟੇ ਦਾ ਧੰਦਾ ਸਾਬਤ ਹੋ ਰਹੀ ਹੈ ਖਰਚੇ ਵੱਧ ਰਹੇ ਹਨ। ਮਹਿੰਗਾਈ ਕਾਰਨ ਪਰਿਵਾਰਾਂ ਨੂੰ ਅਪਣਾ ਜੀਵਨ ਬਸਰ ਕਰਨਾ ਮੁਸ਼ਕਲ ਹੋ ਰਿਹਾ ਹੈ, ਸਰਕਾਰ ਨੂੰ ਬੇਨਤੀ ਹੈ ਕਿ ਇਸ ਪਰਿਵਾਰ ਦੀ ਆਰਥਿਕ ਸਹਾਇਤਾ ਕੀਤੀ ਜਾਵੇ।

## ਜ਼ਹਿਰੀਲੀ ਸ਼ਰਾਬ ਦਾ ਕਹਿਰ, ਸਰਪੰਚ ਦੇ ਭਰਾ ਸਣੇ 7 ਲੋਕਾਂ ਦੀ ਮੌਤ

ਬਿਲਾਸਪੁਰ 28 ਜੂਨ। ਜ਼ਹਿਰੀਲੀ ਸ਼ਰਾਬ ਪੀਣ ਨਾਲ ਸਰਪੰਚ ਦੇ ਭਰਾ ਸਣੇ ਹੁਣ ਤੱਕ 7 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 4 ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਦਾ ਇਲਾਜ ਜਾਰੀ ਹੈ। ਹਾਲਾਂਕਿ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਸਾਫ਼ ਹੋਵੇਗਾ। ਇਹ ਛੱਤੀਸਗੜ੍ਹ ਦੇ ਬਿਲਾਸਪੁਰ ਦੀ ਹੈ। ਮੌਤਾਂ ਦੀ ਸ਼ੁਰੂਆਤ ਬੁੱਧਵਾਰ ਨੂੰ ਹੋਈ ਪਹਿਲੇ ਇਕ ਦੀ ਮੌਤ ਹੋਈ, ਫਿਰ 2 ਲੋਕਾਂ ਦੀ ਜਾਨ ਗਈ, ਉਦੋਂ ਬੀਮਾਰੀ ਸਮਝ ਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਸੀ। ਫਿਰ ਬੀਤੀ ਸ਼ੁੱਕਰਵਾਰ ਦੀ ਰਾਤ ਇਕੱਠੇ ਚਾਰ ਲੋਕਾਂ ਦੀ ਮੌਤ ਹੋਈ, ਉਦੋਂ ਕਈ ਦਿਨਾਂ ਤੋਂ ਮਹੁਆ ਸ਼ਰਾਬ ਪੀਣ ਦੀ



ਸੂਚਨਾ ਮਿਲੀ। ਮਰਨ ਵਾਲੇ ਸਾਰੇ ਲੋਕ ਇਕ ਪਿੰਡ ਦੇ ਰਹਿਣ ਵਾਲੇ ਸਨ। ਜ਼ਹਿਰੀਲੀ ਸ਼ਰਾਬ ਪੀਣ ਨਾਲ ਜਾਨ ਗੁਆਉਣ ਵਾਲਿਆਂ 'ਚ ਸਰਪੰਚ ਰਾਮਾਧਾਰ ਸੁਨਹਲੇ ਦਾ ਭਰਾ ਰਾਮੂ ਸੁਨਹਲੇ ਵੀ ਸ਼ਾਮਲ ਹੈ। ਪੁਲਸ ਅਤੇ ਅਧਿਕਾਰੀਆਂ ਦੀ ਟੀਮ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪਿਛਲੇ 8-10 ਸਾਲਾਂ ਤੋਂ ਪਿੰਡ 'ਚ ਮਹੁਆ ਸ਼ਰਾਬ ਦੀ ਵਿਕਰੀ ਹੋ ਰਹੀ ਹੈ। ਆਬਕਾਰੀ ਅਤੇ ਪੁਲਸ ਦੀ ਟੀਮ ਆਉਂਦੀ ਹੈ ਪਰ ਮਾਮਲੇ ਨੂੰ ਸ਼ਾਂਤ ਕਰ ਦਿੱਤਾ ਜਾਂਦਾ ਹੈ। ਸ਼ਿਕਾਇਤ ਤੋਂ ਬਾਅਦ ਕਦੇ-ਕਦੇ ਦਿਖਾਵੇ ਦੀ ਕਾਰਵਾਈ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਗੈਰ-ਕਾਨੂੰਨੀ ਸ਼ਰਾਬ ਦੀ ਵਿਕਰੀ ਜਾਰੀ ਹੈ। ਹਾਦਸੇ ਵਾਲੀ ਜਗ?ਹਾ 'ਤੇ ਟੀਆਈ ਨਵੀਨ ਦੇਵਾਂਗਨ ਅਤੇ ਏ.ਐੱਸ.ਪੀ. ਰਾਜੇਂਦਰ ਜਾਇਸਵਾਲ ਨੇ ਕਿਹਾ ਕਿ ਮਾਮਲੇ 'ਚ ਜਾਂਚ ਅਤੇ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

## ਹੁਣ ਵਾਹਨ ਚਾਲਕਾਂ ਨੂੰ ਮਿਲੇਗੀ ਜਾਮ ਤੋਂ ਰਾਹਤ, ਬਣਨ ਜਾ ਰਹੀ ਨਵੀਂ ਸੜਕ

ਨਿਊ ਚੰਡੀਗੜ੍ਹ 28 ਜੂਨ। ਪੀ. ਜੀ. ਆਈ.-ਖੁੱਡਾ ਲਾਹੌਰਾ ਤੋਂ ਨਵਾਂਗਰਾਓਂ ਵੱਲ ਜਾਣ ਵਾਲੇ ਵਾਹਨ ਚਾਲਕਾਂ ਨੂੰ ਜਲਦੀ ਜਾਮ ਤੋਂ ਰਾਹਤ ਮਿਲੇਗੀ। ਅਧਿਕਾਰੀਆਂ ਨੇ ਸੜਕ ਨੂੰ ਚੌੜਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੰਡੀ ਬੋਰਡ ਨੇ 3 ਫਰਵਰੀ ਨੂੰ 2 ਵੱਖ-ਵੱਖ ਟੈਂਡਰ ਜਾਰੀ ਕਰ ਕੇ ਅਰਜ਼ੀਆਂ ਵੀ ਮੰਗ ਲਈਆਂ ਹਨ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੜਕ ਚੌੜੀ ਕਰਨ 'ਚ ਹੋ ਰਹੀ ਦੇਰੀ ਦਾ ਨੋਟਿਸ ਲਿਆ ਸੀ। ਇਸ ਤੋਂ ਬਾਅਦ ਵਿਭਾਗ ਨੇ ਹਲਫ਼ਨਾਮਾ ਦਾਇਰ ਕਰ ਕੇ ਕਿਹਾ ਸੀ ਕਿ ਸੜਕ ਚੌੜੀ ਕਰਨ ਦਾ ਕੰਮ ਜਲਦੀ ਸ਼ੁਰੂ ਹੋਵੇਗਾ। ਮੁੱਖ ਸਕੱਤਰ ਨੇ ਮੰਡੀ ਬੋਰਡ, ਸਥਾਨਕ ਸਰਕਾਰ ਵਿਭਾਗ, ਲੋਕ ਨਿਰਮਾਣ ਵਿਭਾਗ ਤੇ ਸੀਵਰੇਜ ਬੋਰਡ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਫ਼ੈਸਲਾ ਲਿਆ ਕਿ ਪੰਜਾਬ ਦੇ ਹਿੱਸੇ 'ਚ ਆਉਣ ਵਾਲੀ ਸੜਕ ਨੂੰ ਮੰਡੀ ਬੋਰਡ ਦੇ ਫੰਡਾਂ ਦੀ ਵਰਤੋਂ ਕਰ ਕੇ ਚੌੜਾ ਕੀਤਾ ਜਾਵੇਗਾ। ਹੁਣ ਇਸ ਕੰਮ ਲਈ ਵਿਭਾਗ ਵੱਲੋਂ ਟੈਂਡਰ ਵੀ ਜਾਰੀ ਕਰ ਦਿੱਤੇ ਗਏ ਹਨ। ਸੜਕ ਚੌੜਾ ਕਰਨ 'ਚ ਹੋ ਰਹੀ ਦੇਰੀ ਦੇ ਸਬੰਧ 'ਚ ਹਾਈਕੋਰਟ ਨੇ ਮੁੱਖ ਸਕੱਤਰ ਨੂੰ ਪ੍ਰਾਜੈਕਟ ਜਲਦੀ ਪੂਰਾ ਕਰਨ ਤੇ ਇਸ ਦੀ ਨਿਰਧਾਰਿਤ ਸਮਾਂ ਸੀਮਾ ਬਾਰੇ ਸੂਚਿਤ ਕਰਨ ਦੇ ਹੁਕਮ ਦਿੱਤੇ ਸਨ। ਇਸ ਲਈ ਉਸ ਨੇ 6 ਮਹੀਨੇ ਦਾ ਸਮਾਂ ਮੰਗਿਆ ਸੀ ਪਰ ਅਦਾਲਤ ਨੇ ਸਖ਼ਤ ਰੁਖ਼ ਅਪਣਾਉਂਦਿਆਂ ਅਧਿਕਾਰੀਆਂ ਨੂੰ ਝਾੜ ਪਾਈ ਤੇ ਚਾਰ ਮਹੀਨਿਆਂ 'ਚ ਸੜਕ ਬਣਾਉਣ ਤੇ 5 ਮਾਰਚ ਨੂੰ ਅਗਲੀ ਸੁਣਵਾਈ ਤੱਕ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।



ਅਧਿਕਾਰੀਆਂ ਨੇ ਸੜਕ ਚੌੜੀ ਕਰਨ ਦੇ ਕੰਮ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਹੈ। ਪਹਿਲਾ ਹਿੱਸਾ ਸੀਵਰੇਜ ਟ?ਰੀਟਮੈਂਟ ਪਲਾਂਟ ਤੋਂ ਨਾਡਾ ਪੁਲ ਤੱਕ ਦਾ ਹੈ। ਇਸ ਨੂੰ ਪਾਈਪ ਲਾਈਨ ਵਿਛਾਉਣ ਲਈ ਪੁੱਟਿਆ ਗਿਆ ਸੀ। ਇਸ ਹਿੱਸੇ ਨੂੰ ਪਹਿਲਾਂ ਵਾਂਗ 18 ਫੁੱਟ ਚੌੜਾ ਕੀਤਾ ਜਾਵੇਗਾ। ਇਸ ਸੜਕ ਦੀ 945 ਮੀਟਰ ਲੰਬਾਈ ਲਈ 86 ਲੱਖ 22 ਹਜ਼ਾਰ ਰੁਪਏ ਦਾ ਟੈਂਡਰ ਜਾਰੀ ਕੀਤਾ ਗਿਆ ਹੈ। ਹੁਣ ਦੂਜੇ ਹਿੱਸੇ ਲਈ 1 ਕਰੋੜ 12 ਲੱਖ 43 ਹਜ਼ਾਰ ਰੁਪਏ ਦਾ ਟੈਂਡਰ ਜਾਰੀ ਕੀਤਾ ਗਿਆ ਹੈ। ਇਸ 'ਚ ਸੜਕ ਦੇ 3.48 ਕਿਲੋਮੀਟਰ ਲੰਬੇ ਹਿੱਸੇ ਨੂੰ 18 ਤੋਂ 22 ਫੁੱਟ ਤੱਕ ਚੌੜਾ ਕਰਨ ਲਈ ਟੈਂਡਰ ਜਾਰੀ ਕੀਤਾ ਗਿਆ ਹੈ। ਇਨ੍ਹਾਂ ਟੈਂਡਰਾਂ ਦੀ ਆਖ਼ਰੀ ਤਾਰੀਖ਼ 13 ਫਰਵਰੀ ਹੈ। ਠੇਕੇਦਾਰ ਲਈ ਸੜਕ ਦਾ ਕੰਮ 45 ਦਿਨਾਂ ਅੰਦਰ ਪੂਰਾ ਕਰਨਾ ਲਾਜ਼ਮੀ ਹੋਵੇਗਾ। ਸੜਕ ਬਣਾਉਂਦੇ ਸਮੇਂ ਵੀਡੀਓਗ੍ਰਾਫੀ ਵੀ ਕਰਨੀ ਪਵੇਗੀ। ਜਦੋਂ ਸੜਕ ਨਿਰਮਾਣ ਦਾ ਕੰਮ ਪੂਰਾ ਹੋ ਜਾਵੇਗਾ ਤਾਂ ਉਹ ਵੀਡੀਓਗ੍ਰਾਫੀ ਹਾਈਕੋਰਟ 'ਚ ਪੇਸ਼ ਕੀਤੀ ਜਾਵੇਗੀ।

## ਸਿਵਲ ਸਰਜਨ ਵੱਲੋਂ ਸਿਵਲ ਹਸਪਤਾਲ ਫਾਜ਼ਿਲਕਾ ਦਾ ਦੌਰਾ

ਫਾਜ਼ਿਲਕਾ 28 ਜੂਨ। ਸਿਵਲ ਸਰਜਨ ਫਾਜ਼ਿਲਕਾ ਡਾ. ਲਹਿੰਬਰ ਰਾਮ ਵੱਲੋਂ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਚੱਲ ਰਹੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਮੁਹਿੰਮ ਦਾ ਦੌਰਾ ਕੀਤਾ ਗਿਆ। ਇਸ ਸਮੇਂ ਉਨ੍ਹਾਂ ਦੇ ਨਾਲ ਡਾ. ਪੰਕਜ ਚੌਹਾਨ, ਡਾ. ਰਿੰਕੂ ਚਾਵਲਾ, ਵਿਨੋਦ ਖੁਰਾਣਾ ਮੌਜੂਦ ਸਨ। ਉਨ੍ਹਾਂ ਨੇ ਗਰਭਵਤੀਆਂ ਦਾ ਹਾਲ-ਚਾਲ ਪੁੱਛਿਆ ਅਤੇ ਗਰਭਵਤੀਆਂ ਨੂੰ ਦਿੱਤੇ ਜਾ ਰਹੇ ਇਲਾਜ ਬਾਰੇ ਸ਼ੰਤੁਸ਼ਟੀ ਪ੍ਰਗਟਾਈ। ਉਨ੍ਹਾਂ ਦੱਸਿਆ ਕਿ ਹਰ ਮਹੀਨੇ ਦੀ 9 ਅਤੇ 23 ਤਾਰੀਖ਼ ਨੂੰ ਗਰਭਵਤੀ ਔਰਤਾਂ ਖ਼ਾਸ ਕਰ ਕੇ ਖ਼ਤਰੇ ਦੇ ਚਿੰਨ੍ਹਾਂ ਵਾਲੀਆਂ ਗਰਭਵਤੀ ਔਰਤਾਂ ਦਾ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੀ. ਐੱਚ. ਸੀ. 'ਚ ਸਪੈਸ਼ਲ ਕੈਂਪ ਲਗਾ ਕੇ ਚੈੱਕਅਪ, ਟੈਸਟ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਦਿਨ ਦਾ ਮਕਸਦ ਮਾਂ ਅਤੇ ਬੱਚੇ ਦੀ ਮੌਤ ਦਰ 'ਤੇ ਕਾਬੂ ਪਾਉਣਾ ਹੈ। ਗਰਭਵਤੀਆਂ ਖ਼ਾਸ ਕਰ ਕੇ ਖ਼ਤਰੇ ਦੇ ਚਿੰਨ੍ਹਾਂ ਵਾਲੀਆਂ ਗਰਭਵਤੀਆਂ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਇਨ੍ਹਾਂ ਕੈਂਪਾਂ 'ਚ ਇਲਾਜ ਲਈ ਲਿਆ ਕੇ ਉਨ੍ਹਾਂ ਦਾ ਜਣੇਪੇ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਨੂੰ ਟਾਲਿਆ ਜਾ ਸਕਦਾ ਹੈ।

## ਪੇਸ਼ੀ ਭੁਗਤ ਕੇ ਆ ਰਹੇ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਮਚਿਆ ਚੀਕ ਚਿਹਾੜਾ

ਮੋਗਾ 28 ਜੂਨ। ਰੰਜਿਸ਼ ਕਾਰਣ ਹਥਿਆਰਬੰਦ ਲੜਕਿਆਂ ਵੱਲੋਂ ਬੁੱਕਣ ਵਾਲਾ ਰੋਡ ਮੋਗਾ ਨਿਵਾਸੀ ਪੁਨੀਤ ਢਿੱਲੋਂ ਅਤੇ ਉਸ ਦੇ ਸਾਥੀ ਸੁਖਵਿੰਦਰ ਸਿੰਘ ਉਰਫ ਤੋਤੀ 'ਤੇ ਹਮਲਾ ਕਰਕੇ ਉਸ ਨੂੰ ਜ਼ਖਮੀ ਕੀਤੇ ਜਾਣ ਦਾ ਪਤਾ ਲੱਗਾ ਹੈ, ਜਿਨ੍ਹਾਂ ਨੂੰ ਹਸਪਤਾਲ ਮੋਗਾ ਦਾਖਲ ਕਰਾਉਣਾ ਪਿਆ। ਇਸ ਸਬੰਧ ਵਿਚ ਥਾਣਾ ਸਿਟੀ ਸਾਊਥ



ਮੋਗਾ ਵੱਲੋਂ ਕਥਿਤ ਮੁਲਜ਼ਮਾਂ ਕਾਕੂ, ਰਜਿਤ, ਆਸ਼ੂ, ਲਵਿਸ਼ ਅਤੇ ਇਕ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਛਪਾਲ ਸਿੰਘ ਨੇ ਦੱਸਿਆ ਕਿ ਪੁਨੀਤ ਢਿੱਲੋਂ ਨੇ ਕਿਹਾ ਕਿ ਉਹ ਆਪਣੇ ਮੋਟਰ ਸਾਈਕਲ 'ਤੇ ਆਪਣੇ ਦੋਸਤ ਸੁਖਵਿੰਦਰ ਸਿੰਘ ਉਰਫ ਤੋਤੀ ਨਿਵਾਸੀ ਇੰਦਰਾ ਕਾਲੋਨੀ ਮੋਗਾ ਨੂੰ ਨਾਲ ਲੈਕੇ ਪੇਸ਼ੀ ਭੁਗਤ ਕੇ ਕਰੀਬ 5 ਵਜੇ ਸ਼ਾਮ ਨੂੰ ਘਰ ਆ ਰਹੇ ਸੀ ਤਾਂ ਉਕਤ ਹਥਿਆਰਬੰਦ ਲੜਕਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ। ਇਸ ਦੌਰਾਨ ਜਦੋਂ ਅਸੀਂ ਰੌਲਾ ਪਾਇਆ ਤਾਂ ਕਥਿਤ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਛਪਾਲ ਸਿੰਘ ਨੇ ਦੱਸਿਆ ਕਿ ਕਥਿਤ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪਾਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਕਤ ਝਗੜਾ ਦੋਵਾਂ ਧਿਰਾਂ ਵਿਚਕਾਰ ਚੱਲਦੀ ਆ ਰਹੀ ਪੁਰਾਣੀ ਰੰਜਿਸ਼ ਕਾਰਣ ਹੋਇਆ ਦੱਸਿਆ ਜਾ ਰਿਹਾ ਹੈ।

## ਫੈਕਟਰੀ ਲੁੱਟਣ ਦੀ ਸਕੀਮ ਬਣਾ ਰਹੇ ਗੈਂਗ ਦੀ ਸਰਗਣਾ ਸਣੇ 3 ਸਾਥੀ ਗ੍ਰਿ.ਫਤਾਰ, 2 .ਫਰਾਰ

ਲੁਧਿਆਣਾ 28 ਜੂਨ। ਫੈਕਟਰੀ ਲੁੱਟਣ ਦੀ ਯੋਜਨਾ ਬਣਾ ਰਹੇ ਇਕ ਗੈਂਗ ਦਾ ਸੀ. ਆਈ. ਏ.-2 ਦੀ ਪੁਲਸ ਵੱਲੋਂ ਪਰਦਾਫਾਸ਼ ਕੀਤਾ ਗਿਆ। ਪੁਲਸ ਨੇ ਗੈਂਗ ਦੀ ਸਰਗਣਾ ਸਮੇਤ 3 ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਦੋਂਕਿ 2 ਸਾਥੀ ਪੁਲਸ ਨੂੰ ਚਕਮਾ ਦੇ ਕੇ ਫ਼ਰਾਰ ਹੋਣ 'ਚ ਕਾਮਯਾਬ ਹੋ ਗਏ। ਪੁਲਸ ਨੂੰ ਮੁਲਜ਼ਮਾਂ ਕੋਲੋਂ 2 ਲੱਖ 20 ਹਜ਼ਾਰ ਰੁਪਏ ਦੀ ਨਕਦੀ, ਦਾਤਰ, ਕਿਰਪਾਨਾਂ ਤੇ ਰਾਡਾਂ ਬਰਾਮਦ ਹੋਈਆਂ ਹਨ। ਪੁਲਸ ਨੇ ਸਾਰਿਆਂ ਖਿਲਾਫ ਥਾਣਾ ਕੂਮ ਕਲਾਂ 'ਚ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਚਾਰਜ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਸਰਗਣਾ ਸ਼ਿੰਦਰ ਸਿੰਘ ਨਿਵਾਸੀ ਪਿੰਡ ਕੋਹਾੜਾ, ਯੋਗਰਾਜ ਸਿੰਘ ਨਿਵਾਸੀ ਪਿੰਡ ਕੁਹਾੜਾ ਅਤੇ ਕਰਨ ਨਿਵਾਸੀ ਸਾਹਨੇਵਾਲ ਰੋਡ ਅਤੇ ਫਰਾਰ ਦੀ ਪਛਾਣ ਦੀਪਕ ਅਤੇ ਅਰਸ਼ਦੀਪ ਸਿੰਘ ਵਜੋਂ ਹੋਈ ਹੈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਉਕਤ ਗੈਂਗ ਮੈਂਬਰ ਕੁਹਾੜਾ ਮਾਛੀਵਾੜਾ ਰੋਡ ਸਥਿਤ ਅਨਿਲ ਸਿੰਗਲਾ ਫੈਕਟਰੀ ਕੋਲ ਇਕ ਖਾਲੀ ਪਲਾਟ 'ਚ ਬੈਠੇ ਲੁੱਟ ਦੀ ਯੋਜਨਾ ਬਣਾ ਰਹੇ ਹਨ। ਗੈਂਗ ਮੈਂਬਰ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਫੈਕਟਰੀ ਮਾਲਕ ਵੱਲੋਂ ਲੇਬਰ ਨੂੰ ਸੈਲਰੀ ਦੇਣ ਦੇ ਚੱਲਦੇ ਆਪਣੇ ਕੋਲ ਕੈਸ਼ ਮੰਗਵਾਇਆ ਹੋਇਆ ਹੈ। ਇਸ ਦੇ ਚੱਲਦੇ ਵੱਡੀ ਵਾਰਦਾਤ ਨੂੰ ਅੰਜਾਮ ਦੇਣਾ ਸੀ, ਜਿਸ ਲਈ 8 ਵਜੇ ਦਾ ਸਮਾਂ ਤੈਅ ਕੀਤਾ ਗਿਆ ਪਰ ਇਸ ਤੋਂ ਪਹਿਲਾਂ ਪੁਲਸ ਨੇ ਇਨ੍ਹਾਂ ਨੂੰ ਦਬੋਚ ਲਿਆ, ਜਦੋਂਕਿ 2 ਫਰਾਰ ਹੋ ਗਏ। ਪੁਲਸ ਅਨੁਸਾਰ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਰਿਮਾਂਡ 'ਤੇ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਜਾਵੇਗੀ। ਫੜੇ ਗਏ ਮੁਲਜ਼ਮ ਕਰਨ ਖਿਲਾਫ ਪਹਿਲਾਂ ਵੀ ਸ਼ਰਾਬ ਅਤੇ ਹੈਰੋਇਨ ਸਮੱਗਲਿੰਗ ਸਮੇਤ ਲੜਾਈ ਝਗੜੇ ਦੇ 5 ਮਾਮਲੇ ਦਰਜ ਹਨ। ਇਨ੍ਹਾਂ 'ਚ ਜੁਲਾਈ 2024 ਨੂੰ ਜ਼ਮਾਨਤ 'ਤੇ ਬਾਹਰ ਆਇਆ ਹੈ।



## ਜਬਰ-ਜ਼ਿਨਾਹ ਕਰਕੇ ਜੇਲ੍ਹ ਗਏ ਪਤੀ ਨੇ ਜ਼ਮਾਨਤ 'ਤੇ ਆਉਂਦਿਆ ਕੁਹਾੜੀ ਨਾਲ ਵੱਢੀ ਪਤਨੀ

ਬੁਢਲਾਡਾ 28 ਜੂਨ। ਪਤੀ ਵੱਲੋਂ ਇੱਛਾ ਤੋਂ ਉਲਟ ਪਤਨੀ ਨਾਲ ਅਣਮਨੁੱਖੀ ਅਤੇ ਗਲਤ ਢੰਗ ਨਾਲ ਜਬਰ-ਜ਼ਿਨਾਹ ਕਰਨ ਦੇ ਮਾਮਲੇ ਵਿਚ ਜੇਲ੍ਹ ਤੋਂ ਜ਼ਮਾਨਤ 'ਤੇ ਆਏ ਪਤੀ ਨੇ ਪਤਨੀ ਦਾ ਕੁਹਾੜੀ ਨਾਲ ਵੱਢ ਕੇ ਕਤਲ ਕਰ ਦਿੱਤਾ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਰਾਮਪੁਰ ਮੰਡੇਰ ਵਿਖੇ ਮ੍ਰਿਤਕ ਕੁਲਵਿੰਦਰ ਕੌਰ ਦੀ ਭੂਆ ਦੇ ਮੁੰਡੇ ਵੱਲੋਂ ਪੁਲਸ ਨੂੰ ਦਿੱਤੇ ਬਿਆਨਾਂ ਅਨੁਸਾਰ ਉਸ ਦੀ ਭੈਣ ਕੁਲਵਿੰਦਰ ਕੌਰ ਦਾ ਕਾਫੀ ਸਮੇ ਤੋਂ ਆਪਣੇ ਪਤੀ ਕਾਲਾ ਸਿੰਘ ਪੁੱਤਰ ਸੁਰਜੀਤ ਸਿੰਘ ਨਾਲ ਉਸਦੀਆਂ ਗਲਤ ਹਰਕਤਾਂ ਨੂੰ ਲੈ ਕੇ ਤਕਰਾਰ ਚੱਲ ਰਿਹਾ ਸੀ। ਉਕਤ ਮੁਲਜ਼ਮ ਉਸਦੀ ਭੈਣ ਨਾਲ ਉਸਦੀ ਇੱਛਾ ਤੋਂ ਉਲਟ ਉਸ ਨਾਲ ਅਣਮਨੁੱਖੀ ਅਤੇ ਗਲਤ ਢੰਗ ਨਾਲ ਜਬਰ-ਜ਼ਿਨਾਹ ਕਰਦਾ ਸੀ ਜਿਸਦਾ ਵਿਰੋਧ ਕਰਦਿਆਂ ਉਸਨੇ ਪਤੀ 'ਤੇ ਮੁਕੱਦਮਾ ਵੀ ਦਰਜ ਕਰਵਾ ਦਿੱਤਾ ਸੀ, ਜਿਸ 'ਤੇ ਉਸਦੇ ਪਤੀ ਨੂੰ ਜੇਲ੍ਹ ਹੋ ਗਈ। ਉਕਤ ਨੇ ਦੱਸਿਆ ਕਿ ਮੁਲਜ਼ਮ ਦੋ ਦਿਨ ਪਹਿਲਾਂ ਹੀ ਜ਼ਮਾਨਤ 'ਤੇ ਬਾਹਰ ਆਇਆ ਸੀ ਅਤੇ ਉਸਦੀ ਭੈਣ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਸੀ। ਦੋਵਾਂ ਵਿਚ ਤਕਰਾਰ ਵੱਧ ਜਾਣ 'ਤੇ ਕਾਲਾ ਸਿੰਘ ਵੱਲੋਂ ਆਪਣੀ ਪਤਨੀ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਅਤੇ ਮੌਕੇ 'ਤੋਂ ਫਰਾਰ ਹੋ ਗਿਆ। ਪੁਲਸ ਨੇ ਕਾਲਾ ਸਿੰਘ ਖ਼?ਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਲਵ ਮੈਰਿਜ ਕਰਵਾ ਕੇ ਭੱਜ ਗਈ ਨਵੀਂ ਲਾੜੀ, ਪਿਆਰ 'ਚ ਮਿਲੇ ਧੋਖੇ ਮਗਰੋਂ ਮੁੰਡੇ ਨੇ...

ਫਾਜ਼ਿਲਕਾ 28 ਜੂਨ। ਇੱਥੇ 2 ਮਹੀਨੇ ਪਹਿਲਾਂ ਹੋਏ ਪ੍ਰੇਮ ਵਿਆਹ ਦਾ ਉਸ ਵੇਲੇ ਖ਼ੌਫ਼ਨਾਕ ਅੰਤ ਹੋ ਗਿਆ, ਜਦੋਂ ਮੁੰਡੇ ਨੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਕ ਮ੍ਰਿਤਕ ਦੀ ਪਛਾਣ ਜਸਬੀਰ ਸਿੰਘ (25) ਵਜੋਂ ਹੋਈ ਹੈ। ਮ੍ਰਿਤਕ ਦੇ ਚਾਚਾ ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਅਨੰਦਪੁਰ ਮੁਹੱਲੇ ਦੇ ਰਹਿਣ ਵਾਲੇ ਹਨ। ਉਸ ਦੇ ਭਤੀਜੇ ਜਸਬੀਰ ਸਿੰਘ ਨੇ 2 ਮਹੀਨੇ ਪਹਿਲਾਂ ਪਰਿਵਾਰ ਦੀ ਰਜ਼ਾਮੰਦੀ ਖ਼?ਲਾਫ਼ ਲਵ ਮੈਰਿਜ ਕਰਵਾਈ ਸੀ, ਜਦੋਂ ਕਿ ਕੁੜੀ ਪਹਿਲਾਂ ਹੀ ਤਲਾਕਸ਼ੁਦਾ ਸੀ ਪਰ ਪਰਿਵਾਰ ਨੇ ਮੁੰਡੇ ਦੀ ਜ਼ਿੱਦ ਖ਼ਾਤਰ ਇਸ ਵਿਆਹ ਲਈ ਹਾਮੀ ਭਰ ਦਿੱਤੀ। ਕੁਲਵੰਤ ਸਿੰਘ ਨੇ ਦੱਸਿਆ ਕਿ ਵਿਆਹ ਤੋਂ ਮਗਰੋਂ ਦੋਹਾਂ ਵਿਚਾਲੇ ਕੋਈ ਗੱਲਬਾਤ ਹੋਈ ਅਤੇ ਨਹਾਉਣ ਦਾ ਕਹਿ ਕੇ ਪਾਣੀ ਗਰਮ ਲਾ ਕੇ ਨਵੀਂ ਲਾੜੀ ਘਰੋਂ ਭੱਜ ਗਈ। ਇਸ ਤੋਂ ਬਾਅਦ ਉਨ੍ਹਾਂ ਦਾ ਭਤੀਜਾ ਕਾਫੀ ਪਰੇਸ਼ਾਨ ਰਹਿਣ ਲੱਗਾ। ਭੱਜ ਜਾਣ ਤੋਂ ਬਾਅਦ ਲਾੜੀ ਦੇ ਉਨ੍ਹਾਂ ਦੇ ਭਤੀਜੇ ਨੂੰ ਫੋਨ ਵੀ ਆਉਂਦੇ ਰਹੇ। ਬੀਤੇ ਦਿਨ ਜਦੋਂ ਸਾਰਾ ਪਰਿਵਾਰ ਇਕ ਵਿਆਹ 'ਤੇ ਗਿਆ



ਹੋਇਆ ਸੀ ਤਾਂ ਪਿੱਛੋਂ ਭਤੀਜੇ ਨੇ ਫ਼ਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਇਸ ਗੱਲ ਦਾ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਤੁਰੰਤ ਘਰ ਪੁੱਜੇ ਅਤੇ ਪੁਲਸ ਨੂੰ ਸੂਚਨਾ ਦਿੱਤੀ। ਸਥਾਨਕ ਪੁਲਸ ਦੇ ਅਧਿਕਾਰੀ ਓਮ ਪ੍ਰਕਾਸ਼ ਸਿੰਘ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਮੋਰਚਰੀ 'ਚ ਭੇਜਿਆ। ਪੁਲਸ ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ ਪਰਿਵਾਰ ਦਾ ਕਹਿਣਾ ਹੈ ਕਿ ਇਸ ਸਾਰੇ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਭੱਜ ਜਾਣ ਤੋਂ ਬਾਅਦ ਕੁੜੀ, ਮੁੰਡੇ ਨੂੰ ਫੋਨ ਕਰਦੀ ਸੀ ਤਾਂ ਦੋਹਾਂ ਵਿਚਾਲੇ ਕੀ ਗੱਲ ਹੋਈ ਕਿ ਮੁੰਡੇ ਨੇ ਇੰਨਾ ਵੱਡਾ ਕਦਮ ਚੁੱਕ ਲਿਆ।

### ਨਗਰ ਨਿਗਮ ਨੇ ਹਟਾਈ ਮੱਛੀ ਮੰਡੀ ! ਹੋ ਗਿਆ ਸਖ਼ਤ ਐਕਸ਼ਨ

ਲੁਧਿਆਣਾ 28 ਜੂਨ। ਨਾਜਾਇਜ਼ ਮੀਟ ਕਟਾਈ ਵਿਰੁੱਧ ਕਾਰਵਾਈ ਕਰਦਿਆਂ, ਨਗਰ ਨਿਗਮ ਜ਼ੋਨ ਏ ਅਤੇ ਬੀ ਦੀ ਸਾਂਝੀ ਟੀਮ ਨੇ ਸ਼ੇਰਪੁਰ ਇਲਾਕੇ ਵਿਚ 100 ਫੁੱਟ ਸੜਕ ਤੋਂ ਇਕ ਗੈਰ-ਕਾਨੂੰਨੀ ਮੱਛੀ ਮੰਡੀ ਹਟਾ ਦਿੱਤੀ। ਇਸ ਤੋਂ ਇਲਾਵਾ ਟੀਮਾਂ ਨੇ ਫੋਕਲ ਪੁਆਇੰਟ ਇਲਾਕੇ ਵਿਚ ਆਰਤੀ ਸਟੀਲ ਰੋਡ 'ਤੇ ਸਰਕਾਰੀ ਜ਼ਮੀਨ ਤੋਂ ਕਬਜ਼ੇ ਵੀ ਹਟਾਏ। ਤਹਿਬਾਜ਼ਾਰੀ ਇੰਸਪੈਕਟਰ ਸੁਨੀਲ ਕੁਮਾਰ ਅਤੇ ਵਿਪਨ ਹਾਂਡਾ ਦੀ ਅਗਵਾਈ ਵਾਲੀ ਨਗਰ ਨਿਗਮ ਟੀਮ ਨੇ ਦੱਸਿਆ ਕਿ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਹੋਏ

## ਕੁੜੀ ਨਾਲ ਜਬਰ-ਜ਼ਿਨਾਹ ਕਰਨ ਦੇ ਦੋਸ਼ 'ਚ 4 ਨਾਮਜ਼ਦ

ਗੁਰੂਹਰਸਹਾਏ 28 ਜੂਨ। ਕੁੜੀ ਨਾਲ ਜਬਰ-ਜ਼ਿਨਾਹ ਕਰਨ ਦੇ ਦੋਸ਼ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਅਤੇ 2 ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਕੁੜੀ ਨੇ ਦੱਸਿਆ ਕਿ ਉਹ ਮਿਤੀ 12 ਦਸੰਬਰ 2024 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪਿੰਡ ਲਈ ਬੱਸ 'ਤੇ ਸਵਾਰ




ਹੋ ਕੇ ਗਈ ਸੀ, ਪਰ ਤਕਰੀਬਨ ਰਾਤ 9.30 ਵਜੇ ਬੱਸ ਅੱਗੇ ਜਲਾਲਾਬਾਦ ਨਾ ਜਾਣ ਕਰਕੇ ਗੋਲੂ ਕਾ ਮੋੜ ਉਤਰ ਗਈ। ਇੱਥੇ ਕੁੱਝ ਲੋਕਾਂ ਨੇ ਕਿਹਾ ਕਿ ਅਸੀਂ ਤੇਰੇ ਰਿਸ਼ਤੇਦਾਰ ਹਾਂ ਅਤੇ ਤੈਨੂੰ ਤੇਰੇ ਪਿੰਡ ਛੱਡ ਦਿਆਂਗੇ। ਪੀੜਤ ਕੁੜੀ ਨੇ ਦੱਸਿਆ ਕਿ ਉਸ ਨੇ ਮਨ੍ਹਾਂ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਵਿਚੋਂ ਇਕ ਮੁੰਡੇ ਨੇ ਉਸ ਦੇ ਮੂੰਹ 'ਤੇ ਸਪਰੇਅ ਛਿੜਕ ਦਿੱਤੀ ਤੇ ਇਹ ਚਾਰੇ ਜਣੇ ਉਸ ਨੂੰ ਕਿਸੇ ਮੋਟਰ 'ਤੇ ਸੁੰਨਸਾਨ ਜਗ?ਹਾ 'ਤੇ ਲੈ ਗਏ ਅਤੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਹਥਿਆਰਾਂ ਦੇ ਜ਼ੋਰ 'ਤੇ ਲੁੱਟਣ ਵਾਲੇ ਗਿਰੋਹ ਦੇ 5 ਮੈਂਬਰ ਕਾਬੂ, 15 ਮੋਬਾਈਲ ਹੋਏ ਬਰਾਮਦ

ਲੁਧਿਆਣਾ 28 ਜੂਨ। ਥਾਣਾ ਜੋਧੇਵਾਲ ਦੀ ਪੁਲਸ ਨੇ ਗਲਤ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਇਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਲੁੱਟ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਗਿਰੋਹ ਦੇ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦਿੰਦੇ ਦਿੰਦਿਆਂ ਏ. ਸੀ. ਪੀ. ਨਾਰਥ ਦਵਿੰਦਰ ਕੁਮਾਰ ਚੌਧਰੀ ਨੇ ਦੱਸਿਆ ਕਿ ਥਾਣਾ ਜੋਧੇਵਾਲ ਦੇ ਇੰਚਾਰਜ ਇੰਸ. ਜਸਬੀਰ ਸਿੰਘ ਦੀ ਪੁਲਸ ਟੀਮ ਨੇ ਜੋਧੇਵਾਲ ਅਤੇ ਸਲੇਮ ਟਾਬਰੀ ਦੇ ਇਲਾਕੇ 'ਚ ਲੋਕਾਂ ਨੂੰ ਹਥਿਆਰ ਦੀ ਨੋਕ 'ਤੇ ਲੁੱਟਣ ਵਾਲੇ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਥਾਣਾ ਇੰਚਾਰਜ ਜਸਵੀਰ ਸਿੰਘ ਦੀ ਪੁਲਸ ਟੀਮ ਗਸ਼ਤ ਦੌਰਾਨ ਬਹਾਦੁਰਕੇ ਰੋਡ ਮਨਮੋਹਨ ਕਾਲੋਨੀ ਕੋਲ ਮੌਜੂਦ ਸੀ ਅਤੇ ਇਸ ਦੌਰਾਨ ਮੁਖ਼ਬਰ ਖਾਸ ਨੇ ਸੂਚਨਾ ਦਿੱਤੀ ਕਿ ਉਕਤ ਇਲਾਕੇ 'ਚ ਲੋਕਾਂ ਨੂੰ ਡਰਾ-ਧਮਕਾ ਕੇ ਲੁੱਟਣ ਵਾਲੇ ਗਿਰੋਹ ਦੇ ਮੈਂਬਰ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ 'ਚ ਘੁੰਮ ਰਹੇ ਹਨ। ਇਸ ਤੋਂ ਬਾਅਦ ਥਾਣਾ ਇੰਚਾਰਜ ਦੀ ਟੀਮ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਇਲਾਕੇ 'ਚ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਦੀ ਪਛਾਣ ਪੁਲਸ ਨੇ ਵਿਵੇਕ ਕੁਮਾਰ ਪੁੱਤਰ ਸ਼ਿਵ ਕੁਮਾਰ ਵਾਸੀ ਆਜ਼ਾਦ ਨਗਰ, ਸਾਗਰ ਮਹਿਰਾ ਪੁੱਤਰ ਸਤਨਾਮ ਮਸੀਹ ਵਾਸੀ ਨਿਊ ਦੀਪ ਨਗਰ, ਵਿਸ਼ਾਲ ਕੁਮਾਰ ਪੁੱਤਰ ਅਨਿਲ ਪ੍ਰਸ਼ਾਦ ਵਾਸੀ ਮੁਹੱਲਾ ਗੁਰਪ੍ਰੀਤ ਨਗਰ ਕਾਲੀ ਸੜਕ, ਅਰਜੁਨ ਪੁੱਤਰ ਜੋਗਿੰਦਰ ਕੁਮਾਰ ਵਾਸੀ ਬਸੰਤ ਵਿਹਾਰ ਕਾਲੀ ਸੜਕ ਅਤੇ ਸਾਗਰ



ਪੁੱਤਰ ਸੁਰੇਸ਼ ਕੁਮਾਰ ਵਾਸੀ ਨੂਰਵਾਲਾ ਰੋਡ ਦੀ ਰੂਪ 'ਚ ਕੀਤੀ ਗਈ ਹੈ। ਏ. ਸੀ. ਪੀ. ਚੌਧਰੀ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਤੋਂ ਲੋਕਾਂ ਦੇ ਲੁੱਟੇ ਹੋਏ ਵੱਖ-ਵੱਖ ਕੰਪਨੀਆਂ ਦੇ 15 ਮੋਬਾਈਲ ਫੋਨ, 2 ਚੋਰੀ ਕੀਤੇ ਹੋਏ ਮੋਟਰਸਾਈਕਲ ਅਤੇ 2 ਲੋਹੇ ਦੇ ਦਾਤਰ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਾਰੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਮੁਲਜ਼ਮਾਂ ਤੋਂ ਹੋਰ ਵਾਰਦਾਤਾਂ ਬਾਰੇ ਪੁੱਛਗਿੱਛ ਕੀਤੀ ਜਾ ਸਕੇ। ਪੁਲਸ ਨੇ ਮੁਲਜ਼ਮਾਂ ਖਿਲਾਫ ਥਾਣਾ ਜੋਧੇਵਾਲ 'ਚ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਏ. ਸੀ. ਪੀ. ਨਾਰਥ ਦਵਿੰਦਰ ਕੁਮਾਰ ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ ਜਦੋਂ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਮੁਲਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਦਾ ਗਿਰੋਹ ਜੋਧੇਵਾਲ ਅਤੇ ਸਲੇਮ ਟਾਬਰੀ ਦੇ ਇਲਾਕੇ 'ਚ ਲੋਕਾਂ ਨੂੰ ਲੁੱਟਣ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਫੈਕਟਰੀ ਵਾਲੇ ਇਲਾਕੇ 'ਚ ਜਾ ਕੇ ਜਦੋਂ ਫੈਕਟਰੀ ਦੇ ਕਰਮਚਾਰੀ ਕੰਮ ਤੋਂ ਵਾਪਸ ਜਾਂਦੇ ਸਨ ਤਾਂ ਉਨ੍ਹਾਂ 'ਤੇ ਹਥਿਆਰਾਂ ਦੀ ਨੋਕ 'ਤੇ ਹਮਲਾ ਬੋਲ ਕੇ ਉਨ੍ਹਾਂ ਤੋਂ ਮੋਬਾਈਲ ਫੋਨ ਅਤੇ ਨਕਦੀ ਲੁੱਟ ਲੈਂਦੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੇ ਸਲੇਮ ਟਾਬਰੀ ਅਤੇ ਜੋਧੇਵਾਲ ਦੇ ਇਲਾਕੇ 'ਚ ਕੀਤੀਆਂ ਗਈਆਂ ਵਾਰਦਾਤਾਂ ਨੂੰ ਕਬੂਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਾਰੇ ਮੁਲਜ਼ਮ ਕਿਸੇ ਵੀ ਤਰ੍ਹਾਂ ਦਾ ਕੋਈ ਕੰਮ ਨਹੀਂ ਕਰਦੇ ਹਨ, ਜੋ ਸਿਰਫ ਆਪਣੀ ਐਸ਼ਪ੍ਰਸਤੀ ਕਰਨ ਲਈ ਲੁੱਟ ਦੀਆਂ ਵਾਰਦਾਤਾਂ ਕਰਦੇ ਸਨ। ਉਨ੍ਹਾਂ ਦੱਸਿਆ ਕਿ ਅੱਜ ਫਿਰ ਮੁਲਜ਼ਮਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਤੋਂ ਬਾਅਦ ਮੁਲਜ਼ਮਾਂ ਤੋਂ ਅੱਗੇ ਦੀ ਪੁੱਛਗਿੱਛ ਕੀਤੀ ਜਾਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਤੇਜਧਾਰ ਹਥਿਆਰਾਂ ਨਾਲ ਲੈਸ ਲੁਟੇਰਿਆਂ ਨੇ ਨੌਜਵਾਨ ਨੂੰ ਬਣਾਇਆ ਨਿਸ਼ਾਨਾ, ਲੋਕਾਂ 'ਚ ਦਹਿਸ਼ਤ

**ਕੌਮੀ ਪਤ੍ਰਿਕਾ**

ਲਾਂਬੜਾ 28 ਜੂਨ। ਐੱਸ. ਐੱਸ. ਪੀ. ਜਲੰਧਰ ਦਿਹਾਤੀ ਮੁੱਖਵਿੰਦਰ ਸਿੰਘ ਭੁੱਲਰ ਵੱਲੋਂ ਹਰ ਥਾਣਾ ਮੁਖੀ ਨੂੰ ਆਪਣੇ- ਆਪਣੇ ਇਲਾਕਿਆਂ ਵਿੱਚ ਖਾਸ ਤੌਰ 'ਤੇ ਰਾਤ ਸਮੇਂ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਟੀ-ਪੁਆਇੰਟਾਂ 'ਤੇ ਪੁਲਸ ਮੁਲਾਜਮਾਂ ਦੀ ਤਾਇਨਾਤੀ ਅਤੇ ਇਲਾਕੇ ਵਿੱਚ ਗਸਤ ਲਗਾਉਣ ਦੇ ਸਖਤ ਨਿਰਦੇਸ ਦਿੱਤੇ ਹੋਏ ਹਨ। ਪਰ ਥਾਣਾ ਲਾਂਬੜਾ ਦੇ ਇਲਾਕੇ ਵਿੱਚ ਐੱਸ. ਐੱਸ. ਪੀ. ਦੇ ਸਖਤ ਹੁਕਮਾਂ ਦੀ ਬੜੀ ਲਾਪਰਵਾਹੀ ਨਾਲ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸੇ ਸਦਕਾ ਬੀਤੀ ਰਾਤ ਤੇਜਧਾਰ ਹਥਿਆਰਾਂ ਨਾਲ ਲੈਸ ਤਿੰਨ ਲੁਟੇਰਿਆਂ ਵੱਲੋਂ ਇਕ ਨੌਜਵਾਨ ਨੂੰ ਲੁੱਟਣ ਦੀ ਨੀਅਤ ਨਾਲ ਨਿਸਾਨਾ ਬਣਾਇਆ ਗਿਆ ਪਰ ਨੌਜਵਾਨ ਨੇ ਮੌਕੇ ਤੋਂ ਦੌੜ ਕੇ ਮਸਾਂ ਆਪਣੀ ਜਾਨ ਬਚਾਈ। ਇਸ ਸਬੰਧੀ ਪੀੜਤ ਨੌਜਵਾਨ ਮੁਕੇਸ ਕੁਮਾਰ ਵਾਸੀ ਪਿੰਡ ਰਾਮਪੁਰ ਨੇ ਦੱਸਿਆ ਕਿ ਸਨੀਵਾਰ ਤੜਕੇ ਕਰੀਬ ਤਿੰਨ ਵਜੇ ਉਹ ਰੋਜਾਨਾ ਦੀ ਤਰ੍ਹਾਂ ਜਲੰਧਰ ਦਫਤਰ ਤੋਂ ਆਪਣਾ ਕੰਮ ਮੁਕਾ ਕੇ ਮੋਟਰਸਾਈਕਲ ਰਾਹੀਂ ਆਪਣੇ ਪਿੰਡ ਨੂੰ ਆ ਰਿਹਾ ਸੀ ਜਦ ਉਹ ਲਾਂਬੜਾ ਦੇ ਚਿੱਟੀ ਮੋੜ ਟੀ-ਪੁਆਇੰਟ ਤੋਂ ਪਿੰਡ ਨੂੰ ਜਾ ਰਿਹਾ ਸੀ ਤਾਂ ਰਸਤੇ ਵਿੱਚ ਤਿੰਨ ਮੋਟਰਸਾਈਕਲ ਸਵਾਰ ਲੁਟੇਰੇ ਉਸ ਦੇ ਪਿੱਛੇ ਆ ਗਏ। ਉਕਤ ਲੁਟੇਰੇ ਤੇਜਧਾਰ ਹਥਿਆਰਾਂ ਨਾਲ ਲੈਸ ਸਨ ਅਤੇ ਉਨ੍ਹਾਂ ਨੇ ਕੱਪੜਿਆਂ ਨਾਲ ਆਪਣੇ ਚਿਹਰੇ



ਲੁਕੋਏ ਹੋਏ ਸਨ। ਲੁਟੇਰਿਆਂ ਨੇ ਉਸ ਨੂੰ ਰੁਕਣ ਦਾ ਇਸਾਰਾ ਕੀਤਾ। ਮੁਕੇਸ ਕੁਮਾਰ ਨੇ ਦੱਸਿਆ ਕਿ ਉਹ ਅਚਾਨਕ ਲੁਟੇਰਿਆਂ ਨੂੰ ਵੇਖ ਕੇ ਘਬਰਾ ਗਿਆ ਅਤੇ ਉਸ ਨੇ ਤੁਰੰਤ ਯੂ-ਟਰਨ ਮਾਰ ਕੇ ਮੋਟਰਸਾਈਕਲ ਦੋਬਾਰਾ ਚਿੱਟੀ ਮੋੜ ਵੱਲ ਮੋੜ ਕੇ ਦੌੜਾਂ ਲਿਆ। ਲੁਟੇਰਿਆਂ ਨੇ ਉਸ ਨੂੰ ਮੋਟਰਸਾਈਕਲ ਤੋਂ ਹੇਠਾਂ ਸੁੱਟਣ ਲਈ ਇਕ ਗੰਡਾਸਾ ਟਾਈਪ ਹਥਿਆਰ ਉਸ ਦੀ ਪਿਛਲੀ ਸੀਟ ਦੇ ਨੇੜੇ ਸਟੈਂਡ ਵਿੱਚ ਫਸਾ ਕੇ ਝਟਕਾ ਦੇਣ ਦੀ ਕੋਸ਼ਿਸ ਕੀਤੀ ਪਰ ਚੰਗੀ ਕਿਸਮਤ ਨਾਲ ਉਹ ਡਿੱਗਿਆ ਨਹੀਂ। ਪੀੜਤ ਨੇ ਦੱਸਿਆ ਕਿ ਡਰਦੇ ਮਾਰੇ ਉਸ ਨੇ ਦੋਬਾਰਾ ਆਪਣੇ ਘਰ ਜਾਣ ਦੀ ਹਿੰਮਤ ਨਹੀਂ ਕੀਤੀ। ਉਸ ਨੇ ਬਾਕੀ ਸਮਾਂ ਲਾਂਬੜਾ ਆਬਾਦੀ ਵਿਖੇ ਆਪਣੇ ਇਕ ਰਿਸਤੇਦਾਰ ਦੇ ਘਰ ਗੁਜਾਰਿਆ। ਪੀੜਤ ਨੇ ਦੱਸਿਆ ਕਿ ਰਾਤ ਸਾਰੇ ਰਸਤੇ ਵਿਚ ਉਸ ਨੂੰ ਕਿਤੇ ਵੀ ਕੋਈ ਪੁਲਸ ਵਾਲਾ ਵਿਖਾਈ ਨਹੀਂ ਦਿੱਤਾ ਅੱਜ ਸਵੇਰ ਲਾਂਬੜਾ ਥਾਣੇ ਵਿਚ ਉਸ ਨੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਇਥੇ ਜ਼ਿਕਰਯੋਗ ਹੈ ਕਿ ਇਹ ਤਿੰਨ ਮੋਟਰਸਾਈਕਲ ਸਵਾਰ ਲੁਟੇਰਿਆਂ ਵੱਲੋਂ ਇਲਾਕੇ ਵਿੱਚ ਪਹਿਲਾਂ ਵੀ ਅਨੇਕਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ ਪਰ ਅਜੇ ਵੀ ਇਹ ਪੁਲਸ ਦੀ ਗ੍ਰਿਫਤ ਤੋਂ ਕਾਫੀ ਦੂਰ ਹੀ ਵਿਖਾਈ ਦੇ ਰਹੇ ਹਨ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਤੱਕ ਪੁਲਸ ਟੀ-ਪੁਆਇੰਟਾਂ 'ਤੇ ਪੁਲਸ ਮੁਲਾਜਮਾਂ ਦੀ ਤਾਇਨਾਤੀ ਵੀ ਹੁੰਦੀ ਸੀ ਅਤੇ ਰਾਤ ਸਮੇਂ ਪੁਲਸ ਵੱਲੋਂ ਗਸਤ ਵੀ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਦਿਨਾਂ ਤੋਂ ਇਹ ਸਭ ਅਚਾਨਕ ਬੰਦ ਕਰ ਦਿੱਤਾ ਗਿਆ ਹੈ। ਇਸੇ ਕਾਰਨ ਇਲਾਕੇ ਵਿਚ ਅਪਰਾਧੀਆਂ ਦੇ ਹੌਂਸਲੇ ਬੁਲੰਦ ਹੋ ਗਏ ਹਨ

## ਹੁਣ ਚਾਈਨਾ ਡੋਰ ਵੇਚਣ ਵਾਲਿਆਂ ਖੈਰ ਨਹੀਂ, ਪ੍ਰਸ਼ਾਸਨ ਸਖਤ, ਦੁਕਾਨਾਂ 'ਚ ਕੀਤੀ ਜਾ ਰਹੀ ਛਾਪੇਮਾਰੀ

ਕਪੂਰਥਲਾ 28 ਜੂਨ। ਹੁਣ ਚਾਈਨਾ ਡੋਰ ਵੇਚਣ ਵਾਲਿਆਂ ਖੈਰ ਨਹੀਂ ਹੈ। ਚਾਈਨਾ ਡੋਰ ਵੇਚਣ, ਸਟੋਰ ਕਰਨ ਅਤੇ ਵਰਤੋਂ ਕਰਨ ਵਾਲਿਆਂ ਖ਼ਿਲਾਫ ਪ੍ਰਸ਼ਾਸਨ ਸਖਤ ਹੋ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵੱਖ-ਵੱਖ ਦੁਕਾਨਾਂ ਦੀ ਛਾਪੇਮਾਰੀ ਲਗਾਤਾਰ ਜਾਰੀ ਹੈ। ਇਸੇ ਤਹਿਤ ਚਾਈਨਾ ਡੋਰ ਦੇ ਮਾਰੂ ਪ੍ਰਭਾਵਾਂ ਨੂੰ ਵੇਖਦੇ ਹੋਏ ਡੋਰ 'ਤੇ ਲਗਾਈ ਗਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਬੰਦੀ 'ਤੇ ਅਮਲ ਕਰਵਾਉਣ ਲਈ ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਵੱਲੋਂ ਬੀਤੇ ਦਿਨੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ 'ਚ ਐੱਸ. ਡੀ. ਐੱਮ. ਕਪੂਰਥਲਾ ਨੂੰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਵੀਰਵਾਰ ਨੂੰ ਐੱਸ. ਡੀ. ਐੱਮ. ਲਾਲ ਵਿਸ਼ਵਾਸ ਬੈਂਸ ਵੱਲੋਂ ਡੀ. ਐੱਸ. ਪੀ. ਸਬ ਡਿਵੀਜਨ ਮਨਿੰਦਰਪਾਲ



ਸਿੰਘ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਵੱਖ-ਵੱਖ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਐੱਸ. ਡੀ. ਐੱਮ. ਲਾਲ ਵਿਸ਼ਵਾਸ ਬੈਂਸ ਨੇ ਕਿਹਾ ਕਿ ਸ਼ਹਿਰ ਕਪੂਰਥਲਾ 'ਚ ਕਿਸੇ ਵੀ ਦੁਕਾਨਦਾਰ ਨੂੰ ਚਾਈਨਾ ਡੋਰ ਵੇਚਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਵੇਚਣ ਤੇ ਸਟੋਰ ਕਰਨ ਵਾਲੇ ਦੁਕਾਨਦਾਰਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ। ਚਾਈਨਾ ਡੋਰ ਦੀ ਵਿਕਰੀ ਅਤੇ ਸਟੋਰ ਕਰਨ ਸਬੰਧੀ ਆਉਣ ਵਾਲੇ ਕਿਸੇ ਵੀ ਸ਼ਿਕਾਇਤ 'ਤੇ ਕਮੇਟੀ ਵੱਲੋਂ ਤੁਰੰਤ ਐਕਸ਼ਨ ਲਿਆ ਜਾਵੇਗਾ। ਇਸ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਹੋਵੇਗੀ। ਇਸ ਮਾਰੂ ਡੋਰ ਤੋਂ ਨਿਜਾਤ ਦਿਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਸੁਚੇਤ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਕੋਈ ਦੁਕਾਨਦਾਰ ਚਾਈਨਾ ਡੋਰ ਵੇਚਦਾ ਫੜਿ਼ਆ ਗਿਆ ਤਾਂ ਉਸ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਦੁਕਾਨਦਾਰਾਂ ਨੂੰ ਚਾਈਨਾ ਡੋਰ ਨਾ ਵੇਚਣ ਤੇ ਪ੍ਰਸਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਐੱਸ. ਐੱਚ. ਓ. ਥਾਣਾ ਸਿਟੀ ਕ੍ਰਿਪਾਲ ਸਿੰਘ, ਪੀ. ਸੀ. ਆਰ. ਇੰਚਾਰਜ ਦਰਸ਼ਨ ਸਿੰਘ ਆਦਿ ਹਾਜਰ ਸਨ।

## ਨਸ਼ੇ ਦੀ ਓਵਰਡੋਜ ਕਾਰਨ ਨੌਜਵਾਨ ਦੀ ਮੌਤ, 6 ਮਹੀਨੇ ਦੇ ਪੁੱਤ ਦੇ ਸਿਰੋਂ ਉੱਠਿਆ ਪਿਓ ਦਾ ਸਾਇਆ

ਝਬਾਲ 28 ਜੂਨ। ਪੰਜਾਬ 'ਚ ਨਸ਼ਿਆ ਨਾਲ ਮਰਨ ਵਾਲੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸੇ ਤਰਾਂ ਬੀਤੇ ਕੱਲ੍ਹ ਥਾਣਾ ਝਬਾਲ ਅਧੀਨ ਆਉਂਦੇ ਪਿੰਡ ਕੋਟ ਧਰਮੂ ਚੰਦ ਕਲਾ ਦੇ ਇਕ ਨੌਜਵਾਨ ਨਸੇ ਦੀ ਵੱਧ ਮਾਤਰਾ ਲੈਣ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪੱਤਰਕਾਰਾ



ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਹਰਪ੍ਰੀਤ ਸਿੰਘ ਹੈਪੀ 22 ਸਾਲ ਪੁੱਤਰ ਬਲਦੇਵ ਸਿੰਘ ਵਾਸੀ ਕੋਟ ਧਰਮ ਚੰਦ ਦੇ ਚਾਚਾ ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਜੋ ਪਿਛਲੇ 3 ਸਾਲ ਤੋਂ ਨਸੇ ਕਰ ਰਿਹਾ ਸੀ। ਅਸੀਂ ਕਈ ਵਾਰ ਉਸ ਨੂੰ ਨਸੇ ਛੱਡਣ ਲਈ ਨਸਾ ਛੁਡਾਊ ਸੈਂਟਰ ਵੀ ਦਾਖਲ ਕਰਵਾਇਆ ਪਰ ਬਾਹਰ ਆਉਣ ਤੋਂ ਬਾਅਦ ਫਿਰ ਨਸੇ ਕਰਨ ਲੱਗ ਪੈਂਦਾ ਸੀ। ਕੱਲ੍ਹ ਵੀ ਉਸਨੇ ਜ਼ਿਆਦਾ ਨਸਾ ਕਰ ਲਿਆ ਜਿਸ ਨਾਲ ਉਸਦੀ ਮੌਤ ਹੋ ਗਈ। ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਪ੍ਰੀਤ ਸਿੰਘ ਦਾ ਇਕ 6 ਮਹੀਨੇ ਦਾ ਮੁੰਡਾ ਹੈ ਅਤੇ ਉਸ ਦੀ ਪਤਨੀ ਦਾ ਨਸ਼ਿਆਂ ਕਾਰਨ ਕਲੇਸ ਰਹਿੰਦਾ ਸੀ ਅਤੇ ਉਹ ਮੁੰਡੇ ਨੂੰ ਪੇਕੇ ਲੈ ਗਈ ਸੀ। ਕਾਮਰੇਡ ਸੁਖਦੇਵ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਨਸ਼ਿਆਂ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੀ ਜਵਾਨੀ ਬਚ ਸਕੇ।

### ਤੂਫਾਨੀ ਤੇਜੀ ਨਾਲ ਸੈਂਸੈਕਸ ਪਹਿਲੀ ਵਾਰ 71,000 ਅੰਕ ਦੇ ਪਾਰ, ਨਿਵੇਸਕਾਂ ਦੀ ਪੂੰਜੀ 'ਚ 2 ਲੱਖ ਕਰੋੜ ਰੁਪਏ ਦਾ ਵਾਧਾ

ਮੁੰਬਈ 28 ਜੂਨ। ਨਿਵੇਸਕਾਂ ਦੀ ਪੂੰਜੀ ਸੁੱਕਰਵਾਰ ਨੂੰ ਸੁਰੂਆਤੀ ਕਾਰੋਬਾਰ ਵਿਚ 2 ਲੱਖ ਕਰੋੜ ਰੁਪਏ ਵਧ ਗਈ ਕਿਉਂਕਿ ਸੈਂਸੈਕਸ ਪਹਿਲੀ ਵਾਰ 71,000 ਅੰਕਾਂ ਦੇ ਪੱਧਰ 'ਤੇ ਪਹੁੰਚ ਗਿਆ। ਗਲੋਬਲ ਬਾਜਾਰ 'ਚ ਸਕਾਰਾਤਮਕ ਰੁਖ ਅਤੇ ਵਿਦੇਸੀ ਫੰਡਾਂ ਦੇ ਲਗਾਤਾਰ ਪ੍ਰਵਾਹ ਕਾਰਨ ਘਰੇਲੂ ਬਾਜਾਰ 'ਚ ਤੇਜੀ ਦੇਖਣ ਨੂੰ ਮਿਲ ਦ ਦੇ ਚਾਚਾ ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਜੋ ਪਿਛਲੇ 3 ਸਾਲ ਤੋਂ ਨਸੇ ਕਰ ਰਿਹਾ ਸੀ। ਅਸੀਂ ਕਈ ਵਾਰ ਉਸ ਨੂੰ ਨਸੇ ਛੱਡਣ ਲਈ ਨਸਾ ਛੁਡਾਊ ਸੈਂਟਰ ਵੀ ਦਾਖਲ ਕਰਵਾਇਆ ਪਰ ਬਾਹਰ ਆਉਣ ਤੋਂ ਦ ਦੇ ਚਾਚਾ ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਜੋ ਪਿਛਲੇ 3 ਸਾਲ ਤੋਂ ਨਸੇ ਕਰ ਰਿਹਾ ਸੀ। ਅਸੀਂ ਕਈ ਵਾਰ ਉਸ ਨੂੰ ਨਸੇ ਛੱਡਣ ਲਈ ਨਸਾ ਛੁਡਾਊ ਸੈਂਟਰ ਵੀ ਦਾਖਲ ਕਰਵਾਇਆ ਪਰ ਬਾਹਰ ਆਉਣ ਤੋਂ ਰਹੀ ਹੈ। ਬੀਐਸਈ ਦਾ 30 ਸੇਅਰਾਂ ਵਾਲਾ ਸੂਚਕਾਂਕ ਸੈਂਸੈਕਸ ਸਵੇਰ ਦੇ ਸੌਦਿਆਂ ਦੌਰਾਨ 569.88 ਅੰਕਾਂ ਦੀ ਛਾਲ ਮਾਰ ਕੇ 71,084.08 ਦੇ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਿਆ। ਸੂਚੀਬੱਧ ਕੰਪਨੀਆਂ ਦਾ ਬਾਜਾਰ ਪੂੰਜੀਕਰਣ () ਸੁਰੂਆਤੀ ਵਪਾਰ ਵਿੱਚ 357 ਲੱਖ ਕਰੋੜ ਰੁਪਏ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਇਸ ਤੋਂ ਪਹਿਲਾਂ ਸੋਮਵਾਰ ਨੂੰ ਸੁਰੂਆਤੀ ਕਾਰੋਬਾਰ 'ਚ ਸੈਂਸੈਕਸ ਨੇ ਪਹਿਲੀ ਵਾਰ 70,000 ਦੇ ਪੱਧਰ ਦੇ ਪਾਰ ਗਿਆ ਸੀ।

## ਇਨਸਾਨੀਅਤ ਦੀ ਮਿਸਾਲ, ਤੂਫਾਨ ਨੇ ਉਜਾੜੇ ਆਸ਼ੀਆਨੇ ਵਸਾਉਣ ਲਈ ਉੱਠੇ ਹੱਥ, ਪੁਲਸ ਤੇ ਵਿਧਾਇਕ ਵੀ ਆਏ ਅੱਗੇ

**ਕੌਮੀ ਪਤ੍ਰਿਕਾ**

ਫਾਜਿਲਕਾ 28 ਜੂਨ। ਜ਼ਿਲ੍ਹੇ ਦੇ ਪਿੰਡ ਬਕੈਨਵਾਲਾ 'ਚ 25 ਮਾਰਚ ਨੂੰ ਆਏ ਚੱਕਰਵਾਦ ਤੂਫਾਨ ਕਾਰਨ 58 ਤੋਂ ਜ਼ਿਆਦਾ ਘਰ ਢਹਿ-ਢੇਰੀ ਹੋ ਗਏ ਸਨ ਅਤੇ 6 ਤੋਂ ਵੱਧ ਲੋਕ ਗੰਭੀਰ ਜਖਮੀ ਦੱਸੇ ਜਾ ਰਹੇ ਸਨ। ਇਸ ਭਿਆਨਕ ਚੱਕਰਵਾਦ ਤੋਂ ਬਾਅਦ ਲਗਭਗ ਪਿੰਡ ਵਾਲੇ ਸਿਰ 'ਤੇ ਛੱਤ ਤੋਂ ਬਿਨਾਂ ਖੁੱਲ੍ਹੇ ਆਸਮਾਨ ਹੇਠਾਂ ਰਹਿ ਰਹੇ ਸਨ। ਅਜਿਹੇ 'ਚ ਪੀੜਤ ਲੋਕਾਂ ਦੀ ਮਦਦ ਲਈ ਪ੍ਰਸ਼ਾਸਨਿਕ ਅਧਿਕਾਰੀ ਸਾਹਮਣੇ ਆ ਰਹੇ ਹਨ। ਦੱਸ ਦੇਈਏ ਕਿ ਡੀ. ਸੀ. , ਐੱਸ. ਡੀ. ਐੱਮ. ਸਮੇਤ ਹੋਰ ਵੀ ਕਈ ਅਧਿਕਾਰੀ ਇਕ-ਇਕ ਦਿਨ ਦੀ ਤਨਖਾਹ ਪੀੜਤਾਂ ਦੇ ਦੇ ਚੁੱਕੇ ਹਨ। ਇਸੇ ਕੜੀ ਤਹਿਤ ਐਤਵਾਰ ਨੂੰ ਪੰਜਾਬ ਪੁਲਸ ਦੇ ਜਵਾਨਾਂ ਨੇ ਪੀੜਤਾਂ ਨੂੰ 1.5 ਲੱਖ ਦਾ ਚੈੱਕ ਸੌਂਪਿਆ। ਇਹ ਚੈੱਕ ਜ਼ਿਲ੍ਹੇ ਦੀ ਐੱਸ. ਐੱਸ. ਪੀ. ਅਵਨੀਤ ਕੌਰ ਸਿੱਧੂ ਨੇ ਪਿੰਡ ਦੇ ਸਰਪੰਚ ਨੂੰ ਸੌਂਪਿਆ। ਇਸ ਤੋਂ ਪਹਿਲਾਂ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਾਵਨਾ ਨੇ ਇਕ ਮਹੀਨੇ ਦੀ ਤਨਖਾਹ, ਡਿਪਟੀ



ਕਮਿਸ਼ਨਰ ਨੇ 25 ਹਜਾਰ ਰੁਪਏ ਨਕਦੀ, ਤਹਿਸੀਲਦਾਰ ਤੇ ਬੀ. ਡੀ. ਪੀ. ਓ. ਨੇ 50 ਹਜਾਰ ਰੁਪਏ ਤੇ ਇਨ੍ਹਾਂ ਤੋਂ ਇਲਾਵਾ ਫਾਜ਼ਿਲਕਾ ਦੀ ਪ੍ਰਧਾਨ ਪੂਜਾ ਲੂਧਰਾ ਸਚਦੇਵਾ ਵੱਲੋਂ 12 ਪਰਿਵਾਰਾਂ ਦੀ 5100-5100 ਹਜਾਰ ਦੀ ਸਹਾਇਤ ਕਰ ਚੁੱਕੇ ਹਨ। ਇਸ ਤਰ੍ਹਾਂ ਮਿਲ ਰਹੀ ਸਹਾਇਤਾ ਕਰਨ ਪੀੜਤ ਆਪਣੇ ਗੁਜਾਰਾ ਕਰ ਰਹੇ ਹਨ। ਮੋਗਾ ਜ਼ਿਲ੍ਹੇ ਨਾਲ ਸਬੰਧਤ ਸੰਸਥਾ ਬਾਬੇ ਕੇ ਹੈਲਪੀਇੰਗ ਐਂਡ ਚੈਰੀਟੇਬਲ ਟਰੱਸਟ ਨੇ ਪਿੰਡ ਦੇ 3 ਘਰਾਂ ਦੀ ਮੁਰੰਮਤ ਕਰਵਾਉਣ 'ਚ ਸਹਾਇਤਾ ਕੀਤੀ ਹੈ। ਇਨ੍ਹਾਂ ਵਿੱਚੋਂ 3 ਧਕੋਂ ਦੇ ਨਿਰਮਾਣ ਦਾ ਕੰਮ ਲਗਭਗ ਖਤਮ ਹੋਣ ਦੇ ਨਜਦੀਕ ਹੈ। ਪ੍ਰਸ਼ਾਸਨ ਅਤੇ ਪਿੰਡ ਦੇ ਲੋਕਾਂ ਵੱਲੋਂ ਇਕੱਠੇ ਕੀਤੇ ਪੈਸਿਆਂ ਤੋਂ 3 ਹੋਰ ਘਰਾਂ ਦਾ ਨਿਰਮਾਣ ਕੀਤਾ ਜਾ ਰਹੀ ਹੈ। ਇਸ ਦੇ ਨਾਲ ਹੀ ਤੂਫਾਨ ਕਾਰਨ ਹੋਏ ਨੁਕਸਾਨ ਦਾ ਪਤਾ ਲੱਗਣ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਅਤੇ ਪੰਜਾਬ ਕਿਸਾਨ ਮਜਦੂਰ ਯੂਨੀਅਨ ਵੀ ਪੀੜਤਾਂ ਲਈ 2 ਟਰਾਲੀਆਂ ਕਣਕ ਭੇਜ ਚੁੱਕੀ ਹੈ।

## ਪਤੀ ਦੇ ਸ਼ੱਕ ਕਾਰਨ ਉਜੜਿਆ ਹੱਸਦਾ-ਵਸਦਾ ਪਰਿਵਾਰ, ਪਤਨੀ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਕਰ 'ਤਾ ਕਤਲ

ਅੰਮ੍ਰਿਤਸਰ 28 ਜੂਨ। ਥਾਣਾ ਸੁਲਤਾਨਵਿੰਡ ਤਹਿਤ ਆਉਂਦੇ ਇਲਾਕੇ ਭਾਈ ਮੰਝ ਸਿੰਘ ਰੋਡ 'ਤੇ ਇਕ ਵਿਅਕਤੀ ਨੇ ਸ਼ੱਕ ਕਾਰਨ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਕਾਤਲ ਦੀ ਪਤਨੀ ਕੁਝ ਹੀ ਦਿਨਾਂ ਵਿਚ ਵਿਦੇਸ਼ ਜਾਣ ਵਾਲੀ ਸੀ ਅਤੇ ਦੋਵੇਂ ਪਤੀ-ਪਤਨੀ ਇਕ-ਦੂਜੇ 'ਤੇ ਹੀ ਸ਼ੱਕ ਕਰਦੇ ਸਨ। ਇਹ ਵੀ ਪਤਾ ਲੱਗਾ ਹੈ ਕਿ ਅਜੇ ਇਕ-ਦੋ ਦਿਨ ਪਹਿਲਾਂ ਹੀ ਉਕਤ ਪਤੀ-ਪਤਨੀ ਦਰਮਿਆਨ ਕਾਫੀ ਤੂੰ-ਤੂੰ ਮੈਂ-ਮੈਂ ਹੋਈ ਸੀ ਅਤੇ ਉਸ ਦੀ ਪਤਨੀ ਦਾ ਪਿਤਾ ਉਕਤ ਦੋਵਾਂ ਵਿਚ ਰਾਜੀਨਾਮਾ ਕਰਵਾ ਕੇ ਗਿਆ ਸੀ। ਜਾਂਚ ਅਧਿਕਾਰੀ ਏ. ਐੱਸ. ਆਈ. ਅਮਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦਾ ਨਾਂ ਗੁਰਜੀਤ ਕੌਰ ਹੈ ਅਤੇ ਉਸ ਦੇ ਪਤੀ ਦਾ ਨਾਂ ਹਰਪਾਲ ਸਿੰਘ ਹੈ। ਇਹ ਭਾਈ ਮੰਝ ਸਿੰਘ ਰੋਡ ਸਥਿਤ ਕਾਨੇ ਵਾਲੇ ਟੋਏ ਦੇ ਵਾਸੀ ਸਨ ਅਤੇ ਇਹ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ। ਫਿਲਹਾਲ ਕਤਲ ਕਰਨ ਤੋਂ ਬਾਅਦ ਦੋਸ਼ੀ ਪਤੀ ਹਰਪਾਲ ਸਿੰਘ ਫਰਾਰ ਹੈ ਅਤੇ ਪੁਲਸ ਨੇ ਉਸ ਨੂੰ ਫੜ੍ਹਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਦੋਸ਼ੀ ਪਤੀ ਉਸ ਦੇ ਵਿਦੇਸ਼ ਜਾਣ ਦਾ ਪਹਿਲਾਂ ਤੋਂ ਹੀ ਵਿਰੋਧ ਕਰ ਰਿਹਾ ਸੀ ਅਤੇ ਇਸ ਕਾਰਨ ਗੁੱਸੇ ਵਿਚ ਆ ਕੇ ਹਰਪਾਲ ਸਿੰਘ ਨੇ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦੋਸ਼ੀ ਹਰਪਾਲ ਸਿੰਘ ਕੋਈ ਕੰਮ ਧੰਦਾ ਨਹੀਂ ਕਰਦਾ ਸੀ ਅਤੇ ਉਨ੍ਹਾਂ ਦੀ ਲੜਕੀ ਗੁਰਜੀਤ ਕੌਰ ਵਿਦੇਸ਼ ਜਾਣ ਵਾਲੀ ਸੀ ਅਤੇ ਛੇਤੀ ਹੀ ਟਿਕਟ ਵੀ ਕਰਵਾਉਣ ਵਾਲੀ ਸੀ। ਇਨ੍ਹਾਂ ਦੇ ਵਿਆਹ ਨੂੰ ਤਕਰੀਬਨ 15 ਸਾਲ ਹੋ ਗਏ ਸਨ ਅਤੇ ਇਨ੍ਹਾਂ ਦੇ 2 ਬੱਚੇ ਹਨ।

## ਇਨਸਾਨੀਅਤ ਸ਼ਰਮਸਾਰ, ਅਬੋਹਰ 'ਚ ਸ਼ਮਸ਼ਾਨਘਾਟ 'ਚੋਂ ਮਿਲਿਆ ਬੱਚੀ ਦਾ ਭਰੂਣ, ਨੋਚ-ਨੋਚ ਖਾ ਰਹੇ ਸੀ ਕੁੱਤੇ

ਅਬੋਹਰ 28 ਜੂਨ। ਸਥਾਨਕ ਇੰਦਰਾ ਨਗਰੀ ਰੋਡ ਮੁੱਖ ਸ਼ਮਸ਼ਾਨਘਾਟ 'ਚ ਬੁੱਧਵਾਰ ਸਵੇਰੇ ਇਕ ਨਵਜੰਮੀ ਬੱਚੀ ਦਾ ਭਰੂਣ ਮਿਲਣ ਕਾਰਨ ਸਨਸਨੀ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਨਰ ਸੇਵਾ ਨਾਰਾਇਣ ਸੇਵਾ ਸੰਮਤੀ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਸਿਟੀ ਵਨ ਪੁਲਸ ਨੂੰ ਸੂਚਿਤ ਕੀਤਾ। ਵਰਣਨਯੋਗ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਲਸ ਦੀ ਨਾਕਾਮਯਾਬੀ ਨਜਰ ਆਈ ਕਿਉਂਕਿ ਪੁਲਸ ਅੱਜ ਤੱਕ ਮਿਲੇ ਕੰਨਿਆ ਭਰੂਣ ਦੇ ਮਾਮਲਿਆਂ 'ਚ ਮੁਲਜ਼ਮਾਂ ਦਾ ਪਤਾ ਨਹੀਂ ਲੱਗਾ ਪਾਈ। ਅੱਜ ਵੀ ਕੇਸ ਦੀ ਖਾਨਾਪੂਰਤੀ ਲਈ ਥਾਣਾ ਨੰ. 1 ਦੇ ਏ. ਐੱਸ. ਆਈ. ਹੀ ਸਿਰਫ ਘਟਨਾ ਬਾਅਦ ਮੌਕੇ 'ਤੇ ਪਹੁੰਚੇ। ਜਾਣਕਾਰੀ ਮੁਤਾਬਕ ਸ਼ਮਸ਼ਾਨਘਾਟ 'ਚ ਸਸਕਾਰ ਦੇ ਮੌਕੇ 'ਤੇ ਪਹੁੰਚੇ ਨਰ ਸੇਵਾ ਨਾਰਾਇਣ ਸੇਵਾ ਸੰਮਤੀ ਦੇ ਮੈਂਬਰ ਦਿਨੇਸ਼ ਗੋਇਲ ਨੇ ਦੇਖਿਆ ਕਿ ਸ਼ਮਸ਼ਾਨਘਾਟ 'ਚ ਕੁਝ ਖੂੰਖਾਰ ਕੁੱਤੇ ਕਿਸੇ ਚੀਜ ਨੂੰ ਨੋਚ ਰਹੇ ਸੀ ਜਦ ਉਨ੍ਹਾਂ ਕੋਲ ਜਾ ਕੇ ਦੇਖਿਆ ਤਾਂ ਪਾਇਆ ਕਿ ਉਹ ਇਕ ਕੰਨਿਆ ਭਰੂਣ ਸੀ, ਜਿਸਨੂੰ ਕੁੱਤੇ ਨੋਚ ਰਹੇ ਸੀ। ਉਨ੍ਹਾਂ ਜਲਦ ਕੁੱਤਿਆਂ ਨੂੰ ਉਥੋਂ ਭਜਾਇਆ ਅਤੇ ਇਸਦੀ ਸੂਚਨਾ ਸੰਮਤੀ ਸੇਵਾਦਾਰਾਂ ਨੂੰ ਦਿੱਤੀ। ਜਿਸ 'ਤੇ ਬਿੱਟੂ ਨਰੂਲਾ, ਰਵੀ, ਚਿਮਨ ਲਾਲ ਮੌਕੇ 'ਤੇ ਪਹੁੰਚੇ ਅਤੇ ਇਸਦੀ ਸੂਚਨਾ ਸਿਟੀ ਵਨ ਪੁਲਸ ਨੂੰ ਦਿੱਤੀ।

## ਐਮਰਜੈਂਸੀ ਦੌਰਾਨ ਔਰਤਾਂ ਨੂੰ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ: ਨਾਇਬ ਸਿੰਘ ਸੈਣੀ

Contd..............Front page

ਐਮਰਜੈਂਸੀ ਤੋਂ ਬਾਅਦ ਔਰਤਾਂ ਨੇ ਆਮ ਚੋਣਾਂ ਵਿੱਚ ਪਹਿਲਾਂ ਨਾਲੋਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਐਮਰਜੈਂਸੀ ਦੌਰਾਨ ਔਰਤਾਂ ਦੁਆਰਾ ਨਿਭਾਈ ਗਈ ਜ਼ਿੰਮੇਵਾਰੀ ਸ਼ਲਾਘਾਯੋਗ ਹੈ।

**ਐਮਰਜੈਂਸੀ ਦੌਰਾਨ ਸੰਵਿਧਾਨ ਨੂੰ ਕੁਚਲ ਦਿੱਤਾ ਗਿਆ ਸੀ।**

ਮੁੱਖ ਮੰਤਰੀ ਨੇ ਕਿਹਾ ਕਿ ਐਮਰਜੈਂਸੀ ਦੌਰਾਨ ਸੰਵਿਧਾਨ ਨੂੰ ਕੁਚਲਿਆ ਗਿਆ ਸੀ। ਇਹ ਕੋਈ ਸਧਾਰਨ ਮਾਮਲਾ ਨਹੀਂ ਹੈ। ਇਹ ਸਾਨੂੰ ਉਸ ਸਮੇਂ ਦੀ ਯਾਦ ਦਿਵਾਉਂਦਾ ਹੈ ਜਦੋਂ ਪੂਰੇ ਦੇਸ਼ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਸੰਵਿਧਾਨ ਨੂੰ ਪਾਸੇ ਰੱਖ ਕੇ ਇੱਕ ਪਰਿਵਾਰ ਦੀ ਸੱਤਾ ਬਚਾਉਣ ਲਈ ਦੇਸ਼ ਨੂੰ ਜੇਲ੍ਹ ਵਿੱਚ ਬਦਲ ਦਿੱਤਾ ਗਿਆ ਸੀ। ਅੱਜ , ਜਦੋਂ ਇੰਨੀਆਂ ਜਾਗਰੂਕ ਮਾਵਾਂ ਅਤੇ ਭੈਣਾਂ ਮੌਜੂਦ ਹਨ , ਮੈਨੂੰ ਵਿਸ਼ਵਾਸ ਹੈ ਕਿ ਕੋਈ ਵੀ ਇਸ ਦੇਸ਼ ਦੀ ਲੋਕਤੰਤਰੀ ਚੇਤਨਾ ਨੂੰ ਦੁਬਾਰਾ ਨਹੀਂ ਕੁਚਲ ਸਕਦਾ। ਉਨ੍ਹਾਂ ਕਿਹਾ ਕਿ 25 ਜੂਨ 1975 ਦੀ ਰਾਤ ਨੂੰ ਸੰਵਿਧਾਨ ਦੀ ਦੁਰਵਰਤੋਂ ਕਰਕੇ ਐਮਰਜੈਂਸੀ ਲਗਾਈ ਗਈ ਸੀ। ਜਿਸ ਕਾਰਨ ਹਰ ਵਿਅਕਤੀ ਦੇ ਅਧਿਕਾਰਾਂ ਨੂੰ ਦਬਾਇਆ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਐਮਰਜੈਂਸੀ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਰੱਖਿਆ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਭੁਲਾਇਆ ਜਾ ਰਿਹਾ ਹੈ ਪਰ ਸ਼੍ਰੀ ਮੋਦੀ ਨੇ ਉਸ ਕਾਲੇ ਅਧਿਆਇ ਦਾ ਵਿਰੋਧ ਕਰਨ ਵਾਲਿਆਂ ਨੂੰ ਯਾਦ ਕਰਕੇ ਆਮ ਲੋਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਹੈ। ਅੱਜ ਸੰਸਦ ਵਿੱਚ ਵਿਰੋਧੀ ਧਿਰ ਦਾ ਮਾਣ ਬਹੁਤ ਘੱਟ ਰਿਹਾ ਹੈ। ਵਿਰੋਧੀ ਧਿਰ ਨਾ ਸਿਰਫ਼ ਲੋਕਤੰਤਰ ਦਾ ਅਪਮਾਨ ਕਰ ਰਹੀ ਹੈ ਸਗੋਂ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦਾ ਕੰਮ ਵੀ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੰਸਦ ਵਿੱਚ ਮਾਣ-ਮਰਿਆਦਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਅਜਿਹੀ ਸਥਿਤੀ ਵਿੱਚ, ਵਿਰੋਧੀ ਧਿਰ ਨੂੰ ਰਾਸ਼ਟਰੀ ਹਿੱਤ ਵਿੱਚ ਸੰਸਦ ਦੀ ਕਾਰਵਾਈ ਚਲਾਉਣ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਸੰਸਦ ਦੀ ਕਾਰਵਾਈ ਵਿੱਚ ਵਾਰ-ਵਾਰ ਵਿਘਨ ਪਾਉਣਾ ਇੱਕ ਗੰਭੀਰ ਮੁੱਦਾ ਹੈ। ਇਸ ਨਾਲ ਨਾ ਸਿਰਫ਼ ਸੰਸਦ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ ਬਲਕਿ ਦੇਸ਼ ਦੇ ਵਿਕਾਸ ਦੀ ਗਤੀ ਵੀ ਹੌਲੀ ਹੋ ਜਾਂਦੀ ਹੈ। ਸੂਬਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਕਾਰਾਤਮਕ ਸੋਚ ਨੂੰ ਅੱਗੇ ਵਧਾ ਰਿਹਾ ਹੈ ਅਤੇ ਹਰਿਆਣਾ ਇੱਕ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਆਪਣਾ ਬੇਮਿਸਾਲ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਵਧ ਰਿਹਾ ਹੈ। ਮਹਿਲਾ ਮੌਕ ਪਾਰਲੀਮੈਂਟ ਵਿੱਚ ਭਾਜਪਾ ਮਹਿਲਾ ਮੋਰਚਾ ਹਰਿਆਣਾ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਤੁਸੀਂ ਇਹ ਪਲੇਟਫਾਰਮ ਬਣਾਇਆ ਹੈ ਜਿੱਥੇ ਔਰਤਾਂ ਨਾ ਸਿਰਫ਼ ਬੋਲ ਰਹੀਆਂ ਹਨ , ਸਗੋਂ ਅਗਵਾਈ ਵੀ ਕਰ ਰਹੀਆਂ ਹਨ। ਸਿਰਫ਼ ਸਵਾਲ ਹੀ ਨਹੀਂ ਉਠਾ ਰਹੀਆਂ , ਸਗੋਂ ਹੱਲ ਵੀ ਦੇ ਰਹੀਆਂ ਹਨ। ਇਹੀ ਲੋਕਤੰਤਰ ਹੈ , ਇਹੀ ਸੰਵਿਧਾਨ ਦੀ ਆਤਮਾ ਹੈ , ਇਹੀ ਭਾਜਪਾ ਦਾ ਮੂਲ ਮੰਤਰ ਹੈ। ਮਹਿਲਾ ਸ਼ਕਤੀ ਨੂੰ ਨਮਨ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਇਸ ਮਹਿਲਾ ਸੰਸਦ ਵਿੱਚ ਖੜ੍ਹੇ ਹੋ ਕੇ ਮੈਂ ਤੁਹਾਨੂੰ ਸਾਰਿਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਸ ਭਾਰਤ ਲਈ ਸਾਡੇ ਦੇਸ਼ ਵਾਸੀਆਂ ਨੇ ਐਮਰਜੈਂਸੀ ਦੌਰਾਨ ਕੁਰਬਾਨੀ ਦਿੱਤੀ , ਜਿਸ ਲੋਕਤੰਤਰ ਲਈ ਲੱਖਾਂ ਮਾਵਾਂ ਦੀਆਂ ਅੱਖਾਂ ਸਾਰੀ ਰਾਤ ਰੋਂਦੀਆਂ ਰਹੀਆਂ , ਉਸ ਲੋਕਤੰਤਰ ਦੀ ਸ਼ਾਨ ਨੂੰ ਹੁਣ ਕੋਈ ਛੂਹ ਵੀ ਨਹੀਂ ਸਕਦਾ।

## ਕਿਰਾਏਦਾਰ ਨੇ ਲੋਹੇ ਦੀਆਂ ਰਾਡਾਂ ਤੇ ਡੰਡਿਆਂ ਨਾਲ ਕੁੱਟਿਆ ਮਕਾਨ ਮਾਲਕ

ਚੰਡੀਗੜ੍ਹ 28 ਜੂਨ। ਧਨਾਸ 'ਚ ਕਿਰਾਏਦਾਰ ਨੇ ਮਾਮੂਲੀ ਝਗੜੇ ਕਾਰਨ ਮਕਾਨ ਮਾਲਕ 'ਤੇ ਲੋਹੇ ਦੀਆਂ ਰਾਡਾਂ ਅਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਮਕਾਨ ਮਾਲਕ ਦੇ ਹੱਥਾਂ ਅਤੇ ਲੱਤਾਂ 'ਚ ਗੰਭੀਰ ਸੱਟਾਂ ਲੱਗੀਆਂ ਅਤੇ ਕਈ ਹੱਡੀਆਂ ਟੁੱਟ ਗਈਆਂ। ਪੁਲਸ ਨੇ ਜ਼ਖਮੀ ਧਨਾਸ ਨਿਵਾਸੀ ਆਕਾਸ਼ਦੀਪ ਨੂੰ ਸੈਕਟਰ-16 ਵਿਚ ਦਾਖ਼ਲ ਕਰਵਾਇਆ। ਆਕਾਸ਼ਦੀਪ ਦੇ ਬਿਆਨ ਦੇ ਆਧਾਰ 'ਤੇ ਸਾਰੰਗਪੁਰ ਥਾਣਾ ਪੁਲਸ ਨੇ ਹਮਲਾਵਰਾਂ ਇਰਫਾਨ ਖਾਨ, ਫਰਮਾਨ ਖਾਨ, ਹਾਰੂਨ ਅਤੇ ਵਿਨੋਦ ਚੌਹਾਨ ਖ਼ਿਲਾਫ਼ ਮਾਮਲਾ ਦਰਜ ਕੀਤਾ। ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਧਨਾਸ ਨਿਵਾਸੀ ਆਕਾਸ਼ਦੀਪ ਸਿੰਘ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ 14 ਜੂਨ ਨੂੰ ਉਹ ਸ਼ਾਮ 7 ਵਜੇ ਦੇ ਕਰੀਬ ਬਾਜ਼ਾਰ ਤੋਂ ਘਰ ਵਾਪਸ ਆਇਆ। ਕਿਰਾਏਦਾਰ ਇਰਫਾਨ ਖਾਨ ਨੇ ਸਕੂਟਰ ਅਤੇ ਬੈੱਡ ਘਰ ਦੇ ਗੇਟ ਦੇ ਸਾਹਮਣੇ ਰੱਖਿਆ ਹੋਇਆ ਸੀ। ਜਦੋਂ ਉਸਨੇ ਸਮਾਨ ਹਟਾਉਣ ਲਈ ਕਿਹਾ ਤਾਂ ਇਰਫਾਨ ਨੇ ਇਨਕਾਰ ਕਰ ਦਿੱਤਾ। ਇਸ ਗੱਲ ਨੂੰ ਲੈ ਕੇ ਦੋਹਾਂ ਵਿਚਕਾਰ ਬਹਿਸ ਹੋ ਗਈ। ਜਿਵੇਂ ਹੀ ਝਗੜਾ ਵਧਿਆ ਮੁਲਜ਼ਮ ਇਰਫਾਨ ਨੇ ਆਪਣੇ ਭਰਾਵਾਂ ਹਾਰੂਨ ਅਤੇ ਫਰਮਾਨ ਨੂੰ ਮੌਕੇ 'ਤੇ ਬੁਲਾਇਆ। ਉਹ ਲੋਹੇ ਦੀਆਂ ਰਾਡਾਂ ਅਤੇ ਡੰਡਿਆਂ ਨਾਲ ਲੈਸ ਸਨ ਅਤੇ ਆਉਂਦੇ ਹੀ ਆਕਾਸ਼ਦੀਪ 'ਤੇ ਹਮਲਾ ਕਰ ਦਿੱਤਾ। ਕੁੱਝ ਹੀ ਦੇਰ ਵਿਚ ਵਿਨੋਦ ਚੌਹਾਨ ਨਾਂ ਦਾ ਇੱਕ ਹੋਰ ਵਿਅਕਤੀ ਮੌਕੇ 'ਤੇ ਪਹੁੰਚਿਆ ਅਤੇ ਮੁਲਜ਼ਮਾਂ ਨੂੰ ਗਰਾਊਂਡ ਫਲੋਰ ਦਾ ਤਾਲਾ ਤੋੜਨ ਅਤੇ ਘਰ ਨੂੰ ਅੱਗ ਲਗਾਉਣ ਲਈ ਉਕਸਾਉਣਾ ਲੱਗਾ। ਰੌਲਾ ਸੁਣ ਕੇ ਆਕਾਸ਼ਦੀਪ ਦੇ ਪਿਤਾ ਮੌਕੇ 'ਤੇ ਪਹੁੰਚੇ ਅਤੇ ਆਪਣੇ ਪੁੱਤਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

## ਪੰਜਾਬ ਦੀਆਂ ਸਰਹੱਦਾਂ ਸੀਲ ! ਨਾਕਿਆਂ 'ਤੇ ਹਜ਼ਾਰ ਦੇ ਕਰੀਬ ਪੁਲਸ ਮੁਲਾਜ਼ਮ ਤਾਇਨਾਤ

ਚੰਡੀਗੜ੍ਹ/ਜਲੰਧਰ 28 ਜੂਨ। 'ਯੁੱਧ ਨਸ਼ਿਆਂ ਵਿਰੁੱਧ' ਦਰਮਿਆਨ ਪੰਜਾਬ ਪੁਲਸ ਵੱਲੋਂ ਸ਼ੁੱਕਰਵਾਰ ਨੂੰ ਵਿਸ਼ੇਸ਼ ਆਪ੍ਰੇਸ਼ਨ 'ਓ.ਪੀ.ਐੱਸ. ਸੀਲ-15' ਚਲਾਇਆ ਗਿਆ, ਜਿਸ ਦੌਰਾਨ ਨਸ਼ਿਆਂ ਅਤੇ ਸ਼ਰਾਬ ਦੀ ਸਮੱਗਲਿੰਗ 'ਤੇ ਨਜ਼ਰ ਰੱਖਣ ਦੇ ਮੰਤਵ ਨਾਲ ਸਰਹੱਦੀ ਸੂਬੇ ਪੰਜਾਬ 'ਚ ਦਾਖਲ ਹੋਣ ਜਾਂ ਇਥੋਂ ਬਾਹਰ ਜਾਣ ਵਾਲੇ ਸਾਰੇ ਵਾਹਨਾਂ ਦੀ ਜਾਂਚ ਕੀਤੀ ਗਈ। ਡਾਇਰੈਕਟਰ ਜਨਰਲ ਆਫ਼ ਪੁਲਸ (ਡੀ. ਜੀ. ਪੀ.) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ ਜ਼ਿਲਿਆਂ 'ਚ ਸਵੇਰੇ 6 ਤੋਂ ਦੁਪਹਿਰ 2 ਵਜੇ ਤੱਕ ਇਕੋ ਸਮੇਂ ਚਲਾਏ ਗਏ ਇਸ ਆਪ੍ਰੇਸ਼ਨ ਦੌਰਾਨ ਸਰਹੱਦੀ ਜ਼ਿਲਿਆਂ ਦੇ ਸਾਰੇ ਐੱਸ. ਐੱਸ. ਪੀਜ਼. ਨੂੰ ਜ਼ਿਲਿਆਂ ਦੀਆਂ ਰਣਨੀਤਕ ਥਾਵਾਂ 'ਤੇ ਸਾਂਝੇ ਨਾਕੇ ਲਾਉਣ ਦੇ ਨਾਲ-ਨਾਲ ਗਜ਼ਟਿਡ ਅਧਿਕਾਰੀਆਂ/ਐੱਸ.ਐੱਚ.ਓਜ਼.



ਦੀ ਨਿਗਰਾਨੀ ਹੇਠ ਸੀਲਿੰਗ ਪੁਆਇੰਟਾਂ 'ਤੇ ਮਜ਼ਬੂਤ 'ਨਾਕੇ' ਲਾਉਣ ਲਈ ਵੱਧ ਤੋਂ ਵੱਧ ਪੁਲਸ ਟੀਮਾਂ ਲਾਉਣ ਦੇ ਨਿਰਦੇਸ਼ ਦਿੱਤੇ ਗਏ। ਵਿਸ਼ੇਸ਼ ਡੀ. ਜੀ. ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇੰਸਪੈਕਟਰਾਂ/ਡੀ.ਐੱਸ.ਪੀਜ਼ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਸ ਕਰਮਚਾਰੀਆਂ ਵੱਲੋਂ ਆਪਸੀ ਤਾਲਮੇਲ ਨਾਲ 10 ਜ਼ਿਲਿਆਂ, ਜਿਨ੍ਹਾਂ ਦੀ ਹੱਦ ਚਾਰ ਸਰਹੱਦੀ ਸੂਬਿਆਂ ਅਤੇ ਯੂ. ਟੀ. ਚੰਡੀਗੜ੍ਹ ਨਾਲ ਲੱਗਦੀ ਹੈ, ਦੇ ਘੱਟੋ-ਘੱਟ 93 ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਮਜ਼ਬੂਤ ਨਾਕੇ ਲਾਏ ਗਏ। ਇਨ੍ਹਾਂ 10 ਅੰਤਰਰਾਜੀ ਸਰਹੱਦੀ ਜ਼ਿਲਿਆਂ 'ਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐੱਸ. ਏ. ਐੱਸ. ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ। ਇਸ ਦੌਰਾਨ ਸੂਬੇ 'ਚ ਦਾਖਲ ਹੋਣ/ਬਾਹਰ ਜਾਣ ਵਾਲੇ 3180 ਵਾਹਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚੋਂ 367 ਵਾਹਨਾਂ ਦੇ ਚਲਾਨ ਕੱਟਣ ਦੇ ਨਾਲ-ਨਾਲ ਸੱਤ ਵਾਹਨਾਂ ਨੂੰ ਜ਼ਬਤ ਕੀਤਾ ਗਿਆ। ਇਸ ਤੋਂ ਇਲਾਵਾ ਪੁਲਸ ਟੀਮਾਂ ਨੇ 111ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਨੂੰ ਜਾਰੀ ਰੱਖਦਿਆਂ ਅੱਜ 505 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ 'ਚ 98 ਐੱਫ.ਆਈ.ਆਰ. ਦਰਜ ਕਰ ਕੇ 127 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 111 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਸਮੱਗਲਰਾਂ ਦੀ ਗਿਣਤੀ 18,372 ਹੋ ਗਈ ਹੈ। ਵਿਸ਼ੇਸ਼ ਡੀ.ਜੀ.ਪੀ. ਨੇ ਕਿਹਾ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਸਮੱਗਲਰਾਂ ਦੇ ਕਬਜ਼ੇ 'ਚੋਂ 4.2 ਕਿੱਲੋ ਹੈਰੋਇਨ, 3 ਕਿੱਲੋ ਅਫੀਮ, 118 ਕਿੱਲੋ ਭੁੱਕੀ ਅਤੇ 11,170 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਸ ਟੀਮਾਂ ਨੇ ਸੂਬੇ ਭਰ 'ਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 543 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ। ਸ਼ੁੱਕਰਵਾਰ ਨੂੰ 78 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

## ਦੇਸ਼ ਦੇ ਕਈ ਰਾਜਾਂ 'ਚ ਘੱਟੇ ਕੋਰੋਨਾ ਦੇ ਮਾਮਲੇ, 19453 ਸੰਕਰਮਿਤ ਮਰੀਜ਼ ਹੋਏ ਠੀਕ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 28 ਜੂਨ। ਪਿਛਲੇ ਕੁਝ ਦਿਨਾਂ ਤੋਂ ਦੇਸ਼ ਵਿੱਚ ਕੋਰੋਨਾ ਇਨਫੈਕਸ਼ਨ ਦੇ ਸਰਗਰਮ ਮਾਮਲਿਆਂ ਵਿੱਚ ਤੇਜ਼ੀ ਆਈ ਹੈ ਅਤੇ ਸ਼ਨੀਵਾਰ ਨੂੰ ਇਸ ਵਾਇਰਸ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਕੁੱਲ ਗਿਣਤੀ 19453 ਤੱਕ ਪਹੁੰਚ ਗਈ, ਜਦੋਂ ਕਿ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ 5012 ਹੋ ਗਈ। ਪਿਛਲੇ 24 ਘੰਟਿਆਂ ਦੌਰਾਨ ਰਾਜਸਥਾਨ ਦੇ ਇੱਕ ਹੋਰ ਮਰੀਜ਼ ਦੀ ਕੋਰੋਨਾ ਇਨਫੈਕਸ਼ਨ ਕਾਰਨ ਮੌਤ ਹੋਣ ਨਾਲ ਦੇਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 121 ਹੋ ਗਈ ਹੈ। ਧਿਆਨ ਦੇਣ ਯੋਗ ਹੈ ਕਿ 22 ਮਈ ਨੂੰ ਦੇਸ਼ ਵਿੱਚ ਕੋਰੋਨਾ ਦੇ ਸਿਰਫ਼ 257 ਸਰਗਰਮ ਮਾਮਲੇ ਸਨ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਅੱਜ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਇਨਫੈਕਸ਼ਨ ਦੇ 596 ਮਾਮਲਿਆਂ ਵਿੱਚ ਕਮੀ ਆਈ ਹੈ। ਦੂਜੇ ਪਾਸੇ ਇਸ ਵਾਇਰਸ ਦੇ ਇਨਫੈਕਸ਼ਨ ਤੋਂ 1197 ਮਰੀਜ਼ ਠੀਕ ਹੋ ਗਏ ਹਨ। ਇਸ ਘਾਤਕ ਵਾਇਰਸ ਇਨਫੈਕਸ਼ਨ ਕਾਰਨ ਇੱਕ ਹੋਰ ਮਰੀਜ਼ ਦੀ ਮੌਤ ਹੋਣ ਨਾਲ ਮਰਨ ਵਾਲਿਆਂ ਦੀ ਗਿਣਤੀ 121 ਹੋ ਗਈ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਦੇ ਅਨੁਸਾਰ ਨਵੇਂ ਰੂਪ, ਅਤੇ ਹਾਲ ਹੀ ਵਿੱਚ ਪਛਾਣੇ ਗਏ ਸਬਵੇਰੀਐਂਟ, ਲਾਗ ਦਾ ਕਾਰਨ ਬਣ ਰਹੇ ਹਨ। ਇਨ੍ਹਾਂ ਰੂਪਾਂ ਦੀ ਜਾਂਚ ਕੀਤੀ ਜਾ ਰਹੀ ਹੈ।




ਮੰਤਰਾਲੇ ਦੇ ਅਨੁਸਾਰ ਦੱਖਣੀ ਭਾਰਤੀ ਰਾਜ ਕੇਰਲ ਲਾਗ ਦੇ ਮਾਮਲਿਆਂ ਦੇ ਮਾਮਲੇ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਹਾਲਾਂਕਿ, ਅੱਜ ਸਵੇਰ ਤੱਕ 141 ਸਰਗਰਮ ਮਾਮਲੇ ਘੱਟ ਕੇ 1043 ਹੋ ਗਏ ਹਨ। ਰਾਸ਼ਟਰੀ ਰਾਜਧਾਨੀ ਵਿੱਚ 73 ਮਾਮਲੇ ਘੱਟ ਕੇ 557 ਹੋ ਗਏ ਹਨ, ਜਿਸ ਨਾਲ ਸੰਕਰਮਿਤਾਂ ਦੀ ਕੁੱਲ ਗਿਣਤੀ 557 ਹੋ ਗਈ ਹੈ। ਮਹਾਰਾਸ਼ਟਰ ਵਿੱਚ 49 ਮਾਮਲੇ ਘੱਟ ਕੇ 340 ਹੋ ਗਏ ਹਨ ਅਤੇ ਗੁਜਰਾਤ ਵਿੱਚ 166 ਮਾਮਲੇ ਘੱਟ ਕੇ 746 ਹੋ ਗਏ ਹਨ। ਪੱਛਮੀ ਬੰਗਾਲ ਦਾ ਤਾਜ਼ਾ ਅੰਕੜਾ ਉਪਲਬਧ ਨਹੀਂ ਹੈ ਪਰ ਉੱਥੇ ਕੋਰੋਨਾ ਦੇ 747 ਸਰਗਰਮ ਮਾਮਲੇ ਹਨ। ਕਰਨਾਟਕ ਵਿੱਚ 277, ਤਾਮਿਲਨਾਡੂ ਵਿੱਚ 155, ਉੱਤਰ ਪ੍ਰਦੇਸ਼ ਵਿੱਚ 255, ਰਾਜਸਥਾਨ ਵਿੱਚ 230, ਹਰਿਆਣਾ ਵਿੱਚ 94, ਮੱਧ ਪ੍ਰਦੇਸ਼ ਵਿੱਚ 108, ਆਂਧਰਾ ਪ੍ਰਦੇਸ਼ ਵਿੱਚ 37, ਓਡੀਸ਼ਾ ਵਿੱਚ 48, ਛੱਤੀਸਗੜ੍ਹ ਵਿੱਚ 61, ਬਿਹਾਰ ਵਿੱਚ 22, ਸਿੱਕਮ ਵਿੱਚ 38, ਪੰਜਾਬ ਵਿੱਚ 65, ਝਾਰਖੰਡ ਵਿੱਚ 20, ਅਸਾਮ ਵਿੱਚ 36, ਮਨੀਪੁਰ ਵਿੱਚ 77, ਜੰਮੂ ਅਤੇ ਕਸ਼ਮੀਰ ਵਿੱਚ 17, ਤੇਲੰਗਾਨਾ ਵਿੱਚ 10, ਗੋਆ ਅਤੇ ਪੁਡੂਚੇਰੀ ਵਿੱਚ ਪੰਜ-ਪੰਜ, ਲੱਦਾਖ ਅਤੇ ਤ੍ਰਿਪੁਰਾ ਵਿੱਚ ਦੋ-ਦੋ, ਉਤਰਾਖੰਡ ਵਿੱਚ 10, ਚੰਡੀਗੜ੍ਹ ਵਿੱਚ ਤਿੰਨ ਅਤੇ ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ ਵਿੱਚ ਇੱਕ-ਇੱਕ ਸਰਗਰਮ ਮਾਮਲੇ ਹਨ। ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਇਸ ਸਮੇਂ ਕੋਰੋਨਾ ਇਨਫੈਕਸ਼ਨ ਦੇ ਕੋਈ ਸਰਗਰਮ ਮਾਮਲੇ ਨਹੀਂ ਹਨ। ਸਿਹਤ ਅਧਿਕਾਰੀਆਂ ਅਤੇ ਮਾਹਿਰਾਂ ਨੇ ਲੋਕਾਂ ਨੂੰ ਕੋਰੋਨਾ ਨਿਯਮਾਂ ਦੀ ਪਾਲਣਾ ਕਰਨ ਅਤੇ ਮਾਸਕ ਪਹਿਨਣ, ਵਾਰ-ਵਾਰ ਹੱਥ ਧੋਣ ਅਤੇ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਜਾਣ ਤੋਂ ਬਚਣ ਦੀ ਅਪੀਲ ਕੀਤੀ ਹੈ ਜਿੱਥੇ ਮਾਮਲੇ ਵੱਧ ਰਹੇ ਹਨ।


**ਉੱਤਰ ਰੇਲਵੇ**

**ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 16250030 | ਵਾਲਵ ਅਸੇਂਬਲੀ | 417 ਨਗ | 24.07.2025 |
| 02 | 09252132 | ਕਪਲਰ ਬਾਡੀ ਵਿਥ ਸ਼ੈਂਕ ਵਿਯਰ ਪਲੇਟ | 11104 ਨਗ | 25.07.2025 |
| 03 | 09252593 | ਸਪੇਯਸੁ ਆਫ ਏ ਪੀ ਐਮ | 1683 ਸੇਟ | 28.07.2025 |
| 04 | 16250031 | ਵਾਲਵ ਅਸੇਂਬਲੀ | 264 ਨਗ | 29.07.2025 |
| 05 | 16250035 | ਪਿਸਟਨ ਅਸੇਂਬਲੀ | 190 ਨਗ | 04.08.2025 |
| 06 | 09252327 | ਰਬਰ ਸਪ੍ਰਿੰਗ ਫਾਰ ਡ੍ਰਾ ਗਿਯਰ | 2298 ਸੇਟ | 04.08.2025 |
| 07 | 19250583 | ਰਿਪੇਯਰ ਕਿਟ ਫਾਰ ਈ ਪੀ ਰਿਲੇ ਵਾਲਵ | 753 ਸੇਟ | 04.08.2025 |

**ਨਿਵਿਦਾ ਸ਼ਰਤਾਂ-1.** ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

**ਟੈਂਡਰ ਨੋਟਿਸ ਨੰ. : 26/2025-2026 ਤਾਰੀਕ 27.06.2025** 1957/2025

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

# ਨਿਕਾਸੀ ਨਾ ਹੋਣ ਕਾਰਨ ਹੇਠਲੇ ਖੇਤਰਾਂ ਵਿੱਚ ਪਾਣੀ ਭਰਿਆ

**ਸ਼ਾਹਬਾਦ ਮਾਰਕੰਡਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰੀ ਬਰਸਾਤ ਕਾਰਨ ਬਾਬੈਨ ਦੀ ਸ਼ਨੀ ਮੰਦਰ ਕਲੋਨੀ ਵਿਚ ਪਾਣੀ ਭਰਨ ਕਾਰਨ ਲੋਕ ਪ੍ਰੇਸ਼ਾਨ ਹਨ। ਸਥਾਨਕ ਵਾਸੀ ਦਿਨੇਸ਼ ਕੁਮਾਰ, ਜੈ ਭਗਵਾਨ ਸੈਣੀ, ਮਨੋਜ ਸ਼ਰਮਾ, ਸੁਰੇਸ਼ ਕੁਮਾਰ, ਅੰਕੁਸ਼, ਰੋਸ਼ਨੀ ਦੇਵੀ, ਫੂਲ ਚੰਦ ਤੇ ਰਵੀ ਕੁਮਾਰ ਦਾ ਕਹਿਣਾ ਹੈ ਕਿ ਇਲਾਕੇ ਵਿੱਚ ਗੈਰਕਾਨੂੰਨੀ ਕਲੋਨੀਆਂ ਤੇਜ਼ੀ ਨਾਲ ਉਸਰ ਰਹੀਆਂ ਹਨ। ਕਲੋਨੀਆਂ ਦੀਆਂ ਸੜਕਾਂ ਤੋਂ ਉੱਚੀ ਮਿੱਟੀ ਭਰਨ ਕਾਰਨ ਮੀਂਹ ਦੇ ਪਾਣੀ ਦਾ ਨਿਕਾਸ ਬੰਦ ਹੋ ਗਿਆ ਹੈ ਤੇ ਹੇਠਲੇ ਇਲਾਕਿਆਂ ਵਿਚ ਪਾਣੀ ਭਰ ਰਿਹਾ ਹੈ। ਜੇ ਹੋਰ ਬਰਸਾਤ ਹੁੰਦੀ ਹੈ ਤਾਂ ਪਾਣੀ ਸ਼ਨੀ ਮੰਦਰ ਕਲੋਨੀ ਦੇ ਘਰਾਂ ਵਿਚ ਦਾਖਲ ਹੋ ਜਾਵੇਗਾ। ਇਧਰ, ਉੱਧਰ ਜਾਣ ਲਈ ਬੱਚਿਆਂ, ਬਜ਼ੁਰਗਾਂ ਤੇ ਆਮ ਲੋਕਾਂ ਨੂੰ ਪਾਣੀ ਵਿੱਚੋਂ ਹੀ ਲੰਘ ਕੇ ਜਾਣਾ ਪੈ ਰਿਹਾ ਹੈ।

ਮੀਂਹ ਦਾ ਪਾਣੀ ਭਰਨ ਕਰਕੇ ਛੱਪੜ ਦਾ ਗੰਦਾ ਪਾਣੀ ਘਰਾਂ ਵਿਚ ਵੜ ਰਿਹਾ ਹੈ ਜਿਸ ਦੇ ਨਾਲ ਪਾਣੀ ਵਿਚ ਰਹਿਣ ਵਾਲੇ ਜ਼ਹਿਰੀਲੇ ਕੀੜੇ ਤੇ ਸੱਪ ਵੀ ਘਰਾਂ ਵਿਚ ਦਾਖਲ ਹੋ ਰਹੇ ਹਨ। ਇਸ ਕਾਰਨ ਜਾਨੀ ਨੁਕਸਾਨ ਦਾ ਖ਼ਦਸ਼ਾ ਹੈ। ਜੈ ਭਗਵਾਨ ਸੈਣੀ ਨੇ ਕਿਹਾ ਕਿ ਉਨ੍ਹਾਂ ਕਈ ਵਾਰ ਪ੍ਰਸ਼ਾਸਨ ਨੂੰ ਇਸ ਬਾਰੇ ਸ਼ਿਕਾਇਤ ਕੀਤੀ ਸੀ ਪਰ ਹੁਣ ਤਕ ਕੋਈ ਸਥਾਈ ਹੱਲ ਨਹੀਂ ਨਿਕਲਿਆ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਇਲਾਕੇ ਦਾ ਸਰਵੇਖਣ ਕਰਵਾ ਕੇ ਪਾਣੀ ਦੀ ਨਿਕਾਸੀ ਲਈ ਨਾਲੀਆਂ ਬਣਾਈਆਂ ਜਾਣ ਤੇ ਗੈਰਕਾਨੂੰਨੀ ਕਲੋਨੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕੇ।

# ਤਾਊ ਦੇਵੀ ਲਾਲ ਪਾਰਕ ਵਿੱਚ ਪੌਦੇ ਲਗਾਏ



**ਸ਼ਾਹਬਾਦ ਮਾਰਕੰਡਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਸੇਵੀ ਤੇ ਸੀਨੀਅਰ ਸਿਟੀਜ਼ਨ ਫੋਰਮ ਤਾਊ ਦੇਵੀ ਲਾਲ ਪਾਰਕ ਦੇ ਮੈਂਬਰ ਡਾ. ਡੀਪੀ ਬੱਤਰਾ ਨੇ ਕਿਹਾ ਕਿ ਵਾਤਾਵਰਨ ਦੀ ਰੱਖਿਆ ਲਈ ਹਰ ਵਿਅਕਤੀ ਨੂੰ ਇੱਕ ਪੌਦਾ ਲਗਾਉਣਾ ਚਾਹੀਦਾ ਹੈ। ਇਨਾਂ ਹੀ ਨਹੀਂ ਇਨ੍ਹਾਂ ਪੌਦਿਆਂ ਨੂੰ ਲਗਾਉਣ ਤੋਂ ਬਾਅਦ ਇਨ੍ਹਾਂ ਦੀ ਸੇਵਾ ਸੰਭਾਲ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਉਹ ਵਣਮਹੋਤਸਵ ਦੇ ਪਹਿਲੇ ਦਿਨ ਤਾਊ ਦੇਵੀ ਲਾਲ ਪਾਰਕ ਵਿੱਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਤੇ ਸੀਨੀਅਰ ਸਿਟੀਜ਼ਨ ਫੋਰਮ ਵੱਲੋਂ ਕਰਵਾਏ ਪੌਦੇ ਲਾਉਣ ਦੇ ਪ੍ਰੋਗਰਾਮ ਵਿੱਚ ਬੋਲ ਰਹੇ ਸਨ।

ਇਸ ਤੋਂ ਪਹਿਲਾਂ ਸਮਾਜਸੇਵੀ ਡਾ. ਡੀਪੀ ਬੱਤਰਾ, ਮਾਸਟਰ ਬਿਸ਼ਨ ਸਿੰਘ, ਸਮਾਜ ਸੇਵੀ ਸ਼ਿਆਮ ਸੁੰਦਰ ਸ਼ਰਮਾ, ਮੇਵਾ ਸਿੰਘ ਨੇ ਤਾਊ ਦੇਵੀ ਲਾਲ ਪਾਰਕ ਵਿਚ ਚਾਂਦਨੀ ਦੇ ਪੌਦੇ ਲਗਾਏ। ਇਸ ਤੋਂ ਪਹਿਲਾਂ ਵੀ ਫੋਰਮ ਵੱਲੋਂ ਦੇਵੀ ਲਾਲ ਪਾਰਕ ਵਿਚ ਨਿੰਮ, ਪਿੱਪਲ, ਨਾਈਟ ਕੁਈਨ ਤੇ ਕਈ ਹੋਰ ਕਿਸਮਾਂ ਦੇ ਪੌਦੇ ਲਗਾਏ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਬਦਲਦੇ ਦੌਰ ਵਿਚ ਵਾਤਾਵਰਨ ਲਗਾਤਾਰ ਪ੍ਰਦੂਸ਼ਿਤ ਹੋ ਰਿਹਾ ਹੈ। ਇਸ ਲਈ ਅਜਿਹੇ ਸਮੇਂ ਵਿਚ ਲਗਾਤਾਰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣਾ ਹਰ ਵਿਅਕਤੀ ਦੀ ਨੈਤਿਕ ਜ਼ਿੰਮੇਵਾਰੀ ਹੈ। ਇਸ ਮੌਕੇ ਸ਼ਿਆਮ ਸੁੰਦਰ ਸਮਾਜ ਸੇਵੀ ਨੇ ਕਿਹਾ ਕਿ ਸੂਬਾ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਾਤਾਵਰਨ ਨੂੰ ਸਾਫ ਬਣਾਉਣ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਪੌਦੇ ਲਗਾਉਣ ਬਾਰੇ ਲੋਕਾਂ ਨੂੰ ਲਗਾਤਾਰ ਜਾਗਰੂਕ ਕਰ ਰਹੇ ਹਨ। ਸਭ ਨੂੰ ਇਸ ਮੁਹਿੰਮ ਵਿਚ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮੌਕੇ ਜ਼ਿਲ੍ਹਾ ਸੂਚਨਾ ਤੇ ਲੋਕ ਸੰਪਰਕ ਅਧਿਕਾਰੀ ਡਾ. ਨਰਿੰਦਰ ਸਿੰਘ, ਸਮਾਜਸੇਵੀ ਨਰੇਸ਼ ਕੁਮਾਰ ਮੌਜੂਦ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ



**ਯਮੁਨਾਨਗਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਨੇ ਅੱਜ ਗੁਰੂ ਨਾਨਕ ਖਾਲਸਾ ਕਾਲਜ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ 309ਵੇਂ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਦੇ ਜੀਵਨ ਅਤੇ ਵਿਰਾਸਤ ਬਾਰੇ ਸੈਮੀਨਾਰ ਕਰਵਾਇਆ। ਸੈਮੀਨਾਰ ਵਿੱਚ ਸਾਬਕਾ ਮੰਤਰੀ ਕੰਵਰ ਪਾਲ ਗੁੱਜਰ, ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਸੰਸਥਾਪਕ ਮੈਂਬਰ, ਇਤਿਹਾਸਕਾਰਾਂ ਅਤੇ ਹੋਰ ਬੁਲਾਰਿਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ, ਵਿਰਾਸਤ ਅਤੇ ਇਤਿਹਾਸ ਬਾਰੇ ਦੱਸਿਆ। ਸਾਬਕਾ ਮੰਤਰੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਿਗਰਾਨੀ ਕਮੇਟੀ ਦੇ ਚੇਅਰਮੈਨ ਕੰਵਰ ਪਾਲ ਗੁੱਜਰ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੀ ਸਥਾਪਨਾ ਮੌਜੂਦਾ ਕੇਂਦਰੀ ਮੰਤਰੀ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦੇ ਵਿਸ਼ੇਸ਼ ਯਤਨਾਂ ਨਾਲ ਕੀਤੀ ਗਈ ਸੀ।

ਮੁੱਖ ਮੰਤਰੀ ਦੇ ਓਐਸਡੀ ਪ੍ਰਭਲੀਨ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਰਾਹੀਂ ਲੋਹਗੜ੍ਹ ਯਾਦਗਾਰ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਰਬਿੰਦਰ ਨਾਥ ਟੈਗੋਰ ਵੱਲੋਂ ਲਿਖੀ ਗਈ ਕਵਿਤਾ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੀ ਬਹਾਦਰੀ ਅਤੇ ਸੰਘਰਸ਼ ਨੂੰ ਸ਼ਰਧਾਂਜਲੀ ਭੇਟ ਕੀਤੀ। ਮੁੱਖ ਬੁਲਾਰੇ ਅਤੇ ਇਤਿਹਾਸਕਾਰ ਡਾ. ਸੁਖਦਿਆਲ ਸਿੰਘ ਨੇ ਕਿਹਾ ਕਿ ਹਰਿਆਣਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਬਹੁਤ ਸਾਰੇ ਸਥਾਨ ਹਨ। ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਸੰਸਥਾਪਕ ਮੈਂਬਰ ਐੱਸਐੱਸ ਪਾਹਵਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਬਣਾਇਆ ਸੀ। ਸੈਮੀਨਾਰ ਵਿੱਚ ਸੀਈਓ ਜ਼ਿਲ੍ਹਾ ਪਰੀਸ਼ਦ ਵਰਿੰਦਰ ਸਿੰਘ ਢੁੱਲ, ਡੀਆਈਪੀਆਰ ਡਾ. ਮਨੋਜ ਕੁਮਾਰ, ਡਾ. ਸੁਖਦਿਆਲ ਸਿੰਘ, ਐੱਸਐੱਸ ਪਾਹਵਾ, ਕਾਲਜ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਣਦੀਪ ਸਿੰਘ ਜੌਹਰ ਮੌਜੂਦ ਸਨ।

# ਕੌਣ ਜਾਵੇਗਾ ਰਾਜ ਸਭਾ: ਸ਼ਹਿਰ ਦਾ ਕਾਰੋਬਾਰੀ ਜਾਂ ਸੀਨੀਅਰ ਆਗੂ

**ਲੁਧਿਆਣਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਹਲਕਾ ਪੱਛਮੀ ਵਿੱਚ ਜ਼ਿਮਨੀ ਚੋਣ ਜਿੱਤਣ ਮਗਰੋਂ ਹੁਣ ਆਮ ਆਦਮੀ ਪਾਰਟੀ ਵਿੱਚ ਰਾਜ ਸਭਾ ਮੈਂਬਰ ਦੇ ਨਾਂ 'ਤੇ ਚੁੰਝ ਚਰਚਾ ਛਿੜੀ ਹੋਈ ਹੈ। ਚਰਚਾ ਹੈ ਕਿ 'ਆਪ' ਦੇ ਜੇਤੂ ਉਮੀਦਵਾਰ ਸੰਜੀਵ ਅਰੋੜਾ ਨੂੰ ਜਲਦੀ ਹੀ ਮੰਤਰੀ ਬਣਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਦੇ ਰਾਜ ਸਭਾ ਮੈਂਬਰ ਤੋਂ ਅਸਤੀਫ਼ਾ ਦਿੰਦੇ ਹੀ ਖਾਲੀ ਹੋ ਰਹੀ ਰਾਜ ਸਭਾ ਸੀਟ 'ਤੇ ਕੌਣ ਬੈਠੇਗਾ, ਉਸ 'ਤੇ ਸਿਆਸੀ ਮੱਥਾ ਪੱਚਾ ਸ਼ੁਰੂ ਹੋ ਗਈ ਹੈ। ਪਹਿਲਾਂ ਇਹ ਚਰਚਾ ਸੀ ਕਿ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ 'ਆਪ' ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰਾਜ ਸਭਾ ਜਾਣਗੇ, ਪਰ ਅਰਵਿੰਦ ਕੇਜਰੀਵਾਲ ਨੇ ਖ਼ੁਦ ਐਲਾਨ ਕਰ ਦਿੱਤਾ ਹੈ ਕਿ ਉਹ ਰਾਜ ਸਭਾ ਨਹੀਂ ਜਾਣਗੇ। ਇਹ ਫੈਸਲਾ ਪਾਰਟੀ ਪੱਧਰ 'ਤੇ ਲਿਆ ਜਾਵੇਗਾ।

ਪੰਜਾਬ ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ 'ਆਪ' ਨੇ ਪੰਜਾਬ ਦੀਆਂ ਰਾਜ ਸਭਾ ਸੀਟਾਂ 'ਤੇ ਤਿੰਨ ਸਨਅਕਾਰਾਂ ਨੂੰ ਰਾਜ ਸਭਾ ਮੈਂਬਰ ਬਣਾਇਆ ਸੀ। ਇਨ੍ਹਾਂ ਵਿੱਚ ਕਾਰੋਬਾਰੀ ਸੰਜੀਵ ਅਰੋੜਾ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਅਸ਼ੋਕ ਮਿੱਤਲ, ਕਾਰੋਬਾਰੀ ਅਤੇ ਸਮਾਜ ਸੇਵਕ ਵਿਕਰਮਜੀਤ ਸਿੰਘ ਸਾਹਨੀ ਸ਼ਾਮਲ ਸਨ। ਇਸ ਤੋਂ ਇਲਾਵਾ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲਾ, ਰਾਘਵ ਚੱਢਾ ਅਤੇ ਕ੍ਰਿਕਟਰ ਹਰਭਜਨ ਸਿੰਘ ਦੇ ਨਾਲ-ਨਾਲ ਡਾ. ਸੰਦੀਪ ਪਾਠਕ ਸ਼ਾਮਲ ਸਨ। ਸੰਜੀਵ ਅਰੋੜਾ ਦੇ ਉਪ ਚੋਣ ਜਿੱਤਣ ਤੋਂ ਬਾਅਦ 'ਆਪ' ਵਿੱਚ ਇਸ ਗੱਲ 'ਤੇ ਕਾਫ਼ੀ ਚਰਚਾ ਹੈ ਕਿ ਉਨ੍ਹਾਂ ਤੋਂ ਬਾਅਦ ਰਾਜ ਸਭਾ ਕਿਸ ਨੂੰ ਭੇਜਿਆ ਜਾਣਾ ਚਾਹੀਦਾ ਹੈ।

ਸ਼ਹਿਰ ਵਿੱਚ ਚਰਚਾ ਹੈ ਕਿ ਅਗਰ ਕਿਸੇ ਕਾਰੋਬਾਰੀ ਨੂੰ 'ਆਪ' ਨੇ ਰਾਜ ਸਭਾ ਭੇਜਣਾ ਹੋਵੇਗਾ ਤਾਂ ਲੁਧਿਆਣਾ ਤੋਂ ਵੱਡੇ ਕਾਰੋਬਾਰੀ ਪਰਿਵਾਰ ਓਸਵਾਲ ਜਾਂ ਫਿਰ ਗੁਪਤਾ ਪਰਿਵਾਰ ਦੇ ਕਿਸੇ ਮੈਂਬਰ ਨੂੰ ਇਹ ਸੀਟ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਪੰਜਾਬ 'ਆਪ' ਦੇ ਇੰਚਾਰਜ ਮਨੀਸ਼ ਸਿਸੋਦੀਆ ਦਾ ਨਾਮ ਵੀ ਚਰਚਾ ਵਿੱਚ ਹੈ। ਹਲਕਾ ਪੱਛਮੀ ਉਪ ਚੋਣ ਵਿੱਚ ਓਸਵਾਲ ਪਰਿਵਾਰ ਨੇ ਸੰਜੀਵ ਅਰੋੜਾ ਦੀ ਬਹੁਤ ਮਦਦ ਕੀਤੀ ਸੀ ਅਤੇ ਖੁੱਲ੍ਹ ਕੇ ਉਨ੍ਹਾਂ ਦਾ ਸਮਰਥਨ ਵੀ ਕੀਤਾ ਸੀ। ਕਿਹਾ ਜਾਂਦਾ ਹੈ ਕਿ ਸੰਜੀਵ ਅਰੋੜਾ ਅਤੇ ਓਸਵਾਲ ਪਰਿਵਾਰ ਦੇ ਬਹੁਤ ਚੰਗੇ ਸਬੰਧ ਹਨ।

ਇਹ ਵੀ ਚਰਚਾ ਹੈ ਕਿ ਧੰਨਵਾਦ ਰੈਲੀ ਲਈ ਦਿੱਲੀ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਜੀਵ ਅਰੋੜਾ ਅਤੇ ਪੰਜਾਬ ਦੇ ਕਈ ਕੈਬਨਿਟ ਮੰਤਰੀਆਂ ਨੇ 'ਆਪ' ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਕੀਤੀ ਹੈ। ਜਿਸ ਵਿੱਚ ਰਾਜ ਸਭਾ ਸੀਟ ਲਈ ਕਿਸ ਨੂੰ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ, ਇਸ ਬਾਰੇ ਚਰਚਾ ਹੋਈ। ਜਿਸ ਵਿੱਚ ਓਸਵਾਲ ਤੇ ਸਨਅਤਕਾਰ ਗੁਪਤਾ ਪਰਿਵਾਰ ਦਾ ਨਾਮ ਸਭ ਤੋਂ ਉੱਪਰ ਹੈ। ਹੁਣ ਦੇਖਣਾ ਇਹ ਹੈ ਕਿ 'ਆਪ' ਆਗੂ ਕਿਸ ਦੇ ਨਾਮ ਨੂੰ ਮਨਜ਼ੂਰੀ ਦਿੰਦੇ ਹਨ।

# ਰੇਲ ਗੱਡੀ ਹੇਠ ਆਉਣ ਕਾਰਨ ਮੌਤ

**ਫਰੀਦਾਬਾਦ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਰੇਲ ਗੱਡੀ ਹੇਠ ਆਉਣ ਨਾਲ ਇੱਕ ਸੇਵਾਮੁਕਤ ਸਿਪਾਹੀ ਦੀ ਮੌਤ ਹੋ ਗਈ। ਮ੍ਰਿਤਕ ਰਾਜਿੰਦਰ ਭਾਟੀ ਭੀਮਸੇਨ ਕਲੋਨੀ ਦਾ ਰਹਿਣ ਵਾਲਾ ਸੀ। ਉਹ ਮੂਲ ਰੂਪ ਵਿੱਚ ਛਾਇਆਂਸਾ ਪਿੰਡ ਦਾ ਵਾਸੀ ਸੀ। ਰਾਜਿੰਦਰ ਆਪਣੇ ਘਰ ਤੋਂ ਬੱਲਭਗੜ੍ਹ ਰੇਲਵੇ ਸਟੇਸ਼ਨ ਲਈ ਦਿੱਲੀ ਜਾਣ ਵਾਲੀ ਰੇਲਗੱਡੀ ਫੜਨ ਲਈ ਗਿਆ ਸੀ। ਜੀਆਰਪੀ ਚੌਕੀ ਇੰਚਾਰਜ ਨੇ ਦੱਸਿਆ ਕਿ ਸੇਵਾਮੁਕਤ ਸਿਪਾਹੀ ਰਾਜਿੰਦਰ ਪਹਿਲਾਂ ਪਲੇਟਫਾਰਮ ਨੰਬਰ ਚਾਰ 'ਤੇ ਬੈਠਾ ਸੀ। ਜਿਵੇਂ ਹੀ 64055 ਪਲਵਲ ਗਾਜ਼ੀਆਬਾਦ ਸ਼ਟਲ ਪਲੇਟਫਾਰਮ ਨੰਬਰ ਤਿੰਨ 'ਤੇ ਪਹੁੰਚੀ, ਮ੍ਰਿਤਕ ਨੇ ਪਟੜੀ ਪਾਰ ਕਰਨੀ ਸ਼ੁਰੂ ਕਰ ਦਿੱਤੀ, ਇਸੇ ਦੌਰਾਨ ਮਥੁਰਾ ਵੱਲ ਜਾ ਰਹੀ ਗਤੀਮਾਨ ਐਕਸਪ੍ਰੈਸ ਦੂਜੇ ਪਾਸਿਓਂ ਆ ਗਈ। ਉਸ ਦਾ ਹੱਥ ਇੰਜਣ ਵਿੱਚ ਫਸ ਗਿਆ।

ਇਸ ਕਾਰਨ ਉਸ ਦੀ ਮੌਤ ਹੋ ਗਈ। ਪਤਾ ਲੱਗਣ 'ਤੇ ਲੋਕੋ ਪਾਇਲਟ ਨੇ ਰੇਲ ਨੂੰ ਲਗਪਗ 300 ਮੀਟਰ ਅੱਗੇ ਰੋਕ ਦਿੱਤਾ ਅਤੇ ਰੇਲਵੇ ਅਧਿਕਾਰੀਆਂ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ।

# ਫਿਰੌਤੀ ਮੰਗਣ ਦੇ ਦੋਸ਼ ਹੇਠ ਦੋ ਨੌਜਵਾਨ ਹਥਿਆਰਾਂ ਸਣੇ ਕਾਬੂ

**ਯਮੁਨਾਨਗਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਐੱਸਪੀ ਅਸ਼ੀਸ਼ ਚੌਧਰੀ ਨੇ ਦੱਸਿਆ ਕਿ ਪੁਲੀਸ ਸੁਪਰਡੈਂਟ ਸੁਰੇਂਦਰ ਸਿੰਘ ਭੌਰੀਆ ਦੀ ਅਗਵਾਈ ਹੇਠ ਅਪਰਾਧ ਸ਼ਾਖਾ-2 ਦੀ ਟੀਮ ਨੇ ਅਨਾਜ ਮੰਡੀ ਬਿਲਾਸਪੁਰ ਦੇ ਵਪਾਰੀ ਤੋਂ ਵਿਦੇਸ਼ੀ ਫੋਨ ਨੰਬਰਾਂ ਤੋਂ ਲਗਾਤਾਰ ਕਾਲ ਕਰਕੇ ਫਿਰੌਤੀ ਮੰਗਣ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਤੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ ਅਤੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਗਿਆ ਹੈ। ਪੁਲੀਸ ਟੀਮ ਨੇ ਸੂਚਨਾ ਦੇ ਆਧਾਰ 'ਤੇ ਦਾਦੂਪੁਰ ਹੈੱਡ ਦੇ ਨੇੜਿਓਂ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮਾਂ ਤੋਂ ਤਿੰਨ ਪਿਸਤੌਲ ਅਤੇ 15 ਰੌਂਦ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਦੀ ਪਛਾਣ ਚੇਤਨ ਸਿੰਘ ਅਤੇ ਸਾਹਿਲ ਖਾਨ ਵਾਸੀ ਪਿੰਡ ਤਾਹਰਪੁਰ ਕਲਾਂ ਥਾਣਾ ਛਛਰੌਲੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਮਗਰੋਂ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਬੜਖਲ ਝੀਲ ਪ੍ਰਾਜੈਕਟ ਦੀ ਸੁਸਤ ਰਫ਼ਤਾਰ ਕਾਰਨ ਲੋਕ ਪ੍ਰੇਸ਼ਾਨ

**ਫਰੀਦਾਬਾਦ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਇੱਕ ਹਜ਼ਾਰ ਕਰੋੜ ਰੁਪਏ ਦਾ ਸਮਾਰਟ ਸਿਟੀ ਦਾ ਬੜਖਲ ਝੀਲ ਪ੍ਰਾਜੈਕਟ ਸੁਸਤ ਰਫ਼ਤਾਰ ਨਾਲ ਚੱਲ ਰਿਹਾ ਹੈ। ਸਥਾਨਕ ਲੋਕਾਂ ਲਈ ਝੀਲ ਦੇ ਪੁਨਰ ਸੁਰਜੀਤੀ ਦੀ ਹੌਲੀ ਰਫ਼ਤਾਰ ਚਿੰਤਾ ਦਾ ਵਿਸ਼ਾ ਹੈ।

2018 ਵਿੱਚ ਸ਼ੁਰੂ ਕੀਤਾ ਗਿਆ ਇਹ ਪ੍ਰਾਜੈਕਟ ਅਜੇ ਵੀ ਪੂਰਾ ਹੋਣ ਦੀ ਉਡੀਕ ਕਰ ਰਿਹਾ ਹੈ, ਹਾਲਾਂਕਿ ਕਈ ਕਰੋੜ ਰੁਪਏ ਖਰਚ ਕੀਤੇ ਗਏ ਹਨ। 2002 ਵਿੱਚ ਮਾਈਨਿੰਗ ਅਤੇ ਭੂਮੀਗਤ ਪਾਣੀ ਦੀ ਬਹੁਤ ਜ਼ਿਆਦਾ ਨਿਕਾਸੀ ਸਣੇ ਕਈ ਕਾਰਨਾਂ ਕਾਰਨ ਝੀਲ ਸੁੱਕ ਗਈ ਸੀ। ਇਹ ਪ੍ਰਾਜੈਕਟ ਦਸੰਬਰ 2020, ਦਸੰਬਰ 2021, ਜੂਨ 2022, ਜੂਨ 2023 ਅਤੇ ਜੂਨ 2024 ਦੀ ਸਮਾਂ ਸੀਮਾ ਤੋਂ ਖੁੰਝ ਗਿਆ। ਜੰਗਲਾਤ ਵਿਭਾਗ ਤੋਂ ਐੱਨਓਸੀ ਦੀ ਘਾਟ ਅਤੇ ਕੋਵਿਡ ਮਹਾਂਮਾਰੀ ਕਾਰਨ ਇਹ ਲਗਪਗ ਤਿੰਨ ਸਾਲ ਤੱਕ ਰੁਕਿਆ ਪਿਆ ਰਿਹਾ ਸੀ।

ਜਦੋਂਕਿ ਸ਼ੁਰੂ ਵਿੱਚ 79 ਕਰੋੜ ਰੁਪਏ ਰੱਖੇ ਗਏ ਸਨ, ਇਹ ਦਾਅਵਾ ਕੀਤਾ ਗਿਆ ਹੈ ਕਿ ਕੁੱਲ ਬਜਟ 100 ਕਰੋੜ ਰੁਪਏ ਤੱਕ ਵਧਣ ਦੀ ਸੰਭਾਵਨਾ ਹੈ। ਫਰੀਦਾਬਾਦ ਸਮਾਰਟ ਸਿਟੀ ਲਿਮਟਿਡ ਇਸ ਪ੍ਰਾਜੈਕਟ ਨੂੰ ਪੂਰਾ ਕਰ ਰਹੀ ਹੈ। ਝੀਲ ਵਿੱਚ ਪਾਣੀ ਭਰਨ ਨਾਲ ਹੁਣ ਬੂਟੀ ਉੱਗ ਗਈ ਹੈ ਜਿਸ ਨੂੰ ਹਟਾਉਣ ਲਈ ਕਾਫੀ ਖਰਚਾ ਆਵੇਗਾ। ਭਾਵੇਂ ਕਿ ਝੀਲ ਲਈ ਵਿਸ਼ੇਸ਼ ਤੌਰ 'ਤੇ ਵਿਕਸਤ ਕੀਤੇ ਗਏ ਪਲਾਂਟ ਦੀ ਮਦਦ ਨਾਲ ਪਾਣੀ ਲਗਪਗ ਭਰਿਆ ਪਿਆ ਹੈ ਪਰ ਸਥਾਨਕ ਪ੍ਰਸ਼ਾਸਨ ਦੇ ਸੂਤਰਾਂ ਅਨੁਸਾਰ ਇਸ ਨੂੰ ਸੈਲਾਨੀਆਂ ਦੇ ਅਨੁਕੂਲ ਬਣਾਉਣ ਲਈ ਮਰੀਨਾ ਬੇਅ ਅਤੇ ਬੰਨ੍ਹ ਵਰਗੇ ਢਾਂਚੇ ਅਜੇ ਅੱਧੇ ਹੀ ਪੂਰੇ ਹੋਏ ਹਨ। ਨਿਗਮ ਕੌਂਸਲਰ ਕਰਮਬੀਰ ਨੇ ਕਿਹਾ ਕਿ ਪਾਣੀ ਭਰਨ ਦੀ ਪ੍ਰਕਿਰਿਆ ਜਾਰੀ ਹੈ ਤੇ ਛੇਤੀ ਹੀ ਪ੍ਰਾਜੈਕਟ ਪੂਰਾ ਹੋਣ ਦੀ ਉਮੀਦ ਹੈ।

# ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਸ਼ਰਧਾਂਜਲੀਆਂ

**ਰਤੀਆ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਵਾਦੀ ਭਾਜਪਾ ਨੇਤਾ ਡਾ. ਸ਼ਿਆਮਾ ਪ੍ਰਸਾਦ ਮੁਖਰਜੀ, ਜਿਨ੍ਹਾਂ ਨੇ ਦੇਸ਼ ਵਿੱਚ ਪ੍ਰਚਲਿਤ ਦੋ ਸੰਵਿਧਾਨਾਂ ਅਤੇ ਦੋ ਝੰਡਿਆਂ ਦਾ ਵਿਰੋਧ ਕੀਤਾ ਸੀ, ਨੇ ਆਪਣੀ ਕੁਰਬਾਨੀ ਤੋਂ ਪਹਿਲਾਂ ਕਿਹਾ ਸੀ ਕਿ ਇੱਕ ਦੇਸ਼, ਇੱਕ ਸੰਵਿਧਾਨ ਅਤੇ ਇੱਕ ਝੰਡੇ ਦੇ ਤਹਿਤ, ਜੰਮੂ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਦੇ ਤਹਿਤ, ਜੰਮੂ ਕਸ਼ਮੀਰ ਵਿੱਚ ਤਿਰੰਗਾ ਝੰਡਾ ਲਹਿਰਾਇਆ ਜਾਣਾ ਚਾਹੀਦਾ ਹੈ ਪਰ ਕਾਂਗਰਸ ਸਰਕਾਰ ਨੇ ਇੱਕ ਦੇਸ਼ ਵਿੱਚ ਦੋ ਤਰ੍ਹਾਂ ਦੇ ਸੰਵਿਧਾਨ ਲਾਗੂ ਕੀਤੇ ਸਨ ਅਤੇ ਜੰਮੂ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਣ ਦੀ ਬਜਾਏ, ਇਸ ਨੂੰ ਇੱਕ ਵੱਖਰੇ ਦੇਸ਼ ਵਜੋਂ ਸਥਾਪਿਤ ਕੀਤਾ ਸੀ। ਭਾਜਪਾ ਅਨੁਸੂਚਿਤ ਜਾਤੀ ਮੋਰਚੇ ਦੇ ਸਾਬਕਾ ਸੂਬਾ ਕਾਰਜਕਾਰਨੀ ਮੈਂਬਰ ਅਤੇ ਧਾਨਕ ਸਮਾਜ ਉਤਥਾਨ ਸਭਾ ਹਰਿਆਣਾ ਦੇ ਸੂਬਾ ਪ੍ਰਧਾਨ ਸੁਨੀਲ ਇੰਦੋਰਾ ਨੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ ਬਲੀਦਾਨ ਦਿਵਸ ਮਨਾਉਂਦੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਇਹ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਇੱਕ ਰਾਸ਼ਟਰਵਾਦੀ ਪਾਰਟੀ ਹੈ।

ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਲਾਗੂ ਕਰਨ ਦਾ ਵਿਰੋਧ ਕੀਤਾ ਸੀ ਅਤੇ ਇਸ ਨੂੰ ਹਟਾਉਣ ਅਤੇ ਜੰਮੂ-ਕਸ਼ਮੀਰ ਵਿੱਚ ਤਿਰੰਗਾ ਲਹਿਰਾਉਣ ਦੀ ਸਹੁੰ ਵੀ ਚੁੱਕੀ ਸੀ। ਇਸੇ ਲਈ ਜੰਮੂ-ਕਸ਼ਮੀਰ ਦੇ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦਾ ਬਲਿਦਾਨ ਦਿਵਸ ਮਨਾਉਂਦੇ ਹੋਏ, ਅਸੀਂ ਪ੍ਰਣ ਕਰਦੇ ਹਾਂ ਕਿ ਅਸੀਂ ਹਮੇਸ਼ਾ ਰਾਸ਼ਟਰਵਾਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਖੜ੍ਹੇ ਰਹਾਂਗੇ। ਇਸ ਮੌਕੇ ਬਾਲੀ ਸਿੰਘ, ਸੁਰਜੀਤ ਸਿੰਘ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੀਰ ਬੰਦਾ ਬੈਰਾਗੀ' ਲਿਖਣ 'ਤੇ ਜਥੇਦਾਰ ਗੜਗੱਜ ਤੇ ਧਾਮੀ ਵੱਲੋਂ ਸਖ਼ਤ ਇਤਰਾਜ਼ ਜ਼ਾਹਰ

**ਅੰਮ੍ਰਿਤਸਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਹਰਿਆਣਾ ਸਰਕਾਰ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਜਾਰੀ ਕੀਤੇ ਇਸ਼ਤਿਹਾਰ ਵਿਚ ਉਨ੍ਹਾਂ ਨੂੰ 'ਵੀਰ ਬੰਦਾ ਬੈਰਾਗੀ' ਲਿਖਣ 'ਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ।

ਜਥੇਦਾਰ ਗੜਗੱਜ ਨੇ ਇੱਕ ਵੀਡੀਓ ਸੁਨੇਹੇ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਯਾਦ ਕਰਦਿਆਂ ਕਿਹਾ ਹੈ ਕਿ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਇਹ ਕਾਰਵਾਈ ਸਿੱਖ ਇਤਿਹਾਸ ਨੂੰ ਰਲਗੱਡ ਕਰਨ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖ ਧਰਮ ਦੇ ਇੱਕ ਮਹਾਨ ਯੋਧੇ ਹਨ, ਜਿਨ੍ਹਾਂ ਦੀ ਸ਼ਨਾਖਤ ਨੂੰ ਬਦਲਣ ਦਾ ਯਤਨ ਕੀਤਾ ਗਿਆ ਹੈ।

ਉਨ੍ਹਾਂ ਹਰਿਆਣਾ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿੱਚ ਉਹ ਸਰਕਾਰ ਕੋਲ ਆਪਣਾ ਇਤਰਾਜ਼ ਦਰਜ ਕਰਾਏ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਖਿਲਾਫ ਢੁਕਵੀਂ ਕਾਰਵਾਈ ਕਰੇ ਅਤੇ ਇਤਿਹਾਸ ਨੂੰ ਰਲਗੱਡ ਕਰਨ ਦੇ ਇਸ ਯਤਨ ਨੂੰ ਰੋਕੇ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਜਿਥੇ ਸਿੱਖ ਸਿਧਾਂਤਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਸ਼ਹਾਦਤ ਦਾ ਅਪਮਾਨ ਹੈ, ਉਥੇ ਇਸ ਨਾਲ ਸਿੱਖ ਭਾਵਨਾਵਾਂ ਨੂੰ ਵੀ ਗਹਿਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਮੁਗ਼ਲ ਸਾਮਰਾਜ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਵਿਚ ਸਿੱਖਾਂ ਨੇ ਜ਼ੁਲਮੀ ਹਕੂਮਤ ਦੀਆਂ ਜੜ੍ਹਾਂ ਪੁੱਟਦਿਆਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ ਅਤੇ ਜਾਗੀਰਦਾਰੀ ਪ੍ਰਥਾ ਨੂੰ ਖ਼ਤਮ ਕਰ ਕੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਏ, ਜੋ ਸਮਾਜਿਕ ਬਰਾਬਰੀ ਦੀ ਇਕ ਵੱਡੀ ਮਿਸਾਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਬੈਰਾਗੀ ਬਾਣਾ ਤਿਆਗ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਿੱਖ ਬਣੇ ਸਨ ਅਤੇ ਉਨ੍ਹਾਂ ਨੂੰ 'ਵੀਰ ਬੰਦਾ ਬੈਰਾਗੀ' ਕਹਿਣਾ ਇਤਿਹਾਸਕ ਸਚਾਈ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਸਾਜ਼ਿਸ਼ ਤਹਿਤ ਸਿੱਖਾਂ ਦੀ ਮੌਲਿਕਤਾ ਅਤੇ ਅੱਡਰੀ ਪਛਾਣ ਨੂੰ ਖੰਡਤ ਕਰਨ ਲਈ ਜਾਣਬੁੱਝ ਕੇ ਕੀਤਾ ਜਾ ਰਿਹਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦੀ ਇਹ ਹਰਕਤ ਸਿੱਖ ਇਤਿਹਾਸ ਦੀ ਗਲਤ ਵਿਆਖਿਆ ਕਰਨ ਵਾਲੀ ਅਤੇ ਸਿੱਖ ਸ਼ਹੀਦਾਂ ਦਾ ਵੱਡਾ ਅਪਮਾਨ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਹਰਿਆਣਾ ਸਰਕਾਰ ਸਿੱਖ ਇਤਿਹਾਸ ਨੂੰ ਵਿਗਾੜਨ ਵਾਲੀਆਂ ਹਰਕਤਾਂ ਤੋਂ ਬਾਜ਼ ਆਵੇ ਅਤੇ ਅਜਿਹੀ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ।

# ਜੇਐੱਨਯੂ ਦੇ ਪ੍ਰੋਫੈਸਰ ਨੂੰ ਐਮਰਜੈਂਸੀ ਦੇ ਪਲ ਯਾਦ ਆਏ

**ਨਵੀਂ ਦਿੱਲੀ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਇਤਿਹਾਸਕਾਰ ਸੋਹੇਲ ਹਾਸ਼ਮੀ ਨੇ ਐਮਰਜੈਂਸੀ ਦੇ ਉਹ ਦਿਨ ਯਾਦ ਕੀਤੇ ਜਦੋਂ ਇਸ ਯੂਨੀਵਰਸਿਟੀ ਵਿੱਚ ਖੁਫੀਆ ਵਿਭਾਗ ਵਿੱਚ ਕੰਮ ਕਰਦੇ ਵਿਅਕਤੀਆਂ ਨੂੰ ਵਿਦਿਆਰਥੀ ਵਜੋਂ ਦਾਖ਼ਲਾ ਦਿਵਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਉਹ ਸਮਾਂ ਬਹੁਤ ਡਰਾਉਣਾ ਸੀ। ਜੂਨ 1975 ਵਿੱਚ ਜਦੋਂ ਦੇਸ਼ ਵਿੱਚ ਐਮਰਜੈਂਸੀ ਲਾਈ ਗਈ ਸੀ ਅਤੇ ਸਾਡੇ ਲੋਕਤੰਤਰੀ ਅਧਿਕਾਰਾਂ ਨੂੰ ਘਟਾ ਦਿੱਤਾ ਗਿਆ ਸੀ। ਵਿਦਿਆਰਥੀ ਆਗੂਆਂ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਸਾਡੇ ਵਿੱਚ ਸਰਕਾਰ ਵੱਲੋਂ ਭੇਜੇ ਗਏ ਜਾਸੂਸ ਵੀ ਸਨ। 22 ਖੁਫ਼ੀਆ ਏਜੰਟਾਂ ਨੂੰ ਵਿਦਿਆਰਥੀਆਂ ਦੇ ਭੇਸ ਵਿੱਚ 'ਵਰਸਿਟੀ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਉਨ੍ਹਾਂ ਵਿੱਚੋਂ ਇੱਕ ਭਾਸ਼ਾ ਦਾ ਕੋਰਸ ਕਰ ਰਿਹਾ ਸੀ। ਉਨ੍ਹਾਂ ਵਿੱਚੋਂ ਕੁਝ ਨਾਲ ਦੋਸਤੀ ਕਰ ਲਈ ਅਤੇ ਉਨ੍ਹਾਂ ਵਿੱਚੋਂ ਦੋ-ਤਿੰਨ ਨੇ ਸਾਨੂੰ ਚੁੱਪਚਾਪ ਦੱਸਿਆ ਕਿ 6 ਤੋਂ 8 ਜੁਲਾਈ 1975 ਦੇ ਵਿਚਕਾਰ ਛਾਪਾ ਮਾਰਿਆ ਜਾ ਸਕਦਾ ਹੈ।

ਹਾਸ਼ਮੀ ਉਸ ਸਮੇਂ ਜੇਐੱਨਯੂ ਵਿੱਚ ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ ਦਾ ਸਕੱਤਰ ਸੀ। ਉਨ੍ਹਾਂ ਕਿਹਾ ਕਿ ਅਸੀਂ ਧਰਨੇ ਦਿੰਦੇ ਸੀ, ਵਿਰੋਧ ਪ੍ਰਦਰਸ਼ਨ ਕਰਦੇ ਸੀ ਅਤੇ ਐਮਰਜੈਂਸੀ ਦਾ ਖੁੱਲ੍ਹ ਕੇ ਵਿਰੋਧ ਕਰਦੇ ਸੀ। ਸਰਕਾਰ ਨੂੰ ਇਹ ਪਸੰਦ ਨਹੀਂ ਸੀ। ਸਾਡੇ ਸਕਾਲਰਸ਼ਿਪ ਅਤੇ ਗ੍ਰਾਂਟਾਂ ਬੰਦ ਕਰ ਦਿੱਤੀਆਂ ਗਈਆਂ ਸਨ, ਵਿਭਾਗ ਮੁਖੀਆਂ 'ਤੇ ਸਾਨੂੰ ਅਕਾਦਮਿਕ ਤੌਰ 'ਤੇ ਪ੍ਰੇਸ਼ਾਨ ਕਰਨ ਲਈ ਦਬਾਅ ਪਾਇਆ ਗਿਆ ਸੀ, ਪਰ ਇਸ ਦਾ ਭੋਰਾ ਅਸਰ ਸਾਡੇ 'ਤੇ ਨਹੀਂ ਪਿਆ। ਆਗੂਆਂ ਨੇ ਇੱਕ ਯੋਜਨਾ ਬਣਾਈ, ਜਿਨ੍ਹਾਂ ਸਾਥੀਆਂ ਨੂੰ ਸਭ ਤੋਂ ਵੱਧ ਖ਼ਤਰਾ ਸੀ, ਉਨ੍ਹਾਂ ਨੂੰ ਕੈਂਪਸ ਤੋਂ ਬਾਹਰ ਭੇਜ ਦਿੱਤਾ ਗਿਆ। ਬਾਕੀਆਂ ਨੂੰ ਹਰ ਰਾਤ ਵੱਖ-ਵੱਖ ਕਮਰਿਆਂ ਵਿੱਚ ਸੌਣ ਲਈ ਭੇਜਿਆ ਜਾਂਦਾ ਸੀ।

ਕਮਰਿਆਂ ਨੂੰ ਬਾਹਰੋਂ ਤਾਲਾ ਲਗਾ ਦਿੱਤਾ ਜਾਂਦਾ ਸੀ ਤਾਂ ਜੋ ਕੋਈ ਉਨ੍ਹਾਂ ਨੂੰ ਫੜ ਨਾ ਸਕੇ। ਸਵੇਰ ਹੁੰਦੇ ਹੀ ਦਰਵਾਜ਼ੇ ਹੌਲੀ-ਹੌਲੀ ਖੁੱਲ੍ਹ ਗਏ। ਸਾਡੇ ਕੁਝ ਕੁ ਭਰੋਸੇਮੰਦ ਲੋਕਾਂ ਨੂੰ ਹੀ ਪਤਾ ਸੀ ਕਿ ਕੌਣ ਕਿੱਥੇ ਸੀ। ਉਨ੍ਹਾਂ ਦੱਸਿਆ ਕਿ 7 ਜੁਲਾਈ ਦੀ ਰਾਤ ਨੂੰ ਉਹ ਕਾਵੇਰੀ ਹੋਸਟਲ ਵਿੱਚ ਦੋਸਤ ਦੇ ਕਮਰੇ ਵਿੱਚ ਸੀ। ਉਹ ਗਰਮੀਆਂ ਦੀਆਂ ਛੁੱਟੀਆਂ ਲਈ ਬਾਹਰ ਗਿਆ ਹੋਇਆ ਸੀ। ਮੈਨੂੰ ਉੱਥੇ ਸੌਣਾ ਪਿਆ ਅਤੇ ਰਮੇਸ਼ ਨੇ ਮੈਨੂੰ ਬਾਹਰੋਂ ਤਾਲਾ ਲਗਾਉਣਾ ਸੀ, ਪਰ ਉਹ ਰਾਤ ਨੂੰ ਨਹੀਂ ਪਹੁੰਚ ਸਕਿਆ ਅਤੇ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ ਗਿਆ। ਤੜਕੇ ਅਚਾਨਕ ਕਿਸੇ ਨੇ ਦਰਵਾਜ਼ਾ ਖੜਕਾਇਆ। ਮੈਂ ਜਲਦੀ ਨਾਲ ਉੱਠਿਆ ਅਤੇ ਦਰਵਾਜ਼ਾ ਖੋਲ੍ਹਿਆ, ਇੱਕ ਸੀਆਰਪੀਐਫ ਜਵਾਨ ਮੇਰੇ ਸਾਹਮਣੇ ਖੜ੍ਹਾ ਸੀ। ਉਸ ਨੇ ਮੇਰਾ ਹੱਥ ਫੜ ਲਿਆ। ਹੋਸਟਲ ਪਹਿਲਾਂ ਹੀ ਘਿਰਿਆ ਹੋਇਆ ਸੀ, ਅੰਦਰ ਹਥਿਆਰਬੰਦ ਸੁਰੱਖਿਆ ਬਲਾਂ ਦਾ ਰਿੰਗ ਅਤੇ ਬਾਹਰ ਹਥਿਆਰਬੰਦ ਸੁਰੱਖਿਆ ਬਲਾਂ ਦਾ ਰਿੰਗ। ਸਾਨੂੰ ਹੌਜ਼ ਖਾਸ ਪੁਲੀਸ ਸਟੇਸ਼ਨ ਲਿਆਂਦਾ ਗਿਆ, ਕਿਉਂਕਿ ਸਰਕਾਰ ਨੂੰ ਦਿੱਲੀ ਪੁਲੀਸ 'ਤੇ ਭਰੋਸਾ ਨਹੀਂ ਸੀ। ਇਸ ਲਈ ਹਰਿਆਣਾ ਪੁਲੀਸ ਨੂੰ ਬੁਲਾਇਆ ਗਿਆ ਸੀ। ਪੁਲੀਸ ਸਟੇਸ਼ਨ ਤੋਂ ਸਾਨੂੰ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਅਤੇ ਸਾਡੇ 'ਤੇ ਰਾਜ ਨੂੰ ਉਖਾੜਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ।

ਉਨ੍ਹਾਂ ਕਿਹਾ ਕਿ ਤਿਹਾੜ ਵਿੱਚ ਬਿਤਾਈਆਂ ਰਾਤਾਂ ਅਜੇ ਵੀ ਯਾਦ ਨੇ। ਸਾਨੂੰ ਬਿਨਾਂ ਕਿਸੇ ਮੁਕੱਦਮੇ ਅਤੇ ਅਪਰਾਧ ਦੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਕੁਝ ਦਿਨਾਂ ਬਾਅਦ ਜੇਐੱਨਯੂ ਦੇ ਰਜਿਸਟਰਾਰ ਅਤੇ ਪ੍ਰੋਫੈਸਰ ਅਦਾਲਤ ਵਿੱਚ ਸਾਡੇ ਹੱਕ ਵਿੱਚ ਖੜ੍ਹੇ ਹੋਏ। ਉਨ੍ਹਾਂ ਨੇ ਗਵਾਹੀ ਦਿੱਤੀ ਕਿ ਕੋਈ ਸਾਜ਼ਿਸ਼ ਨਹੀਂ ਸੀ। ਇਸ ਤੋਂ ਬਾਅਦ ਵਿਦਿਆਰਥੀ ਆਗੂਆਂ ਨੂੰ ਜ਼ਮਾਨਤ ਮਿਲ ਗਈ।

# ਪੜ੍ਹਾਈ ਦੀ ਚਿੰਤਾ 'ਚ ਦਰਬਾਰ ਸਾਹਿਬ ਪੁੱਜੀਆਂ ਲੜਕੀਆਂ

**ਜਗਰਾਉਂ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਅਮਰਗੜ੍ਹ ਕਲੇਰ ਦੀਆਂ ਲਾਪਤਾ ਹੋਈਆਂ ਦੋ ਸਕੀਆਂ ਭੈਣਾਂ ਨੂੰ ਪੁਲੀਸ ਨੇ ਲਭ ਕੇ ਅੱਜ ਮਾਪਿਆਂ ਹਵਾਲੇ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਭੈਣਾਂ ਵਿੱਚੋਂ ਵੱਡੀ ਸੀਟੀ ਯੂਨੀਵਰਸਿਟੀ 'ਚ ਤੇ ਦੂਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਜਗਰਾਉਂ 'ਚ ਪੜ੍ਹਦੀ ਹੈ। ਦੋਵੇਂ ਭੈਣਾਂ ਇਸ ਮਹੀਨੇ ਦੀ 12 ਜੂਨ ਤੋਂ ਲਾਪਤਾ ਸਨ ਤੇ ਉਨ੍ਹਾਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਪੁਲੀਸ ਨੇ ਬੀਤੇ ਕੱਲ੍ਹ ਹੀ ਦਰਜ ਕੀਤੀ ਸੀ।

ਪੁਲੀਸ ਚੌਕੀ ਗਾਲਿਬ ਕਲਾਂ ਦੀ ਟੀਮ ਨੇ ਦੋਵੇਂ ਲਾਪਤਾ ਲੜਕੀਆਂ ਨੂੰ ਲਭ ਕੇ ਮਾਪਿਆਂ ਹਵਾਲੇ ਕੀਤਾ ਤੇ ਉਨ੍ਹਾਂ ਦੀ ਚਿੰਤਾ ਦੂਰ ਕੀਤੀ। ਏਐੱਸਆਈ ਤਰਸੇਮ ਸਿੰਘ ਇੰਚਾਰਜ ਪੁਲੀਸ ਚੌਕੀ ਨੇ ਦੱਸਿਆ ਕਿ ਦੋਵੇਂ ਲੜਕੀਆਂ 12 ਜੂਨ ਸਵੇਰੇ 9 ਵੱਜੇ ਘਰ ਤੋਂ ਪੜ੍ਹਨ ਲਈ ਗਈਆਂ ਸਨ ਪਰ ਵਾਪਸ ਨਹੀਂ ਆਈਆਂ। ਪਰਿਵਾਰ ਨੇ ਆਪਣੇ ਪੱਧਰ 'ਤੇ ਦੋਵਾਂ ਦੀ ਭਾਲ ਕੀਤੀ ਪਰ ਕੋਈ ਸਫ਼ਲਤਾ ਨਾ ਮਿਲਣ 'ਤੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲੀਸ ਨੇ ਪੀੜ੍ਹਤ ਪਰਿਵਾਰ ਨੂੰ ਹੌਂਸਲਾ ਦਿੱਤਾ ਤੇ ਲੜਕੀਆਂ ਦੀ ਭਾਲ ਆਰੰਭੀ। ਦੋਵੇਂ ਲੜਕੀਆਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਮਿਲੀਆਂ, ਜਿਨ੍ਹਾ ਨੂੰ ਅੱਜ ਪੁਲੀਸ ਨੇ ਪਰਿਵਾਰ ਹਵਾਲੇ ਕਰ ਦਿੱਤਾ ਹੈ। ਲੜਕੀਆਂ ਨੇ ਪੁਲੀਸ ਤੇ ਮਾਪਿਆਂ ਦੀ ਹਾਜ਼ਰੀ ਵਿੱਚ ਦੱਸਿਆ ਕਿ ਉਨ੍ਹਾਂ ਉੱਪਰ ਪੜ੍ਹਾਈ ਦਾ ਬੋਝ ਸੀ ਜਿਸ ਕਰਕੇ ਉਹ ਦਰਬਾਰ ਸਾਹਿਬ ਚਲੇ ਗਈਆਂ ਸਨ। ਪੀੜ੍ਹਤ ਪਰਿਵਾਰ ਨੇ ਪੁਲੀਸ ਦਾ ਧੰਨਵਾਦ ਕੀਤਾ।

# ਮਾਣੂੰਕੇ ਸੇਵਾ ਕੇਂਦਰ 'ਚੋਂ ਲੱਖਾਂ ਦਾ ਸਾਮਾਨ ਚੋਰੀ

**ਜਗਰਾਉਂ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਨੇੜਲੇ ਪਿੰਡ ਮਾਣੂੰਕੇ ਵਿੱਚ ਬੀਤੀ ਰਾਤ ਕੁਝ ਅਣਪਛਾਤੇ ਵਿਅਕਤੀ ਸੇਵਾ ਕੇਂਦਰ ਦਾ ਤਾਲਾ ਤੋੜ ਕੇ ਕੇਂਦਰ 'ਚ ਪਿਆ ਲੱਖਾਂ ਦੀ ਕੀਮਤ ਦਾ ਸਾਮਾਨ ਚੋਰੀ ਕਰ ਕੇ ਲੈ ਗਏ ਹਨ। ਥਾਣਾ ਹਠੂਰ ਦੇ ਏਐੱਸਆਈ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਸੇਵਾ ਕੇਂਦਰ ਮਾਣੂੰਕੇ 'ਚੋਂ ਲੈਪਟਾਪ, ਲੈਮੀਨੇਸ਼ਨ ਮਸ਼ੀਨ, ਟੋਕਨ ਪ੍ਰਿੰਟਿੰਗ ਮਸ਼ੀਨ, ਹਾਰਡ ਡਿਸਕ, ਹਾਜ਼ਰੀ ਮਸ਼ੀਨ, ਆਧਾਰ ਕਾਰਡ ਕਾਂਊਟਰ ਤੋਂ ਸੀਪੀਯੂ, ਐੱਲਸੀਡੀ ਸਕੈਨਰ ਪ੍ਰਿੰਟਰ, ਆਧਾਰ ਫਿੰਗਰ ਪ੍ਰਿੰਟ ਮਸ਼ੀਨ, ਮੰਤਰਾ ਮਸ਼ੀਨ, ਅੱਠ ਬੈਟਰੀਆਂ, ਲੋਹੇ ਦਾ ਸਟੈਂਡ, ਜਨਰੇਟਰ ਬੈਟਰੀ, ਸੈਲਫ, ਪੰਚਾਇਤੀ ਕੈਮਰਿਆਂ ਦਾ ਸਾਰਾ ਸਾਮਾਨ, ਛੋਟੀ ਐੱਲਸੀਡੀ ਸਕਰੀਨ ਤੇ ਦੋ ਐੱਨਵੀਆਰ ਆਦਿ ਚੋਰੀ ਹੋਏ ਹਨ।

ਪੁਲੀਸ ਨੇ ਸੇਵਾ ਕੇਂਦਰ ਦਾ ਨਿਰੀਖਣ ਕਰਨ ਮਗਰੋਂ ਅਣਪਛਾਤਿਆਂ ਖ਼ਿਲਾਫ਼ ਸੇਵਾ ਕੇਂਦਰ 'ਚ ਅਪਰੇਟਰ ਵੱਜੋਂ ਸੇਵਾਵਾਂ ਨਿਭਾਉਣ ਵਾਲੇ ਦਲਵਾਰਾ ਦਾਸ ਜੋ ਪਿੰਡ ਚਕਰ ਦਾ ਵਸਨੀਕ ਹੈ ਦੇ ਬਿਆਨ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਸੇਵਾ ਕੇਂਦਰ ਦੇ ਆਸ-ਪਾਸ ਲੱਗੇ ਕੈਮਰਿਆਂ ਦੀ ਜਾਂਚ ਆਰੰਭ ਦਿੱਤੀ ਹੈ। ਇਲਾਕੇ ਵਿੱਚ ਸਰਕਾਰੀ ਸੰਸਥਾਵਾਂ ਨੂੰ ਪਿਛਲੇ ਦਿਨਾਂ ਤੋਂ ਚੋਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਇਸ ਤੋਂ ਪਹਿਲਾਂ ਚੌਕੀਮਾਨ ਸਰਕਾਰੀ ਡਿਸਪੈਂਸਰੀ 'ਚ ਵੀ ਚੋਰੀ ਹੋ ਚੁੱਕੀ ਹੈ

# ਅਖਾੜਾ ਦਾ ਗੁਰਤੇਜ ਬਰਾੜ ਕੈਨੇਡਾ 'ਚ ਵਿਧਾਇਕ ਬਣਿਆ

**ਜਗਰਾਉਂ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਨੇੜਲੇ ਪਿੰਡ ਅਖਾੜਾ ਦੇ ਜੰਮਪਲ ਗੁਰਤੇਜ ਸਿੰਘ ਭਰਾੜ ਕੈਨੇਡਾ ਦੇ ਐਡਮਟਿੰਨ ਐਲਰਸਲੀ ਏਰੀਨਾ ਹਲਕੇ ਤੋਂ ਵਿਧਾਇਕ ਦੀ ਚੋਣ ਜਿੱਤ ਗਏ ਹਨ ਜਿਸ ਮਗਰੋਂ ਉਸ ਦੇ ਜੱਦੀ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਹੈ। ਪਿੰਡ ਦੇ ਮੁੱਖ ਦਰਵਾਜ਼ੇ ਮੂਹਰੇ ਇਕੱਠ ਕਰਕੇ ਇਸ ਜਿੱਤ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।

ਜ਼ਿਕਰਯੋਗ ਹੈ ਕਿ ਗੁਰਤੇਜ ਸਿੰਘ ਬਰਾੜ ਨੇ ਐੱਨਡੀਪੀ ਪਾਰਟੀ ਵਲੋਂ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ। ਗੁਰਤੇਜ ਸਿੰਘ ਰੇਡੀਓ-ਟੀਵੀ ਦੇ ਹੋਸਟ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ। ਉਹ ਵਿਆਹ ਤੋਂ ਬਾਅਦ ਨਿਊਜ਼ੀਲੈਂਡ ਚਲੇ ਗਏ ਸਨ ਤੇ ਉੱਥੋਂ ਪੱਕੇ ਤੌਰ 'ਤੇ ਕੈਨੇਡਾ ਦੇ ਵਸਨੀਕ ਹੋ ਗਏ।

ਗੁਰਤੇਜ ਸਿੰਘ ਨੇ ਐਡਮਿੰਟਨ ਦੇ ਐਲਰਸਲੀ ਏਰੀਆ ਤੋਂ ਐਨਡੀਪੀ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਜਿੱਤਣ ਦੀ ਖ਼ਬਰ ਜਿਵੇਂ ਹੀ ਪਿੰਡ ਪੁੱਜੀ ਤਾਂ ਪਿੰਡ ਅਖਾੜਾ ਵਿੱਚ ਵੀ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ ਤੇ ਢੋਲ ਵੱਜੇ।

ਪਿੰਡ ਵਾਸੀਆਂ ਨੇ ਸਮੂਹਿਕ ਤੌਰ 'ਤੇ ਇਕੱਠੇ ਹੋ ਕੇ ਆਪਣੇ ਗਰੀਂ ਦੀ ਇਸ ਮਾਣਮੱਤੀ ਪ੍ਰਾਪਤੀ ਦੀ ਖੁਸ਼ੀ ਮਨਾਈ। ਇਸ ਮੌਕੇ ਢੋਲ ਦੀ ਤਾਲ 'ਤੇ ਲੁੱਡੀਆਂ ਪਾਈਆਂ ਗਈਆਂ। ਯੁਵਕ ਸੇਵਾਵਾਂ ਕਲੱਬ ਦੇ ਸਰਪ੍ਰਸਤ ਡਾ. ਮਲਕੀਤ ਸਿੰਘ ਕਲੇਰ, ਕੁਲਵਿੰਦਰ ਸਿੰਘ ਸਮਰਾ, ਮਨਿੰਦਰ ਸਿੰਘ ਤੇ ਡਾ. ਇਕਬਾਲ ਸਿੰਘ ਨੇ ਗੁਰਤੇਜ ਸਿੰਘ ਨੂੰ ਜਿੱਤ ਦੀ ਵਧਾਈ ਦਿੱਤੀ। ਉਨਾਂਹ ਦੱਸਿਆ ਕਿ ਪਰਵਾਸ ਤੋਂ ਪਹਿਲਾਂ ਗੁਰਤੇਜ ਸਿੰਘ ਬਰਾੜ ਆਪਣੇ ਪਿੰਡ ਦੀ ਯੁਵਕ ਸੇਵਾਵਾਂ ਕਲੱਬ ਦੇ ਸਕੱਤਰ ਸਨ ਤੇ ਇਸੇ ਦੌਰਾਨ ਹੀ ਉਨ੍ਹਾਂ ਦੀ ਅਗਵਾਈ ਹੇਠ ਯੁਵਕ ਸੇਵਾਵਾਂ ਕਲੱਬ ਨੇ ਸਮਾਜ ਸੇਵਾ ਦੇ ਅਨੇਕਾਂ ਕਾਰਜ ਕੀਤੇ। ਇਹ ਵੀ ਜ਼ਿਕਰਯੋਗ ਹੈ ਕਿ ਇਸ ਚੋਣ ਵਿੱਚ ਗੁਰਤੇਜ ਬਰਾੜ ਨੇ ਨਰੇਸ਼ ਭਾਰਦਵਾਜ ਨੂੰ ਮਾਤ ਦਿੱਤੀ ਹੈ। ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ। ਗੁਰਤੇਜ ਸਿੰਘ ਰੇਡੀਓ-ਟੀਵੀ ਦੇ ਹੋਸਟ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ। ਉਹ ਵਿਆਹ ਤੋਂ ਬਾਅਦਲੱਡੂ ਵੰਡਣ ਮੌਕੇ ਜਸਵੀਰ ਸਿੰਘ ਲੋਹਟ, ਇਕਬਾਲ ਸਿੰਘ ਬਰਿਆਰ, ਕੁਲਦੀਪ ਸਿੰਘ ਲੋਹਟ, ਨੰਬਰਦਾਰ ਪੂਰਨ ਸਿੰਘ, ਜਸਵੀਰ ਸਿੰਘ ਖਾਲਸਾ, ਅਵਤਾਰ ਸਿੰਘ ਸਮਰਾ, ਪ੍ਰਿਤਪਾਲ ਸਿੰਘ, ਪਰਦੀਪ ਸਿੰਘ, ਬੇਅੰਤ ਸਿੰਘ ਬਰਾੜ ਤੇ ਹੋਰ ਹਾਜ਼ਰ ਸਨ।

# ਸ਼ਰਾਬ ਦੀ ਤਸਕਰੀ ਦੇ ਦੋਸ਼ ਹੇਠ ਪਿਓ-ਪੁੱਤ ਕਾਬੂ

**ਲੁਧਿਆਣਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਲੇਮ ਟਾਬਰੀ ਦੀ ਪੁਲੀਸ ਨੇ ਅੱਜ ਚੰਡੀਗੜ੍ਹ ਤੋਂ ਸ਼ਰਾਬ ਲਿਆ ਕੇ ਲੁਧਿਆਣਾ ਵਿੱਚ ਵੇਚਣ ਵਾਲੇ ਪਿਓ-ਪੁੱਤ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਚੰਡੀਗੜ੍ਹ ਦੀਆਂ ਸ਼ਰਾਬ ਦੀਆਂ ਦੁਕਾਨਾਂ ਤੋਂ ਸਸਤੇ ਭਾਅ 'ਤੇ ਸ਼ਰਾਬ ਖਰੀਦ ਕੇ ਸ਼ਹਿਰ ਵਿੱਚ ਸਪਲਾਈ ਕਰਦੇ ਸਨ। ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਇਲਾਕੇ ਵਿੱਚ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਵੱਖ-ਵੱਖ ਬਰਾਂਡਾਂ ਦੀਆਂ ਪੰਜ ਪੇਟੀਆਂ ਸ਼ਰਾਬ ਬਰਾਮਦ ਕੀਤੀ ਹੈ। ਇਸ ਮਾਮਲੇ ਵਿੱਚ ਸਲੇਮ ਟਾਬਰੀ ਥਾਣਾ ਪੁਲੀਸ ਨੇ ਮੁਹੱਲਾ ਪੀਰੂਬੰਦਾ ਵਾਸੀ ਰਾਜੇਸ਼ ਕੁਮਾਰ ਉਰਫ਼ ਕਾਲਾ ਅਤੇ ਉਸ ਦੇ ਪੁੱਤਰ ਆਕਾਸ਼ਦੀਪ ਸਿੰਘ ਉਰਫ਼ ਆਸ਼ੂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪੁਲੀਸ ਨੇ ਇਲਾਕੇ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲੀਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਪਿਤਾ-ਪੁੱਤਰ ਹਨ ਅਤੇ ਸ਼ਰਾਬ ਤਸਕਰੀ ਵਿੱਚ ਸ਼ਾਮਲ ਹਨ। ਹੁਣ ਵੀ ਮੁਲਜ਼ਮ ਸ਼ਰਾਬ ਤਸਕਰੀ ਕਰਨ ਜਾ ਰਹੇ ਹਨ। ਸੂਚਨਾ ਮਿਲਣ ਤੋਂ ਬਾਅਦ ਪੁਲੀਸ ਨੇ ਨਾਕਾਬੰਦੀ ਦੌਰਾਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਲੰਬੇ ਸਮੇਂ ਤੋਂ ਸ਼ਰਾਬ ਤਸਕਰੀ ਦੇ ਕਾਰੋਬਾਰ ਵਿੱਚ ਸ਼ਾਮਲ ਸਨ। ਉਹ ਚੰਡੀਗੜ੍ਹ ਦੀਆਂ ਸ਼ਰਾਬ ਦੀਆਂ ਦੁਕਾਨਾਂ ਤੋਂ ਸ਼ਰਾਬ ਕਦੇ ਟੈਕਸੀ ਵਿੱਚ ਅਤੇ ਕਦੇ ਟੈਂਪੂ ਵਿੱਚ ਸ਼ਰਾਪ ਸਪਲਾਈ ਕਰਦੇ ਸਨ ਅਤੇ ਸ਼ਹਿਰ ਵਿੱਚ ਮਹਿੰਗੇ ਭਾਅ 'ਤੇ ਵੇਚਦੇ ਸਨ। ਪੁਲੀਸ ਦੋਸ਼ੀਆਂ ਤੋਂ ਪੁੱਛਗਿੱਛ ਕਰਨ ਵਿੱਚ ਲੱਗੀ ਹੋਈ ਹੈ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਸੰਧਵਾਂ ਵੱਲੋਂ ਆ ਰਹੀਆਂ ਸ਼ਤਾਬਦੀਆਂ ਮਨਾਉਣ ਬਾਰੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੇ ਵਿਦਵਾਨਾਂ ਨਾਲ ਅਹਿਮ ਵਿਚਾਰਾਂ

## ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਥਾਪਨਾ ਦਿਵਸ ਨੂੰ ਧਾਰਮਿਕ ਮਰਿਆਦਾ ਮੁਤਾਬਕ ਵੱਡੇ ਪੱਧਰ ਉਤੇ ਮਨਾਏਗੀ

ਪਟਿਆਲਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾ ਨੇ ਪੰਜਾਬ ਸਰਕਾਰ ਵੱਲੋਂ ਇਸੇ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਸ਼ਤਾਬਦੀ ਅਤੇ 2026 ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਥਾਪਨਾ ਦਿਵਸ ਦੀ ਸ਼ਤਾਬਦੀ ਨੂੰ ਪੂਰੀ ਸ਼ਾਨੋ-ਸ਼ੌਕਤ, ਸ਼ਰਧਾ-ਸਤਿਕਾਰ ਅਤੇ ਆਧੁਨਿਕ ਢੰਗ ਦੇ ਸੁਮੇਲ ਨਾਲ ਮਨਾਉਣ ਲਈ ਵਿਚਾਰ ਵਟਾਂਦਰਾ ਕਰਨ ਲਈ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਅਤੇ ਹੋਰ ਵਿਦਵਾਨਾਂ ਦੀ ਕਮੇਟੀ ਨਾਲ ਇੱਕ ਅਹਿਮ ਬੈਠਕ ਕੀਤੀ।

ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸੇ ਲਈ ਉਹ ਬਤੌਰ ਨਿਮਾਣੇ ਸਿੱਖ ਪੰਜਾਬ ਸਰਕਾਰ ਵੱਲੋਂ ਸੰਗਤ ਅਤੇ ਵਿਦਵਾਨਾਂ ਅਤੇ ਇਤਿਹਾਸਕ ਮਾਹਰਾਂ ਦੀਆਂ ਕਮੇਟੀਆਂ ਕੋਲੋਂ ਸੁਝਾਓ ਲੈ ਰਹੇ ਹਨ ਤਾਂਕਿ ਪੰਜਾਬ ਸਰਕਾਰ ਸੰਗਤ ਦੀਆਂ ਭਾਵਨਾਵਾਂ ਮੁਤਾਬਕ ਇਹ ਦਿਹਾੜੇ ਤੇ ਮਹਾਨ ਸ਼ਤਾਬਦੀਆਂ ਪੂਰੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਭਾਵਨਾ ਨਾਲ ਮਨਾ ਸਕੇ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੇ ਅਧਿਆਤਮਿਕ ਵਿਰਾਸਤ ਸਾਡੇ ਸਭਨਾਂ ਲਈ ਸ਼ਰਧਾ ਤੇ ਸਤਿਕਾਰ ਹੋਣ ਸਮੇਤ ਕੁਲ ਦੁਨੀਆਂ ਲਈ ਮਨੁੱਖੀ ਹੱਕਾਂ ਦੀ ਰਾਖੀ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਹੈ।ਇਸ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਤਿਹਾਸਕ ਤੇ ਵਿਰਾਸਤੀ ਧਰੋਹਰ ਦੀ ਕੁਲ ਜਹਾਨ ਲਈ ਵਿਸ਼ੇਸ਼ ਮਹੱਤਤਾ ਹੈ, ਜਿਸ ਨੂੰ ਦੁਨੀਆਂ ਭਰ ਤੱਕ ਪੁੱਜਦਾ ਕਰਨਾ ਹੈ।ਜਿਸ ਲਈ ਉਹ ਖਾਸ ਤੌਰ ਉਤੇ ਧੰਨਵਾਦੀ ਹਨ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਅਤੇ ਉਨ੍ਹਾਂ ਵੱਲੋਂ ਯੂਨੀਵਰਸਿਟੀ ਦੀ ਗਠਿਤ ਵਿਸ਼ੇਸ਼ ਕਮੇਟੀ ਦੇ ਮੈਂਬਰਾਂ ਪ੍ਰੋ. ਪਰਮਵੀਰ ਸਿੰਘ, ਡਾ. ਜਸਵਿੰਦਰ ਸਿੰਘ ਅਤੇ ਡਾ. ਸੰਦੀਪ ਕੌਰ ਦੇ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਕੀਮਤੀ ਸੁਝਾਅ ਦਿੱਤੇ ਹਨ।

ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਵੱਲੋਂ ਦਿੱਤੇ ਗਏ ਵੱਖ-ਵੱਖ ਸੁਝਾਵਾਂ ਦਾ ਸਵਾਗਤ ਕਰਦਿਆਂ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬੀ ਯੂਨੀਵਰਸਿਟੀ ਬੜੀ ਹੀ ਸੁਹਿਰਦਤਾ ਨਾਲ਼ ਇਸ ਦਿਸ਼ਾ ਵਿੱਚ ਕਾਰਜ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪ੍ਰਾਪਤ ਹੋਏ ਇਹ ਸਾਰੇ ਸੁਝਾਓ ਪੰਜਾਬ ਸਰਕਾਰ ਤੱਕ ਪੁੱਜਦੇ ਕੀਤੇ ਜਾਣਗੇ ਅਤੇ ਇਨ੍ਹਾਂ ਉਪਰ ਕੰਮ ਕੀਤਾ ਜਾਵੇਗਾ।

ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬ ਸਰਕਾਰ ਦੀਆਂ ਅਜਿਹੀਆਂ ਯੋਜਨਾਵਾਂ ਨੂੰ ਨੇਪਰੇ ਚਾੜ ਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਇਸ ਮਕਸਦ ਲਈ ਕਮੇਟੀ ਦਾ ਗਠਨ ਕਰ ਕੇ ਸਾਰੇ ਵਿਭਾਗਾਂ ਤੋਂ ਪ੍ਰੋਗਰਾਮਾਂ ਬਾਰੇ ਤਜਵੀਜ਼ਾਂ ਮੰਗ ਲਈਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਕਾਂਸਟੀਚੂਐਂਟ ਕਾਲਜਾਂ ਨੂੰ ਵੀ ਹਦਾਇਤ ਕਰ ਦਿੱਤੀ ਗਈ ਹੈ ਕਿ ਉਹ ਸ਼ਤਾਬਦੀ ਸਬੰਧੀ ਪ੍ਰੋਗਰਾਮ ਉਲੀਕਣ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਤੈਅ ਹੋਈਆਂ ਯੋਜਨਾਵਾਂ ਅਤੇ ਵਿਚਾਰ-ਵਟਾਂਦਰੇ ਅਨੁਸਾਰ ਯੂਨੀਵਰਸਿਟੀ ਪੰਜਾਬ ਸਰਕਾਰ ਦੇ ਵੱਖ-ਵੱਖ ਸਬੰਧਤ ਵਿਭਾਗਾਂ ਨਾਲ਼ ਤਾਲਮੇਲ ਬਣਾ ਕੇ ਰੱਖੇਗੀ ਅਤੇ ਆਪਣੇ ਵੱਲੋਂ ਹਰ ਸੰਭਵ ਯੋਗਦਾਨ ਪਾਵੇਗੀ।

# ਏ.ਡੀ.ਸੀ. ਇਸ਼ਾ ਸਿੰਗਲ ਵੱਲੋਂ ਸਬ ਡਵੀਜ਼ਨ ਨਾਭਾ ਦੀਆਂ ਡਰੇਨਾਂ ਦਾ ਜਾਇਜ਼ਾ



: ਏ.ਡੀ.ਸੀ. ਇਸ਼ਾ ਸਿੰਗਲ ਨਾਭਾ ਡਰੇਨ ਦਾ ਦੌਰਾ ਕਰਦੇ ਹੋਏ, ਉਨ੍ਹਾਂ ਦੇ ਨਾਲ ਐਸ.ਡੀ.ਐਮ. ਨਾਭਾ ਇਸਮਿਤ ਵਿਜੈ ਸਿੰਘ ਨਜ਼ਰ ਆ ਰਹੇ ਹਨ।

ਨਾਭਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਅੱਜ ਨਾਭਾ ਸਬ ਡਵੀਜ਼ਨ ਵਿਚੋਂ ਲੰਘਦੀ ਰੋਹਟੀ ਡਰੇਨ, ਨਾਭਾ ਡਰੇਨ ਤੇ ਭੌੜੇ ਸਾਈਫ਼ਨ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ. ਨਾਭਾ ਡਾ. ਇਸਮਤ ਵਿਜੈ ਸਿੰਘ ਵੀ ਮੌਜੂਦ ਸਨ।

ਦੌਰੇ ਦੌਰਾਨ ਇਸ਼ਾ ਸਿੰਗਲ ਨੇ ਰੋਹਟੀ ਡਰੇਨ ਤੇ ਨਾਭਾ ਡਰੇਨ ਦੀ ਸਫ਼ਾਈ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ ਡਰੇਨਾਂ, ਸਾਈਫ਼ਨ ਤੇ ਨਦੀਆਂ-ਨਾਲਿਆਂ ਦੀ ਸਫ਼ਾਈ ਕਰਵਾਈ ਜਾ ਰਹੀ ਹੈ ਤਾਂ ਜੋ ਬਰਸਾਤਾਂ ਦੇ ਮੌਸਮ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਏ.ਡੀ.ਸੀ. ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਰਸਾਤਾਂ ਦੇ ਮੌਸਮ ਵਿੱਚ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਮਾਈਕਰੋ ਪਲਾਨ ਬਣਾਇਆ ਗਿਆ ਹੈ, ਜਿਸ ਤਹਿਤ ਪਿੰਡਾਂ ਦੇ ਸਾਰੇ ਟੋਭਿਆਂ ਦੀ ਸਫ਼ਾਈ ਕੀਤੀ ਗਈ ਹੈ ਤਾਂ ਜੋ ਬਰਸਾਤਾਂ ਦੇ ਮੌਸਮ ਵਿੱਚ ਸ਼ੀਟ ਫਲੋ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਇਸ਼ਾ ਸਿੰਗਲ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ ਤੇ ਲੋਕ ਅਫ਼ਵਾਹਾਂ ਤੋਂ ਸੁਚੇਤ ਰਹਿਣ ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਨੂੰ ਅੱਗੇ ਸ਼ੇਅਰ ਕਰਨ ਤੋਂ ਪਹਿਲਾ ਵੈਰੀਫਾਈ ਜ਼ਰੂਰ ਕਰਨ ਤਾਂ ਜੋ ਲੋਕ ਵਿੱਚ ਬੇਲੋੜਾ ਡਰ ਦਾ ਮਾਹੌਲ ਪੈਦਾ ਨਾ ਹੋਵੇ। ਇਸ ਮੌਕੇ ਡਿਪਟੀ ਸੀ.ਈ.ਓ ਜ਼ਿਲ੍ਹਾ ਪ੍ਰੀਸ਼ਦ ਅਮਨਦੀਪ ਕੌਰ, ਡਰੇਨੇਜ ਵਿਭਾਗ ਤੇ ਬੀ.ਡੀ.ਪੀ.ਓ ਦਫ਼ਤਰ ਨਾਭਾ ਦੇ ਅਧਿਕਾਰੀ ਮੌਜੂਦ ਸਨ।

# ਸੰਨੀ ਪੁਲਿਸ ਚੌਕੀ ਖਰੜ ਵਲੋਂ 3 ਜਿੰਦਾ ਰੌਦ ਅਤੇ 40 ਗ੍ਰਾਮ ਨਸ਼ੀਲਾ ਪਦਾਰਥ ਸਮੇਤ 3 ਗ੍ਰਿਫਤਾਰ



ਖਰੜ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਪੁਲਿਸ ਮੁਖੀ ਦੇ ਆਦੇਸ਼ਾਂ ਤੇ ਜਿਲੇ ਵਿਚ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਸੰਨੀ ਇਨਕਲੇਵ ਪੁਲਿਸ ਚੌਕੀ ਖਰੜ ਵਲੋਂ 3 ਰੌਂਦਾਂ, 40 ਗ੍ਰਾਮ ਨਸ਼ੀਲਾ ਪਦਾਰਥ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਜਿਨ੍ਹਾਂ ਦੀ ਪਹਿਚਾਣ ਰਮਨ ਕੁਮਾਰ ਉਰਫ ਰਮਨਾ, ਅਤਨ ਕੁਮਾਰ ਅਤੇ ਮਨੀਸ਼ ਕੁਮਾਰ ਵਜੋਂ ਹੋਈ। ਸੰਨੀ ਇਨਕਲੇਵ ਪੁਲਿਸ ਚੌਕੀ ਖਰੜ ਦੇ ਇੰਚਾਰਜ਼ ਸੀ.ਐਸ.ਰਾਮੇਵਾਲ ਨੇ ਦਸਿਆ ਕਿ ਪੁਲਿਸ ਚੌਕੀ ਦੇ ਏ.ਐਸ.ਆਈ.ਪਵਿੱਤਰਪਾਲ ਸਿੰਘ ਸਮੇਤ ਪੁਲਿਸ ਪਾਰਟੀ ਵਲੋਂ ਸੰਨੀ ਇਨਕਲੇਵ ਖਰੜ ਨੇੜੇ ਵੇਰਕਾ ਬੂਥ ਵਿਖੇ ਮੌਜ਼ੂਦ ਸੀ ਅਤੇ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਕਿ ਤਿੰਨ ਨੌਜਵਾਨ ਮੋਟਰ ਸਾਇਕਲ ਸਵਾਰ ਨਾਕਾਬੰਦੀ ਦੌਰਾਨ ਖੜੀ ਪੁਲਿਸ ਪਾਰਟੀ ਨੂੰ ਵੇਖ ਕੇ ਆਪਣਾ ਮੋਟਰ ਸਾਇਕਲ ਪਿਛੇ ਨੂੰ ਮੋੜ ਕੇ ਭੱਜਣ ਲੱਗੇ ਤਾਂ ਜਿਨ੍ਹਾਂ ਨੂੰ ਪੁਲਿਸ ਪਾਰਟੀ ਨੇ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ. ਪੁਲਿਸ ਪਾਰਟੀ ਵਲੋਂ ਉਨ੍ਹਾਂ ਦੀ ਤਲਾਸ਼ੀ ਲੈਣ ਤੇ ਰਮਨ ਕੁਮਾਰ ਉਰਫ ਰਮਨਾ ਕੋਲੋ 40 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਜਦਕਿ ਅਮਨ ਕੁਮਾਰ ਦੀ ਤਲਾਸ਼ੀ ਲੈਣ ਤੇ ਉਸ ਕੋਲੋ 2 ਜਿੰਦਾ ਰੌਦ ਤੇ ਮਨੀਸ਼ ਕੁਮਾਰ ਕੋਲੋ ਪਿਸਟਲ, ਰਿਵਾਲਵਾਰ ਦਾ 1 ਜਿੰਦਾ ਰੌਦ ਬਰਾਮਦ ਕੀਤਾ ਗਿਆ ਇਹ ਰੌਦ ਸਬੰਧੀ ਲਾਇਸੰਸ ਜਾਂ ਦਸਤਾਂਵੇਜ਼ ਨਹੀ ਦਿਖਾ ਸਕੇ। ਪੁਲਿਸ ਵਲੋਂ ਇਨ੍ਹਾਂ ਦੇ ਖਿਲਾਫ ਐਨ.ਡੀ.ਪੀ.ਐਸ.ਐਕਟ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ਼ ਕੀਤਾ ਗਿਆ ਹੈ। ਇਨ੍ਹਾਂ ਕਥਿਤ ਮੁਲਜ਼ਮਾਂ ਨੂੰ ਖਰੜ ਦੀ ਅਦਾਲਤ ਵਿਚ ਪੇਸ਼ ਕੀਤਾ ਜਿਥੋ ਮਾਨਯੋਗ ਅਦਾਲਤ ਵਲੋਂ ਤਿੰਨਾਂ ਨੂੰ ਤਿੰਨ ਲਈ ਪੁਲਿਸ ਰਿਮਾਂਡ ਤੇ ਭੇਜ ਦਿੱਤਾ।

# ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਔਰਤਾਂ ਲਈ ਵੀ ਸਿਹਤ ਸੇਵਾਵਾਂ ਸ਼ੁਰੂ

ਬਰਨਾਲਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਲਈ ਚਲਾਏ ਜਾ ਰਹੇ ਓਟ ਕਲੀਨਿਕਾਂ 'ਚ ਮਈ ਮਹੀਨੇ ਤੱਕ 28791 ਨਸ਼ਾ ਪੀੜਤਾਂ ਨੇ ਇਲਾਜ ਕਰਵਾਇਆ ਹੈ ਅਤੇ ਉਨ੍ਹਾਂ ਨੂੰ 846323 ਦਵਾਈਆਂ ਵੰਡੀਆਂ ਗਈਆਂ ਹਨ।

ਇਸ ਗੱਲ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਸਿਹਤ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਸਮੀਖਿਆ ਕੀਤੀ।

ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਇਸ ਤੋਂ ਇਲਾਵਾ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਵਿਚ ਮਈ ਤੱਕ 875 ਵਿਅਕਤੀਆਂ ਨੇ ਇਲਾਜ ਕਰਵਾਇਆ ਹੈ ਅਤੇ 102 ਮਰੀਜ਼ ਦਾਖ਼ਲ ਹੋਏ। ਉਨ੍ਹਾਂ ਦੱਸਿਆ ਕਿ ਸੋਹਲ ਪੱਤੀ ਵਿਖੇ ਚਲਾਏ ਜਾ ਰਹੇ ਮੁੜ ਵਸੇਬਾ ਕੇਂਦਰ ਵਿੱਚ ਹੁਣ ਤੱਕ 60 ਨਸ਼ਾ ਪੀੜਤ ਦਾਖ਼ਲ ਹੋਏ ਹਨ ਜਿੱਥੇ ਸਰਕਾਰ ਵੱਲੋਂ ਨਸ਼ਾ ਪੀੜਤਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।

ਵਧੇਰੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ 14 ਆਮ ਆਦਮੀ ਕਲੀਨਿਕ/ਆਯੂਸ਼ਮਾਨ ਅਰੋਗਿਆ ਕੇਂਦਰ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੇਂਦਰਾਂ 'ਚ 31 ਮਈ ਤੱਕ 447697 ਮਰੀਜ਼ਾਂ ਨੇ ਓ ਪੀ ਡੀ ਅਤੇ 257478 ਲੈਬ ਟੈਸਟ ਸੁਵਿਧਾਵਾਂ ਮੁਫਤ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੇਂਦਰਾਂ ਵਿੱਚ ਇਸ ਮਹੀਨੇ ਤੋਂ ਗਰਭਵਤੀ ਔਰਤਾਂ ਲਈ ਵੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਵਿਚ ਮੁਫ਼ਤ ਅਲਟਰਾ ਸਾਊਂਡ ਕਰਵਾਉਣ ਦੀ ਸਹੂਲਤ ਵੀ ਹੈ। ਨਾਲ ਹੀ ਕਲੀਨਿਕਾਂ ਵਿੱਚ ਐਂਟੀ ਰੇਬੀਜ਼ ਵੈਕਸੀਨ ਵੀ ਉਪਲੱਬਧ ਹੈ।

ਇਸ ਤੋਂ ਇਲਾਵਾ ਉਨ੍ਹਾਂ ਰਾਸ਼ਟਰੀ ਸਿਹਤ ਮਿਸ਼ਨ ਤਹਿਤ ਹਸਪਤਾਲਾਂ 'ਚ ਜਣੇਪਾ, ਪਰਿਵਾਰ ਨਿਯੋਜਨ, ਰਾਸ਼ਟਰੀ ਬਾਲ ਸੁਰੱਖਿਆ ਕਾਰਿਆਕ੍ਰਮ, ਤੰਬਾਕੂ ਚਲਾਨ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਦਿ ਦੀ ਵੀ ਸਮੀਖਿਆ ਕੀਤੀ। ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਉੱਪ ਮੰਡਲ ਮਜਿਸਟ ?ਰੇਟ ਸਿਮਰਪ੍ਰੀਤ ਕੌਰ, ਉੱਪ ਮੰਡਲ ਮੈਜਿਸਟਰੇਟ ਹਰਪ੍ਰੀਤ ਸਿੰਘ ਅਟਵਾਲ, ਸਿਵਲ ਸਰਜਨ ਡਾ. ਬਲਜੀਤ ਸਿੰਘ ਅਤੇ ਹੋਰ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰਬਰ 33 'ਚ ਨਵੀਂ ਪਾਣੀ ਦੀ ਲਾਈਨ ਵਿਛਾਉਣ ਦੇ ਕਾਰਜ਼ਾਂ ਦਾ ਉਦਘਾਟਨ

ਲੁਧਿਆਣਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਜਲ ਸਪਲਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਬਿਹਤਰ ਬਣਾਉਣ ਵੱਲ ਇੱਕ ਕਦਮ ਵਧਾਉਂਦੇ ਹੋਏ, ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 33 ਅਧੀਨ ਨਿਊ ਅੰਬੇਡਕਰ ਨਗਰ ਵਿੱਚ ਇੱਕ ਨਵੀਂ ਪਾਣੀ ਦੀ ਲਾਈਨ ਵਿਛਾਉਣ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਵਿਧਾਇਕ ਛੀਨਾ ਨੇ ਕਿਹਾ ਕਿ ਇਸ ਪ੍ਰੋਜੈਕਟ ਤਹਿਤ 5 ਇੰਚ ਦੀਆਂ ਪਾਈਪਾਂ ਵਿਛਾਈਆਂ ਜਾਣਗੀਆਂ ਜਿਸ 'ਤੇ ਲਗਭਗ 35 ਲੱਖ ਰੁਪਏ ਦੀ ਲਾਗਤ ਆਵੇਗੀ। ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੇ 10 ਸਾਲਾਂ ਤੋਂ ਲੋਕ ਗੰਧਲਾ ਪਾਣੀ ਪੀਣ ਲਈ ਮਜਬੂਰ ਸਨ ਅਤੇ ਵਸਨੀਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਅੱਖੋਂ ਪਰੋਖੇ ਰੱਖਿਆ ਗਿਆ।

ਉਨ੍ਹਾਂ ਸਪੱਸ਼ਟ ਕੀਤਾ ਕਿ ਨਵੀਆਂ ਪਾਣੀ ਦੀਆਂ ਲਾਈਨਾਂ ਵਿਛਾਉਣ ਨਾਲ ਲੋਕਾਂ ਨੂੰ ਸਾਫ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰ ਰਹੀ ਹੈ ਤਾਂ ਜੋ ਪੰਜਾਬ ਸੂਬੇ ਵਿੱਚ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

ਇਸ ਮੌਕੇ 'ਆਪ' ਆਗੂ ਦਲੀਪ ਕੁਮਾਰ, ਬਲਬੀਰ ਸਿੰਘ ਭੋਲਾ, ਕੁਲਦੀਪ ਧੀਂਗਾਨ, ਜੇ.ਈ. ਅਵਨੀਤ ਅਤੇ ਹੋਰ ਸਾਥੀ ਮੌਜੂਦ ਸਨ।

# ਸੂਬਾ ਸਰਕਾਰ ਤੁਰੰਤ ਬਣਾਏ ਬੇਅਦਬੀ ਰੋਕੂ ਕਾਨੂੰਨ: ਸ਼ਾਹੀ ਇਮਾਮ

## ਸਾਰੇ ਧਰਮਾਂ ਦੇ ਆਗੂਆਂ ਵੱਲੋਂ ਟਾਵਰ ਮੋਰਚੇ 'ਚ ਪੁੱਜ ਕੇ ਹਮਾਇਤ ਦੇਣ ਦਾ ਐਲਾਨ

ਸਮਾਣਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ (ਟਾਵਰ ਮੋਰਚਾ ਸਮਾਣਾ) ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਸ਼ਾਹੀ ਇਮਾਮ ਪੰਜਾਬ ਸਮੇਤ ਸਭ ਧਰਮਾਂ ਦੇ ਮੁਖੀਆਂ ਨੇ ਮੋਰਚੇ ਦੀ ਸਫ਼ਲਤਾ ਲਈ ਪੂਰਨ ਹਮਾਇਤ ਦਾ ਐਲਾਨ ਕੀਤਾ। ਮੋਰਚੇ ਦੇ ਕੋ-ਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ ਦੇ ਸੱਦੇ 'ਤੇ ਲੁਧਿਆਣਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ, ਸ਼ਾਹੀ ਇਮਾਮ ਪੰਜਾਬ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਸਰਕਾਰ ਤੁਰੰਤ ਬੇਅਦਬੀਆਂ ਦੇ ਦੋਸ਼ੀਆਂ ਲਈ ਸਖ਼ਤ ਸਜ਼ਾ ਦਾ ਕਾਨੂੰਨ ਬਣਾਵੇ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਦੁਸ਼ਟਾਂ ਦੇ ਕੇਸ ਫਾਸਟ ਟਰੈਕ ਕੋਰਟ ਰਾਹੀਂ ਹੱਲ ਕੀਤੇ ਜਾਣ ਤਾਂ ਕਿ ਕੋਈ ਬੇਅਦਬੀ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚੇ। ਬਾਬਾ ਕਸ਼ਮੀਰਾ ਸਿੰਘ ਅਲੌਹਰਾਂ ਵਾਲਿਆਂ ਨੇ ਸਮੂਹ ਸੰਗਤ ਗੁਰੂ ਦੇ ਸਤਿਕਾਰ ਲਈ ਖੁੱਲ੍ਹ ਕੇ ਮੋਰਚੇ ਨਾਲ ਖੜ੍ਹਨ ਦੀ ਅਪੀਲ ਕੀਤੀ। ਈਸਾਈ ਸਮਾਜ ਦੇ ਜਲੰਧਰ ਤੋਂ ਪਹੁੰਚੇ ਬਿਸ਼ਪ ਦੇ ਨੁਮਾਇੰਦੇ ਜਸਬੀਰ ਮਸੀਹ ਨੇ ਭਾਵੁਕ ਹੋ ਕੇ ਕਿਹਾ ਕਿ ਉਹ ਵੀ ਬੇਅਦਬੀ ਦੇ ਪੀੜਤ ਹਨ ਅਤੇ ਮੋਰਚੇ ਦੀ ਹਰ ਕਾਲ 'ਤੇ ਸਾਰਾ ਈਸਾਈ ਭਾਈਚਾਰਾ ਡਟਕੇ ਖੜ੍ਹੇਗਾ। ਨੌਜਵਾਨ ਹਿੰਦੂ ਲੇਖਕ ਵਿਨਾਇਕ ਦੱਤ ਨੇ ਕਿਹਾ ਜਿਹੜੀਆਂ ਤਾਕਤਾਂ ਪੰਜਾਬ 'ਚ ਭਗਵਦ ਗੀਤਾ, ਗੁਰੂ ਗ੍ਰੰਥ ਸਾਹਿਬ, ਕੁਰਾਨ ਸ਼ਰੀਫ਼ ਅਤੇ ਹੋਰ ਗ੍ਰੰਥਾਂ ਦੀਆਂ ਬੇਅਦਬੀਆਂ ਕਰਵਾ ਕੇ ਧਾਰਮਿਕ ਅਤੇ ਸਮਾਜਿਕ ਸਾਂਝੀਵਾਲਤਾ ਨੂੰ ਸੱਟ ਮਾਰ ਰਹੀਆਂ ਹਨ, ਉਨ੍ਹਾਂ ਨੂੰ ਸਖਤ ਕਾਨੂੰਨ ਰਾਹੀਂ ਨੱਥ ਪਾਈ ਜਾਵੇ। ਸੋਸ਼ਲ ਐਕਟੀਵਿਸਟ ਅਮਿਤੋਜ ਮਾਨ ਨੇ ਸੰਘਰਸ਼ ਨੂੰ ਮੁਕਾਮ ਤੱਕ ਲੈ ਕੇ ਜਾਣ ਦਾ ਐਲਾਨ ਕੀਤਾ। ਮੋਰਚਾ ਸੰਯੋਜਕ ਭਾਈ ਗੁਰਪ੍ਰੀਤ ਸਿੰਘ ਨੇ ਪੰਜਾਬ ਭਰ ਤੋਂ ਆਪਮੁਹਾਰੇ ਪਹੁੰਚੀ ਸੰਗਤ ਨੂੰ ਤਗੜੇ ਹੱਥੀਂ ਸਰਕਾਰ ਤੋਂ ਕਾਨੂੰਨ ਬਣਵਾਉਣ ਲਈ ਤਿਆਰ ਰਹਿਣ ਨੂੰ ਕਿਹਾ। ਇਸ ਮੌਕੇ ਬਾਬਾ ਰਣਜੋਧ ਸਿੰਘ ਜੀ ਢਾਠੇ ਵਾਲੇ, ਤਲਵਿੰਦਰ ਸਿੰਘ ਔਲਖ, ਅਮਰਜੀਤ ਸਿੰਘ ਪੰਜਰਥ, ਸੁਭਾਸ਼ ਪੰਜਰਥ, ਸੁਖਵਿੰਦਰ ਸਿੰਘ ਦਾਨੀਪੁਰ, ਬਾਬਾ ਸੁਖਦੇਵ ਸਿੰਘ ਜੀ ਨਾਨਕਸਰ ਵਾਲੇ, ਬਾਬਾ ਭਰਪੂਰ ਸਿੰਘ ਜੀ ਗਾਜੇਵਾਸ, ਬਹਾਦਰ ਖਾਨ ਧਬਲਾਣ, ਸੂਬਾ ਪ੍ਰਧਾਨ ਬੀ.ਕੇ.ਯੂ. ਫ਼ਤਹਿ, ਅਮਰਜੀਤ ਸਿੰਘ ਗੁਰਾਇਆ, ਮਨਜਿੰਦਰ ਸਿੰਘ, ਰਾਣਾ ਸੇਖੋਂ, ਗੋਪਾਲ ਸ਼ਰਮਾ, ਪਰਵੀਨ ਸ਼ਰਮਾ, ਹਰਿੰਦਰ ਸਿੰਘ ਸਾਬਕਾ ਚੇਅਰਮੈਨ, ਬਾਬਾ ਸੁਖਵਿੰਦਰ ਸਿੰਘ ਘੱਗਾ ਤੇ ਦਿਲਬਰ ਖਾਨ ਸਮੇਤ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

# ਚੋਰੀ ਦੇ ਮੋਟਰਸਾਈਕਲ ਸਣੇ ਮੁਲਜ਼ਮ ਕਾਬੂ

ਸਮਾਣਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਿਟੀ ਪੁਲੀਸ ਨੇ ਸਿਵਲ ਹਸਪਤਾਲ ਸਮਾਣਾ ਤੋਂ ਚੋਰੀ ਕੀਤੇ ਮੋਟਰਸਾਈਕਲ ਸਣੇ ਮੁਲਜ਼ਮ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਡੀਐੱਸਪੀ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਸਿਟੀ ਪੁਲੀਸ ਦੇ ਏ.ਐੱਸ.ਆਈ. ਰਾਜਵੀਰ ਸਿੰਘ ਸਣੇ ਪੁਲੀਸ ਪਾਰਟੀ ਪਿੰਡ ਧਨੇਠਾ ਮੋੜ 'ਤੇ ਮੌਜੂਦ ਸੀ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਬਲਵੀਰ ਸਿੰਘ ਉਰਫ ਗੰਜਾ ਵਾਸੀ ਪਿੰਡ ਘੰਗਰੋਲੀ ਚੋਰੀ ਕੀਤੇ ਮੋਟਰਸਾਈਕਲ 'ਤੇ ਸਮਾਣਾ ਵੱਲ ਆ ਰਿਹਾ ਹੈ ਜਿਸ ਨੂੰ ਪੁਲੀਸ ਨੇ ਨਾਕਾਬੰਦੀ ਕਰ ਕੇ ਮੋਟਰਸਾਈਕਲ ਸਣੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ 20 ਜੂਨ ਨੂੰ ਮੇਜਰ ਸਿੰਘ ਵਾਸੀ ਪੁਰਾਣੀ ਸਰਾਂਪਤੀ ਦਾ ਮੋਟਰਸਾਈਕਲ ਸਿਵਲ ਹਸਪਤਾਲ ਦੇ ਬਾਹਰੋਂ ਚੋਰੀ ਹੋ ਗਿਆ ਸੀ ਜਿਸ ਦੀ ਉਸ ਨੇ ਥਾਣਾ ਸਿਟੀ ਸਮਾਣਾ 'ਚ ਸ਼ਿਕਾਇਤ ਦਰਜ ਕਰਵਾਈ ਸੀ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰ ਹੋਰ ਪੁੱਛਗਿੱਛ ਲਈ ਰਿਮਾਂਡ ਹਾਸਲ ਕੀਤਾ ਜਾਵੇਗਾ।

# ਸੋਨੇ-ਚਾਂਦੀ ਦੇ ਗਹਿਣੇ ਅਤੇ ਨਕਦੀ ਚੋਰੀ

ਦੇਵੀਗੜ੍ਹ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਜੁਲਕਾਂ ਅਧੀਨ ਪਿੰਡ ਬਹਾਦਰਪੁਰ ਫਕੀਰਾਂ ਉਰਫ ਛੰਨਾਂ ਹਾਲ ਡੇਰਾ ਜੁਲਕਾਂ ਵਿੱਚ ਇੱਕ ਘਰ ਵਿੱਚੋਂ ਗਹਿਣੇ ਅਤੇ ਨਕਦੀ ਚੋਰੀ ਹੋ ਗਏ ਹਨ। ਪੁਲੀਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਬਹਾਦਰਪੁਰ ਫਕੀਰਾਂ ਉਰਫ ਛੰਨਾਂ ਹਾਲ ਡੇਰਾ ਜੁਲਕਾਂ ਦੀ ਰੂਪ ਰਾਣੀ ਪਤਨੀ ਰਾਜ ਕੁਮਾਰ ਨੇ ਥਾਣਾ ਜੁਲਕਾਂ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ ਕਿ 22-23 ਜੂਨ ਦੀ ਰਾਤ ਨੂੰ ਕੁਝ ਅਣਪਛਾਤੇ ਵਿਅਕਤੀ ਉਸ ਦੇ ਘਰੋਂ ਸੋਨੇ-ਚਾਂਦੀ ਦੇ ਗਹਿਣੇ ਅਤੇ 70 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਕੇ ਲੈ ਗਏ ਹਨ।

# 10 ਗ੍ਰਾਮ ਨਸ਼ੀਲੇ ਪਾਊਡਰ ਸਮੇਤ 1 ਕਾਬੂ, ਨਸ਼ਾ ਕਰਨ ਵਾਲੇ 4 ਵਿਅਕਤੀਆਂ ਨੂੰ ਵੀ ਕੀਤਾ ਗ੍ਰਿਫਤਾਰ

ਰੂਪ ਨਗਰ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਜ਼ਿਲ੍ਹਾ ਰੂਪਨਗਰ ਪੁਲਿਸ ਵੱਲੋਂ ਨਸ਼ੇ ਨੂੰ ਵੇਚਣ ਵਾਲਿਆਂ ਵਿਰੁੱਧ ਕਾਰਵਾਈਆਂ ਨਿਰੰਤਰ ਜਾਰੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੂਪਨਗਰ ਰੇਂਜ ਰੂਪਨਗਰ ਸ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਰੂਪਨਗਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ÷ਯੁੱਧ ਨਸ਼ਿਆ ਵਿਰੁੱਧ÷ ਮੁਹਿੰਮ ਤਹਿਤ ਰੂਪਨਗਰ ਜ਼ਿਲ੍ਹਾ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਐਕਟ ਦੇ ਵੱਖ-ਵੱਖ ਮੁਕੱਦਮਿਆਂ ਵਿੱਚ 1 ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 10 ਗ੍ਰਾਮ ਨਸ਼ੀਲਾ ਪਾਊਡਰ/ਪਦਾਰਥ ਬ੍ਰਾਮਦ ਕੀਤਾ ਗਿਆ ਅਤੇ ਨਸ਼ਾ ਕਰਨ ਵਾਲੇ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਇਸ ਸਬੰਧੀ ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਯੁੱਧ ਨਸ਼ਿਆ ਵਿਰੁੱਧ÷ ਮੁਹਿੰਮ ਦੀ ਲਗਾਤਾਰਤਾ ਵਿੱਚ ਜ਼ਿਲ੍ਹਾ ਪੁਲਿਸ ਵੱਲੋਂ ਵੱਖ-ਵੱਖ ਸਥਾਨਾ ਤੇ ਨਾਕਾਬੰਦੀਆਂ ਅਤੇ ਗਸ਼ਤਾ ਰਾਹੀ ਨਸ਼ਾ ਤਸਕਰਾਂ ਅਤੇ ਭੈੜੇ ਅਨਸਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਥਾਣਾ ਸ੍ਰੀ ਚਮਕੌਰ ਸਾਹਿਬ ਵੱਲੋਂ ਤਲਵਿੰਦਰ ਸਿੰਘ ਉਰਫ ਤਰਨ ਵਾਸੀ ਪਿੰਡ ਜਟਾਣਾਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 10 ਗ੍ਰਾਮ ਨਸ਼ੀਲਾ ਪਾਊਡਰ/ਪਦਾਰਥ ਬ੍ਰਾਮਦ ਕੀਤਾ ਗਿਆ ਅਤੇ ਥਾਣਾ ਸਦਰ ਮੋਰਿੰਡਾ ਵੱਲੋਂ ਨਸ਼ਾ ਕਰਨ ਦੇ ਆਦੀ ਸਹਿਜਪ੍ਰੀਤ ਸਿੰਘ, ਜਸਪ੍ਰੀਤ ਸਿੰਘ ਉਰਫ ਜੱਸਾ ਵਾਸੀ ਪਿੰਡ ਦੁਮਣਾ, ਜਸ਼ਨਦੀਪ ਸਿੰਘ ਵਾਸੀ ਪਿੰਡ ਪੰਜਕੋਹਾ ਥਾਣਾ ਖਮਾਣੋ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਗੁਰਬਚਨ ਸਿੰਘ ਵਾਸੀ ਪਿੰਡ ਚੂਹੜਮਾਜਰਾ ਜ਼ਿਲ੍ਹਾ ਰੂਪਨਗਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮੇ ਦਰਜ਼ ਕੀਤੇ ਗਏ।

ਇਸ ਤੋਂ ਇਲਾਵਾ ਪ੍ਰੋਜੇਕਟ 'ਸੰਪਰਕ' ਦੀ ਲਗਾਤਾਰਤਾ ਵਿੱਚ ਆਮ ਪਬਲਿਕ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾ ਸਬੰਧੀ ਜਾਗੂਰਕ ਕਰਨ ਅਤੇ ਪੁਲਿਸ ਨਾਲ ਪਬਲਿਕ ਦਾ ਤਾਲਮੇਲ ਹੋਰ ਵਧਾਉਣ ਲਈ ਪਿੰਡਾ ਵਿੱਚ ਜਾ ਕੇ ਗਜਟਿਡ ਅਫਸਰਾਂ ਅਤੇ ਮੁੱਖ ਅਫਸਰ ਥਾਣਾ ਵਲੋ ਮੀਟਿੰਗਾ ਕਰਕੇ ਉਨ੍ਹਾਂ ਨੂੰ ਪੰਜਾਬ ਐਂਟੀ ਡਰੱਗ ਹੈਲਪਲਾਇਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਸੁਝਾਅ ਵੀ ਲਏ ਗਏ।

ਐਸ.ਐਸ.ਪੀ. ਰੂਪਨਗਰ ਵਲੋਂ ਪਬਲਿਕ ਨੂੰ ਅਪੀਲ ਕੀਤੀ ਕਿ ਨਸ਼ੇ ਵਰਗੀ ਅਲਾਹਮਤ ਨੂੰ ਖਤਮ ਕਰਨ ਲਈ ਪੁਲਿਸ ਦਾ ਪੂਰਨ ਤੌਰ ਤੇ ਸਹਿਯੋਗ ਕੀਤਾ ਜਾਵੇ।

# ਸਹਿਬਾਜ਼ ਰਾਣਾ ਆਮ ਆਦਮੀ ਪਾਰਟੀ ਵੱਲੋਂ ਹਲਕਾ ਸੰਗਠਨ ਇੰਚਾਰਜ ਨਿਯੁਕਤ

ਮਲੇਰਕੋਟਲਾ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਆਮ ਆਦਮੀ ਪਾਰਟੀ ਪੰਜਾਬ ਨੇ ਪਾਰਟੀ ਦੀਆਂ ਸੰਗਠਨਕਤ ਢਾਂਚਾਗਤ ਸਰਗਰਮੀਆਂ ਨੂੰ ਹੋਰ ਮਜ਼ਬੂਤ ਅਤੇ ਚੁਸਤ ਬਣਾਉਂਦੇ ਹੋਏ ਹਲਕਾ ਮਾਲੇਰਕੋਟਲਾ ਲਈ ਨਵੇਂ ਹਲਕਾ ਸੰਗਠਨ ਇੰਚਾਰਜ ਦੀ ਨਿਯੁਕਤੀ ਕਰ ਦਿੱਤੀ ਹੈ। ਇਸ ਸੰਦਰਭ ਵਿੱਚ ਪਾਰਟੀ ਵੱਲੋਂ ਸਹਿਬਾਜ਼ ਰਾਣਾ ਨੂੰ ਹਲਕਾ ਮਾਲੇਰਕੋਟਲਾ ਦਾ ਨਵਾਂ ਹਲਕਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਅਧੀਨ ਪਾਰਟੀ ਦੇ ਹੇਠਲੇ ਪੱਧਰ (ਗ੍ਰਾਸਰੂਟ ਪੱਧਰ) 'ਤੇ ਸੰਗਠਨਕਤ ਢਾਂਚੇ ਨੂੰ ਹੋਰ ਵਧੀਆ ਬਣਾਉਣ ਅਤੇ ਲੋਕਾਂ ਨਾਲ ਨਿੱਜੀ ਸੰਪਰਕ ਵਧਾਉਣ ਦੀ ਯੋਜਨਾ ਅਨੁਸਾਰ ਇਹ ਨਿਯੁਕਤੀ ਕੀਤੀ ਗਈ ਹੈ।

ਸਹਿਬਾਜ਼ ਰਾਣਾ ਇਕ ਸਮਰਪਿਤ ਅਤੇ ਜਮੀਨੀ ਪੱਧਰ ਦੇ ਆਗੂ ਹਨ, ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਦੌਰਾਨ ਪਾਰਟੀ ਨਾਲ ਨਿਭਾਏ ਆਪਣੇ ਸਚੇ ਤੇ ਨਿਰਭੀ ਸੇਵਾਵਾਂ ਰਾਹੀਂ ਸਦੈਵ ਲੋਕ ਹਿਤਾਂ ਦੀ ਪਗਡੰਡੀ ਤੇ ਕੰਮ ਕੀਤਾ ਹੈ। ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਯੂਨਿਟ ਨੇ ਉਨ੍ਹਾਂ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਉਮੀਦ ਜਤਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਮਾਲੇਰਕੋਟਲਾ ਹਲਕੇ ਵਿੱਚ ਪਾਰਟੀ ਦੀ ਨੀਤੀਆਂ ਅਤੇ ਲੋਕ-ਹਿਤੈਸ਼ੀ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਆਮ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਇਸ ਮੌਕੇ ਸਹਿਬਾਜ਼ ਰਾਣਾ ਨੇ ਵੀ ਆਪਣੀ ਨਿਯੁਕਤੀ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਉਮੀਦਾਂ 'ਤੇ ਪੂਰਾ ਉਤਰਣ ਦੀ ਕੋਸ਼ਿਸ਼ ਕਰਨਗੇ ਅਤੇ ਹਲਕੇ ਵਿੱਚ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕਰਨਗੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ-ਹਿਤੈਸ਼ੀ ਸਕੀਮਾਂ ਨੂੰ ਹਰੇਕ ਘਰ ਤੱਕ ਪਹੁੰਚਾਉਣ ਅਤੇ ਪਾਰਟੀ ਦੇ ਸੰਦੇਸ਼ ਨੂੰ ਹਰ ਗਲੀ-ਮੁਹੱਲੇ ਤੱਕ ਫੈਲਾਉਣ ਲਈ ਉਹ ਨਿਰੰਤਰ ਮਿਹਨਤ ਕਰਦੇ ਰਹਿਣਗੇ।

ਉਨ੍ਹਾਂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਵਿੱਚ ਇਮਾਨਦਾਰੀ, ਸੁਚੱਜੇ ਪ੍ਰਸ਼ਾਸਨ ਅਤੇ ਲੋਕ-ਕੇਂਦਰਤ ਨੀਤੀਆਂ ਰਾਹੀਂ ਨਵਾਂ ਇਤਿਹਾਸ ਰਚਿਆ ਹੈ, ਜਿਸ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਹਰ ਵਰਕਰ ਦੀ ਜ਼ਿੰਮੇਵਾਰੀ ਹੈ।

ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨਾਲ ਹਰ ਪੱਧਰ 'ਤੇ ਸਹਿਯੋਗ ਦੇਣ ਦਾ ਯਕੀਨ ਦਿਵਾਇਆ।

## ਡੇਅਰੀ ਫਾਰਮਿੰਗ ਨੂੰ ਵੱਡਾ ਹੁਲਾਰਾ: ਪੰਜਾਬ ਸਰਕਾਰ ਨੇ 30 ਹਜ਼ਾਰ ਤੋਂ ਵੱਧ ਦੁਧਾਰੂ ਪਸ਼ੂਆਂ ਦਾ ਕੀਤਾ ਬੀਮਾ

# 1056 ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ 7 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਵੰਡੀ: ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ, 28 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਨੇ ਡੇਅਰੀ ਫਾਰਮਿੰਗ ਖੇਤਰ ਨੂੰ ਹੁਲਾਰਾ ਦਿੰਦਿਆਂ ਡੇਅਰੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਅਹਿਮ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨ ਵਾਸਤੇ ਮਹਿਜ਼ ਇੱਕ ਸਾਲ ਦੌਰਾਨ ਸੂਬੇ ਭਰ ਵਿੱਚ 30,598 ਦੁਧਾਰੂ ਪਸ਼ੂਆਂ ਦਾ ਬੀਮਾ ਕਰਵਾ ਕੇ ਮੀਲ ਪੱਥਰ ਸਥਾਪਤ ਕੀਤਾ ਹੈ।

ਇੱਥੇ ਆਪਣੇ ਦਫ਼ਤਰ ਵਿਖੇ ਵਿਭਾਗ ਦੇ ਚੱਲ ਰਹੇ ਪ੍ਰਾਜੈਕਟਾਂ ਦੀ ਸਮੀਖਿਆ ਕਰਦਿਆਂ ਸ. ਖੁੱਡੀਆਂ ਨੇ ਦੱਸਿਆ ਕਿ ਕੌਮੀ ਪਸ਼ੂਧਨ ਮਿਸ਼ਨ ਦੀ ਜੋਖਮ ਪ੍ਰਬੰਧਨ ਅਤੇ ਪਸ਼ੂਧਨ ਬੀਮ ਾ ਯੋਜਨਾ ਵੱਧ ਤੋਂ ਵੱਧ 70,000 ਰੁਪਏ ਪ੍ਰਤੀ ਪਸ਼ੂ ਕਲੇਮ ਸੀਮਾ ਦੇ ਨਾਲ ਜਨਰਲ ਵਰਗ ਦੇ ਕਿਸਾਨਾਂ ਲਈ 1120 ਰੁਪਏ ਅਤੇ ਅਨੁਸੂਚਿਤ ਜਾਤੀ/ਪਛੜੀ ਸ਼ ?ਰੇਣੀ ਦੇ ਕਿਸਾਨਾਂ ਲਈ 672 ਰੁਪਏ ਦੀਆਂ ਸਾਲਾਨਾ ਪ੍ਰੀਮੀਅਮ ਦਰਾਂ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦਿਆਂ ਹੁਣ ਤੱਕ 1056 ਕਿਸਾਨਾਂ ਨੂੰ 7.39 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਨੌਜਵਾਨਾਂ ਨੂੰ ਡੇਅਰੀ ਫਾਰਮਿੰਗ ਬਾਰੇ ਸਰਗਰਮੀ ਨਾਲ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਵਿਭਾਗੀ ਸਕੀਮਾਂ ਬਾਰੇ ਜਾਣੂ ਕਰਵਾਉਣ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ 2 ਤੋਂ 20 ਪਸ਼ੂਆਂ ਵਾਲੇ ਡੇਅਰੀ ਯੂਨਿਟ ਸਥਾਪਤ ਕਰਨ ਲਈ 204 ਕਿਸਾਨਾਂ ਨੂੰ 3 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ 9150 ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਬਣਾਉਣ ਲਈ ਡੇਅਰੀ ਸਿਖਲਾਈ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਕਾਂ ਨੂੰ ਬੀਮਾ ਯੋਜਨਾ ਦੇ ਲਾਭਾਂ, ਕਲੇਮ ਪ੍ਰਕਿਰਿਆਵਾਂ ਅਤੇ ਪਸ਼ੂ ਸਿਹਤ ਪ੍ਰਬੰਧਨ ਬਾਰੇ ਸਿੱਖਿਅਤ ਕਰਨ ਲਈ 47 ਸੂਬਾਈ ਅਤੇ ਜ਼ਿਲ੍ਹਾ ਪੱਧਰੀ ਸੈਮੀਨਾਰ ਅਤੇ ਕੈਂਪ ਲਗਾਏ ਗਏ ਜਿਸ ਨਾਲ ਭਾਗੀਦਾਰੀ ਅਤੇ ਵਿਸ਼ਵਾਸ ਵਿੱਚ ਵਾਧਾ ਹੋਇਆ ਹੈ।

ਇਸ ਮੀਟਿੰਗ ਦੌਰਾਨ ਡੇਅਰੀ ਵਿਕਾਸ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਸੰਪਾਦਕੀ

### ਵਿਰੋਧੀ ਧਿਰ, ਜਿਸ ਦਾ 'ਇੰਡੀਆ' ਬਲਾਕ ਖਿੰਡਿਆ ਹੋਇਆ

ਵਿਰੋਧੀ ਧਿਰ, ਜਿਸ ਦਾ 'ਇੰਡੀਆ' ਬਲਾਕ ਖਿੰਡਿਆ ਹੋਇਆ ਹੈ, ਨੂੰ ਆਖ਼ਿਰਕਾਰ ਮੁਸਕਰਾਉਣ ਦਾ ਮੌਕਾ ਮਿਲਿਆ ਹੈ। ਹਾਲ ਹੀ ਵਿੱਚ (19 ਜੂਨ ਨੂੰ) ਹੋਈਆਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਹੈ, ਜੋ ਚਾਰ ਰਾਜਾਂ ਦੀਆਂ ਪੰਜ ਸੀਟਾਂ 'ਤੇ ਚੋਣ ਲੜ ਕੇ ਸਿਰਫ਼ ਇੱਕ ਸੀਟ 'ਤੇ ਹੀ ਜਿੱਤ ਪ੍ਰਾਪਤ ਕਰ ਸਕੀ ਹੈ। ਆਮ ਆਦਮੀ ਪਾਰਟੀ (ਆਪ) ਨੇ ਦੋ ਸੀਟਾਂ (ਪੰਜਾਬ ਤੇ ਗੁਜਰਾਤ ਵਿੱਚ ਇੱਕ-ਇੱਕ) ਜਿੱਤੀਆਂ ਹਨ, ਜਦੋਂਕਿ ਕਾਂਗਰਸ ਤੇ ਤ੍ਰਿਣਮੂਲ ਕਾਂਗਰਸ ਨੇ ਇੱਕ-ਇੱਕ ਸੀਟ ਹਾਸਿਲ ਕੀਤੀ ਹੈ। ਭਾਜਪਾ ਨੂੰ ਖ਼ਾਸ ਤੌਰ 'ਤੇ ਇਸ ਗੱਲ ਦੀ ਨਿਰਾਸ਼ਾ ਵੀ ਹੋਵੇਗੀ ਕਿ ਉਹ ਗੁਜਰਾਤ ਦੀ ਵਿਸਾਵਦਰ ਸੀਟ ਨਹੀਂ ਜਿੱਤ ਸਕੀ, ਉਹ ਰਾਜ ਜਿੱਥੇ ਲਗਭਗ ਤਿੰਨ ਦਹਾਕਿਆਂ ਤੋਂ ਉਹ ਬਿਨਾਂ ਕਿਸੇ ਅੜਿ ?ੱਕੇ ਦੇ ਸੱਤਾ ਵਿੱਚ ਹੈ। ਭਾਜਪਾ ਨੇ ਮੌਜੂਦਾ 'ਆਪ' ਵਿਧਾਇਕ ਦੇ ਪਾਰਟੀ ਬਦਲਣ ਤੋਂ ਬਾਅਦ ਆਪਣੀਆਂ ਸੰਭਾਵਨਾਵਾਂ ਨੂੰ ਮਜ਼ਬੂਤ ਕੀਤਾ ਸੀ; ਹਾਲਾਂਕਿ 'ਆਪ' ਨੇ ਇਸ ਝਟਕੇ ਤੋਂ ਉੱਭਰਦਿਆਂ ਭਾਜਪਾ ਨੂੰ ਪਛਾੜ ਦਿੱਤਾ। ਜ਼ਿਮਨੀ ਚੋਣਾਂ ਵਿੱਚ ਇਹ ਜਿੱਤ ਕੋਈ ਇਤਫ਼ਾਕ ਨਹੀਂ ਹੈ ਕਿਉਂਕਿ ਅਰਵਿੰਦ ਕੇਜਰੀਵਾਲ ਦੀ ਪਾਰਟੀ ਨੇ ਭਾਜਪਾ ਸ਼ਾਸਿਤ ਰਾਜ ਵਿੱਚ ਆਪਣੀ ਪਕੜ ਮਜ਼ਬੂਤ ਕਰਦਿਆਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜ ਸੀਟਾਂ ਜਿੱਤੀਆਂ ਸਨ।

ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਆਮ ਤੌਰ 'ਤੇ ਸਬੰਧਿਤ ਰਾਜ ਵਿਚਲੀ ਸੱਤਾਧਾਰੀ ਪਾਰਟੀ ਦੁਆਰਾ ਹੀ ਜਿੱਤੀਆਂ ਜਾਂਦੀਆਂ ਹਨ। ਲੁਧਿਆਣਾ ਪੱਛਮੀ (ਪੰਜਾਬ) ਅਤੇ ਕਾਲੀਗੰਜ (ਪੱਛਮੀ ਬੰਗਾਲ) ਦੇ ਨਤੀਜਿਆਂ ਨੇ 'ਆਪ' ਅਤੇ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਲਈ ਖ਼ੁਸ਼ੀ ਤੇ ਰਾਹਤ ਲਿਆਂਦੀ ਹੈ; ਹਾਲਾਂਕਿ ਕੇਰਲ ਦਾ ਸੱਤਾਧਾਰੀ ਖੱਬੇ ਪੱਖੀ ਡੈਮੋਕਰੈਟਿਕ ਫਰੰਟ (ਐੱਲਡੀਐੱਫ), ਜਿਸ ਦੀ ਅਗਵਾਈ ਸੀਪੀਐੱਮ ਕਰਦੀ ਹੈ, ਲਈ ਚਿੰਤਾ ਦੇ ਕਈ ਵਿਸ਼ੇ ਉੱਭਰੇ ਹਨ ਕਿਉਂਕਿ ਵਿਧਾਨ ਸਭਾ ਚੋਣਾਂ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਨੇ ਨੀਲਾਂਬੁਰ ਸੀਟ ਐੱਲਡੀਐੱਫ ਤੋਂ ਖੋਹ ਲਈ ਹੈ। ਕੇਰਲ ਕਾਂਗਰਸ 'ਚ ਅੰਦਰੂਨੀ ਕਲੇਸ਼ ਦੇ ਮੱਦੇਨਜ਼ਰ ਇਹ ਜਿੱਤ ਪਾਰਟੀ ਲਈ ਮਹੱਤਵਪੂਰਨ ਹੈ। ਤਿਰੂਵਨੰਤਪੁਰਮ ਤੋਂ ਪਾਰਟੀ ਦੇ ਉੱਘੇ ਨੇਤਾ ਤੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਵੋਟਾਂ ਵਾਲੇ ਦਿਨ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਨੀਲਾਂਬੁਰ ਵਿੱਚ ਪ੍ਰਚਾਰ ਕਰਨ ਦਾ ਸੱਦਾ ਨਹੀਂ ਦਿੱਤਾ ਗਿਆ। ਪਰ ਪਾਰਟੀ ਨੇ ਜਵਾਬ ਵਿਚ ਕਿਹਾ ਕਿ ਥਰੂਰ ਇਸ ਦੇ ਸਟਾਰ ਪ੍ਰਚਾਰਕਾਂ ਵਿੱਚ ਸ਼ਾਮਿਲ ਸੀ। ਪਾਰਟੀ ਹਾਈ ਕਮਾਨ ਨਾਲ ਥਰੂਰ ਦੇ ਮਤਭੇਦ ਹਾਲ ਹੀ ਵਿੱਚ ਉਦੋਂ ਪ੍ਰਤੱਖ ਹੋਏ ਸਨ ਜਦੋਂ ਉਨ੍ਹਾਂ ਅਪਰੇਸ਼ਨ 'ਸਿੰਧੂਰ' ਸਬੰਧੀ ਜਾਣਕਾਰੀ ਦੇਣ ਲਈ ਵਿਦੇਸ਼ਾਂ 'ਚ ਗਏ ਬਹੁ-ਪਾਰਟੀ ਵਫ਼ਦ ਦੀ ਅਗਵਾਈ ਕੀਤੀ ਸੀ। ਕਾਂਗਰਸ ਥਰੂਰ ਨੂੰ ਕਿਵੇਂ ਸੰਭਾਲਦੀ ਹੈ, ਇਸ ਦਾ ਅਸਰ ਦੱਖਣੀ ਰਾਜ 'ਚ ਪਾਰਟੀ ਦੇ ਸੱਤਾ ਦੀ ਮੁੜ ਪ੍ਰਾਪਤੀ ਦੇ ਮਿਸ਼ਨ 'ਤੇ ਜ਼ਰੂਰ ਪਵੇਗਾ।

ਕੇਰਲ ਅਤੇ ਪੱਛਮੀ ਬੰਗਾਲ ਵਿੱਚ ਜ਼ਿਮਨੀ ਚੋਣਾਂ ਦੀ ਹਾਰ ਨੇ ਭਾਜਪਾ ਨੂੰ ਜ਼ਰੂਰ ਦੁਖੀ ਕੀਤਾ ਹੋਵੇਗਾ, ਜੋ ਇਨ੍ਹਾਂ 'ਆਖ਼ਿਰੀ ਮੋਰਚੇ' ਵਾਲੇ ਰਾਜਾਂ 'ਚ ਵਧੀਆ ਪ੍ਰਦਰਸ਼ਨ ਕਰਨ ਲਈ ਬੇਤਾਬ ਹੈ। ਪਰ ਅਜਿਹੀ ਪਾਰਟੀ ਨੂੰ ਘਟਾ ਕੇ ਦੇਖਣਾ ਵੀ ਨਾਦਾਨੀ ਹੋਵੇਗੀ, ਜੋ ਸਾਰੀਆਂ ਮੁਸ਼ਕਿਲਾਂ ਤੋਂ ਪਾਰ ਪਾਉਣ ਦੀ ਸਮਰੱਥਾ ਰੱਖਦੀ ਹੈ।

### 'ਆਪ' ਨੇ ਲੁਧਿਆਣਾ ਜਿਮਨੀ ਚੋਣ ਜਿੱਤ ਕੇ 2027 ਦੀਆਂ ਚੋਣਾਂ ਨੂੰ ਹੁੰਗਾਰਾ

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸ਼ਾਨਦਾਰ ਜਿੱਤ ਮਹਿਜ਼ ਸਾਧਾਰਨ ਮੱਧਕਾਲੀ ਜਿੱਤ ਨਹੀਂ ਹੈ; ਬਲਕਿ ਇਹ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ 'ਚ ਸੱਤਾਧਾਰੀ ਧਿਰ ਲਈ ਰਣਨੀਤਕ ਪੁਨਰਗਠਨ ਦਾ ਸੰਕੇਤ ਹੈ। ਸੰਜੀਵ ਅਰੋੜਾ ਦੀ ਕਾਂਗਰਸ ਦੇ ਮੰਨੇ-ਪ੍ਰਮੰਨੇ ਆਗੂ ਭਾਰਤ ਭੂਸ਼ਣ ਆਸ਼ੂ ਉੱਤੇ 10,637 ਵੋਟਾਂ ਦੀ ਫ਼ੈਸਲਾਕੁਨ ਜਿੱਤ ਨੇ ਇਸ ਸ਼ਹਿਰੀ ਸੀਟ 'ਤੇ 'ਆਪ' ਦੀ ਪਕੜ ਮਜ਼ਬੂਤ ਕਰ ਦਿੱਤੀ, ਜਿਸ ਨੂੰ ਕਦੇ ਹਿੰਦੂ ਵੋਟਰਾਂ ਅਤੇ ਕਾਰੋਬਾਰੀ ਬਰਾਦਰੀ ਦੀ ਬਹੁਗਿਣਤੀ ਕਰ ਕੇ ਭਾਜਪਾ ਤੇ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ। ਉਮੀਦਵਾਰ ਦੀ ਛੇਤੀ ਚੋਣ ਅਤੇ ਸੰਜੀਵ ਅਰੋੜਾ ਦੇ ਨਾਂ ਦੇ ਐਲਾਨ ਨੇ 'ਆਪ' ਨੂੰ ਇਸ ਪਹਿਲਕਦਮੀ ਦਾ ਪੂਰਾ ਫ਼ਾਇਦਾ ਦਿੱਤਾ। ਸੰਜੀਵ ਅਰੋੜਾ, ਨਵੇਂ ਸਿਆਸੀ ਚਿਹਰੇ ਵਜੋਂ, ਜਿਸ ਦਾ ਰਿਕਾਰਡ ਸਾਫ਼ ਤੇ ਮਜ਼ਬੂਤ ਕਾਰੋਬਾਰੀ ਪਿਛੋਕੜ ਹੈ, ਭਾਰਤ ਭੂਸ਼ਣ ਆਸ਼ੂ ਦੇ ਮੁਕਾਬਲੇ ਭਰੋਸੇਯੋਗ ਚਿਹਰਾ ਬਣ ਕੇ ਉੱਭਰੇ। ਕਾਂਗਰਸੀ ਉਮੀਦਵਾਰ 'ਤੇ ਪਿਛਲੀਆਂ ਚੋਣਾਂ ਦਾ ਸਿਆਸੀ ਬੋਝ ਵੀ ਰਿਹਾ। 'ਆਪ' ਦੇ ਚੋਟੀ ਦੇ ਆਗੂਆਂ ਦੁਆਰਾ ਕੀਤੇ ਗਏ ਜ਼ੋਰਦਾਰ ਚੋਣ ਪ੍ਰਚਾਰ ਦੇ ਨਾਲ-ਨਾਲ ਸੋਚ-ਵਿਚਾਰ ਕੇ ਖੇਡੀ ਗਈ ਇਸ ਚਾਲ ਨੇ ਘੱਟ ਵੋਟਿੰਗ (51.33 ਪ੍ਰਤੀਸ਼ਤ) ਵਾਲੀ ਜ਼ਿਮਨੀ ਚੋਣ ਨੂੰ ਵੱਕਾਰੀ ਮੁਕਾਬਲੇ ਵਿੱਚ ਬਦਲ ਦਿੱਤਾ।

ਧੜੇਬੰਦੀ ਕਾਰਨ ਪਹਿਲਾਂ ਹੀ ਕਮਜ਼ੋਰ ਹੋ ਚੁੱਕੀ ਕਾਂਗਰਸ ਨੂੰ ਉਸ ਸੀਟ 'ਤੇ ਪ੍ਰਤੀਕਾਤਮਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਜਿੱਥੇ ਉਸ ਨੇ 2012 ਅਤੇ 2017 ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਲੀਡਰਸ਼ਿਪ ਨੂੰ ਨਵਾਂ ਰੂਪ ਦੇਣ ਅਤੇ ਵੱਖ-ਵੱਖ ਧੜਿਆਂ ਨੂੰ ਇਕਜੁੱਟ ਕਰਨ ਵਿੱਚ ਅਸਫਲ ਰਹਿਣ ਦਾ ਖ਼ਮਿਆਜ਼ਾ ਇਸ ਨੂੰ ਸ਼ਹਿਰੀ ਵੋਟਰਾਂ ਦਾ ਵਿਸ਼ਵਾਸ ਗੁਆਉਣ ਦੇ ਰੂਪ 'ਚ ਭੁਗਤਣਾ ਪਿਆ ਹੈ। ਭਾਜਪਾ ਲੁਧਿਆਣਾ ਦੇ ਵਪਾਰੀਆਂ ਅਤੇ ਹਿੰਦੂ ਵੋਟਰਾਂ 'ਚ ਰਵਾਇਤੀ ਆਧਾਰ ਹੋਣ ਦੇ ਬਾਵਜੂਦ ਮਾਮੂਲੀ ਧਿਰ ਹੀ ਬਣੀ ਰਹੀ ਅਤੇ ਤੀਜੇ ਸਥਾਨ 'ਤੇ ਰਹੀ। ਸ਼ ?ਰੋਮਣੀ ਅਕਾਲੀ ਦਲ, ਜੋ ਕਦੇ ਪੰਜਾਬ ਦੀ ਪ੍ਰਮੁੱਖ ਪਾਰਟੀ ਸੀ, ਲਗਾਤਾਰ ਕਮਜ਼ੋਰ ਪੈ ਰਹੀ ਹੈ ਅਤੇ ਆਪਣੇ ਗੜ੍ਹ ਰਹੇ ਪੇਂਡੂ ਤੇ ਸਿੱਖ ਬਹੁਗਿਣਤੀ ਇਲਾਕਿਆਂ ਤੋਂ ਪਰ੍ਹੇ ਹੁਣ ਸ਼ਹਿਰੀ ਹਲਕਿਆਂ ਤੇ ਵੋਟਰਾਂ ਨਾਲ ਜੁੜਨ 'ਚ ਵੀ ਸੰਘਰਸ਼ ਕਰ ਰਹੀ ਹੈ। ਇਹ ਜਿੱਤ 'ਆਪ' ਨੂੰ ਆਪਣੀ ਕੈਬਨਿਟ ਵਿੱਚ ਫੇਰਬਦਲ ਦੀ ਖੁੱਲ੍ਹ ਦੇਵੇਗੀ, ਜਿਸ ਵਿੱਚ ਸੰਜੀਵ ਅਰੋੜਾ ਨੂੰ ਮੰਤਰੀ ਵਜੋਂ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਰਾਜ ਸਭਾ ਸੀਟ ਪਾਰਟੀ ਦੀ ਪ੍ਰਮੁੱਖ ਲੀਡਰਸ਼ਿਪ ਵਾਸਤੇ ਥਾਂ ਬਣਾਉਣ ਦਾ ਨਵਾਂ ਮੌਕਾ ਦੇਵੇਗੀ। ਪਾਰਟੀ ਦੇ ਕਿਸੇ ਕੌਮੀ ਆਗੂ ਨੂੰ ਰਾਜ ਸਭਾ ਮੈਂਬਰ ਬਣਾ ਕੇ ਸੰਸਦ ਵਿੱਚ ਭੇਜਿਆ ਜਾ ਸਕਦਾ ਹੈ। ਅਗਲੀਆਂ ਸੂਬਾਈ ਚੋਣਾਂ ਵਿੱਚ ਲਗਭਗ 19 ਮਹੀਨੇ ਬਾਕੀ ਹਨ, ਲੁਧਿਆਣਾ ਪੱਛਮੀ ਦੇ ਨਤੀਜੇ ਹੌਸਲਾ ਵਧਾਉਣ ਦੇ ਨਾਲ-ਨਾਲ ਇੱਕ ਤਰ੍ਹਾਂ ਦੀ ਪਰਖ ਹੀ ਸਨ, ਜਿਸ ਨੂੰ 'ਆਪ' ਨੇ ਚੁਣਾਵੀ ਤੇ ਸੰਗਠਨ ਪੱਧਰ ਉੱਤੇ ਪਾਸ ਕੀਤਾ ਹੈ। ਇਹ ਜ਼ਿਮਨੀ ਚੋਣ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਬਿਰਤਾਂਤ ਦੀ ਸ਼ੁਰੂਆਤ ਬਣ ਸਕਦੀ ਹੈ।

## ਅਸ਼ੀਰਵਾਦ ਸਕੀਮ ਅਧੀਨ ਲਾਭਪਾਤਰੀਆਂ ਲਈ 04 ਕਰੋੜ 08 ਲੱਖ 51 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ-ਡਿਪਟੀ ਕਮਿਸ਼ਨਰ

**ਤਰਨ ਤਾਰਨ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਆਰੰਭ ਕੀਤੇ ਗਏ ਯਤਨਾਂ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਅਨੁਸੂਚਿਤ ਜਾਤੀਆਂ, ਪਛੜ੍ਹੀਆਂ ਸ਼ੇ ?ਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਿਤ 801 ਯੋਗ ਲਾਭਪਾਤਰੀਆਂ ਲਈ 04 ਕਰੋੜ 08 ਲੱਖ 51 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਜ਼ਿਲਾ ਤਰਨ ਤਾਰਨ ਦੇ ਮਹੀਨਾ ਦਸੰਬਰ, 2024 ਅਤੇ ਜਨਵਰੀ ਤੇ ਫਰਵਰੀ, 2025 ਤੱਕ ਪ੍ਰਾਪਤ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕੇਸਾਂ ਦੇ 660 ਯੋਗ ਲਾਭਪਾਤਰੀਆਂ ਲਈ ਕੁੱਲ 03 ਕਰੋੜ 36 ਲੱਖ 60 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਸ ਤੋਂ ਇਲਾਵਾ ਪਛੜ੍ਹੀਆਂ ਸ਼ੇ ?ਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਿਤ 141 ਯੋਗ ਲਾਭਪਾਤਰੀਆਂ ਲਈ ਵੀ 71 ਲੱਖ 91 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ।ਇਸ ਰਾਸ਼ੀ ਦੀ ਅਦਾਇਗੀ ਆਨਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਸਿੱਧੇ ਲਾਭਪਤਰੀਆਂ ਦੇ ਬੈਂਕ ਖਾਤਿਆ ਵਿੱਚ ਕੀਤੀ ਜਾਵੇਗੀ।

ਉਹਨਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਜ਼ਿਲਾ ਤਰਨ ਤਾਰਨ ਦੇ ਮਹੀਨਾ ਮਾਰਚ, 2025 ਦੇ ਵੱਖ-ਵੱਖ ਸ਼ ?ਰੇਣੀਆਂ ਨਾਲ ਸਬੰਧਿਤ 425 ਲਾਭਪਾਤਰੀਆਂ ਦੇ ਕੇਸ ਮੁੱਖ ਦਫ਼ਤਰ ਨੂੰ ਭੇਜੇ ਗਏ ਹਨ ਅਤੇ ਇਹਨਾਂ ਕੇਸਾਂ ਦੇ ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਵੀ ਜਲਦੀ ਹੀ ਮੁਹੱਈਆ ਕਰਵਾਈ ਜਾਵੇਗੀ।

ਜ਼ਿਲਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਤਰਨ ਤਾਰਨ ਸ੍ਰੀ ਬਿਕਰਮਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਅਧੀਨ ਯੋਗ ਲਾਭਪਾਤਰੀਆਂ ਨੂੰ 51000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਉਹਨਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਕਰਦਿਆਂ ਸਰਕਾਰ ਵੱਲੋਂ ਆਨਲਾਈਨ ਪੋਰਟਲ 'ਤੇ ਬਿਨੈ ਕਰਨ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ http://ashirwad.punjab.gov.in ਤੇ ਅਰਜ਼ੀ ਆਨਲਾਈਨ ਭਰੀ ਜਾ ਸਕਦੀ ਹੈ ਉਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੁਰੂ ਕੀਤੇ ਆਨਲਾਈਨ ਪੋਰਟਲ 'ਤੇ ਸਕੀਮ ਦਾ ਲਾਭ ਲੈਣ ਦੇ ਚਾਹਵਾਨ ਲਾਭਪਾਤਰੀ ਅਰਜ਼ੀ ਦੇ ਨਾਲ ਸਾਰੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਘਰ ਬੈਠਿਆਂ ਹੀ ਅਪਲਾਈ ਕਰ ਸਕਦੇ ਹਨ।

ਆਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਲਾਭਪਾਤਰੀ ਆਪਣੀ ਲੜਕੀ ਦੇ ਵਿਆਹ ਦੀ ਮਿਤੀ ਤੋਂ ਇੱਕ ਮਹੀਨਾ ਪਹਿਲਾਂ ਅਤੇ ਇੱਕ ਮਹੀਨਾ ਬਾਅਦ ਆਨਲਾਈਨ ਪੋਰਟਲ 'ਤੇ ਅਪਲਾਈ ਕਰ ਸਕਦੇ ਹਨ।

## ਪਰਿਵਾਰ ਖੁਸ਼ਹਾਲ ਹੋਵੇਗਾ ਤਾਂ ਪੰਜਾਬ ਖੁਸ਼ਹਾਲ ਬਣੇਗਾ- ਰਾਜ ਲਾਲੀ ਗਿੱਲ

**ਫਾਜ਼ਿਲਕਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਪਿੰਡ ਪਿੰਡ ਮਹਿਲਾ ਕਮਿਸਨ ਮੁਹਿੰਮ ਤਹਿਤ ਫਾਜਿਲਕਾ ਦੇ ਪਿੰਡਾਂ ਦਾ ਦੌਰਾ ਕਰਦਿਆਂ ਕਿਹਾ ਹੈ ਕਿ ਔਰਤਾਂ ਪੜ ਲਿਖ ਕੇ ਚੰਗੇ ਮੁਕਾਮਾਂ ਤੇ ਪਹੁੰਚ ਕੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾ ਰਹੀਆਂ ਹਨ੍ਹ ਉਨ੍ਹਾਂ ਕਿਹਾ ਕਿ ਲੜਕੀਆਂ ਜਿੱਥੇ ਉੱਚੀਆਂ ਉੱਚੀਆਂ ਪਦਵੀਆਂ ਹਾਸਲ ਕਰ ਰਹੀਆਂ ਹਨ ਉਥੇ ਆਤਮ ਨਿਰਭਰ ਬਣ ਰਹੀਆਂ ਹਨ੍ਹ

ਪਿੰਡ ਲਾਲੋ ਵਾਲੀ ਤੇ ਹੀਰਾਂ ਵਾਲੀ ਦੇ ਦੌਰੇ ਦੌਰਾਨ ਮੈਡਮ ਰਾਜ ਲਾਲੀ ਗਿੱਲ ਨੇ ਕਿਹਾ ਕਿ ਮਹਿਲਾਵਾਂ ਪਰਿਵਾਰ ਦਾ ਅਹਿਮ ਹਿੱਸਾ ਹੁੰਦੀਆਂ ਹਨ ਤੇ ਮਹਿਲਾਵਾ ਦੀ ਸੁਰੱਖਿਆ ਪਰਿਵਾਰ ਦੀ ਖੁਸ਼ਹਾਲੀ ਦਾ ਪ੍ਰਤੀਕ ਮਨਿਆ ਜਾਂਦਾ ਹੈ੍ਹ ਉਹਨਾਂ ਅੱਗੇ ਸੰਬੋਧਨ ਕਰਦੇ ਕਿਹਾ ਕਿ ਪਰਿਵਾਰ ਖੁਸ਼ਹਾਲ ਰਹੇਗਾ ਤਾਂ ਸੂਬਾ ਵੀ ਖੁਸ਼ਹਾਲ ਬਣੇਗਾ੍ਹ ਉਨਾਂ ਔਰਤਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਘਰ ਤੱਕ ਸੀਮਿਤ ਨਾ ਰੱਖ ਕੇ ਅੱਗੇ ਆਓ ਤੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਓ੍ਹ

ਉਹਨਾਂ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਔਰਤਾਂ ਦੀ ਸੁਰੱਖਿਆ ਤੇ ਹੱਕਾਂ ਲਈ ਵਚਨਬੱਧ ਹੈ ਤੇ ਕਿਸੇ ਵੀ ਔਰਤ ਨੂੰ ਹਿੰਸਾ ਦਾ ਸ਼ਿਕਾਰ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਕਿਸੇ ਨੂੰ ਵੀ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਉਹ ਕਮਿਸ਼ਨ ਨਾਲ ਸੰਪਰਕ ਕਰ ਸਕਦਾ ਹੈ। ਇਸ ਤੋਂ ਇਲਾਵਾ ਇੱਕ ਔਰਤ ਦੂਸਰੀ ਔਰਤ ਦਾ ਹੱਥ ਪਕੜੇ ਤੇ ਇੱਕ ਦੂਜੇ ਦਾ ਹੌਸਲਾ ਬਣ ਕੇ ਜ਼ੁਲਮ ਕਰਨ ਵਾਲਿਆਂ ਖਿਲਾਫ ਲੜਾਈ ਲੜੀ ਜਾਵੇ੍ਹ ਉਨਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਵਾਈ ਜਾਵੇ ਤੇ ਆਪਣੇ ਪੈਰਾਂ ਸਿਰ ਖੜ੍ਹਾ ਹੋਣ ਦਿੱਤਾ ਜਾਵੇ੍ਹ ਉਹਨਾਂ ਕਿਹਾ ਕਿ ਸਮਾਜ ਵਿਚ ਔਰਤਾਂ ਤੇ ਮਹਿਲਾਵਾਂ ਨੂੰ ਮਾਨ ਸਨਮਾਨ ਦੇਣਾ ਹਰ ਇਕ ਦਾ ਫਰਜ ਬਣਦਾ ਹੈ੍ਹ

ਇਸ ਮੌਕੇ ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਨਾਰੀ ਸ਼ਕਤੀ ਕਾਫੀ ਮਜਬੂਤ ਹੋਈ ਹੈ ਤੇ ਆਪਣੇ ਹੱਕਾਂ ਦੀ ਖਾਤਰ ਲੜ ਰਹੀਆਂ ਹਨ੍ਹ ਉਹਨਾਂ ਕਿਹਾ ਕਿ ਖੁਸ਼ੀ ਫਾਊਂਡੇਸ਼ਨ ਲਗਾਤਾਰ ਲੜਕੀਆਂ ਦੀ ਸੁਰੱਖਿਆ ਅਤੇ ਲੜਕੀਆਂ ਦੀ ਭਲਾਈ ਲਈ ਕੰਮ ਕਰ ਰਹੀ ਹੈ੍ਹ ਉਹਨਾਂ ਕਿਹਾ ਕਿ ਔਰਤਾਂ ਚੁੱਲੇ ਚੌਂਕਿਆਂ ਤੋਂ ਬਾਹਰ ਉੱਠ ਕੇ ਦਫਤਰਾਂ, ਰਾਜਨੀਤੀ ਵਿਚਰ ਕੇ ਆਪਣੀ ਹੁਨਰ ਨੂੰ ਨਿਖਾਰ ਰਹੀਆਂ ਹਨ੍ਹ

ਇਸ ਮੌਕੇ ਮਹਿਲਾਵਾ ਦੀਆਂ ਸ਼ਿਕਾਇਤਾਂ ਵੀ ਸੁਣੀਆਂ ਤੇ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ ਇਸ ਦੌਰਾਨ ਵਾਤਾਵਰਨ ਦੀ ਸਾਂਭ ਸੰਭਾਲ ਤੇ ਸ਼ੁੱਧਤਾ ਨੂੰ ਬਰਕਰਾਰ ਰਖਣ ਲਈ ਬੂਟੇ ਵੰਡੇ ਗਏ੍ਹ ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਡਿਪਟੀ ਡਾਇਰੈਕਟਰ ਨਿਖਿਲ ਅਰੋੜਾ, ਐਸਡੀਐਮ ਫਾਜਿਲਕਾ ਵੀਰਪਾਲ ਕੌਰ, ਜਿਲਾ ਪ੍ਰੋਗਰਾਮ ਅਫਸਰ ਖੁਸ਼ਬੀਰ ਕੌਰ, ਸਮਾਜਿਕ ਸੁਰੱਖਿਆ ਅਫਸਰ ਨਵੀਨ ਗੜਵਾਲ, ਸੀਡੀਪੀਓ ਨਵਦੀਪ ਕੌਰ, ਬੱਬੂ ਚੇਤੀਵਾਲ, ਸੂਰਜ ਸੇਤੀਆ, ਸੰਦੀਪ ਚਲਾਣਾ, ਮਨਜੋਤ ਖੇੜਾ, ਹਰਵਿੰਦਰ, ਬਿੱਟੂ ਸੇਤੀਆ, ਪਿੰਦਰ, ਅਜੇ, ਅਲਕਾ ਜੁਨੇਜਾ, ਸੋਮਾ ਰਾਣੀ, ਆਸ਼ਾ ਰਾਣੀ ਅਤੇ ਸਾਕਸ਼ੀ ਵਾਟਸ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਮੌਜੂਦ ਸਨ੍ਹ

## ਮਨਰੇਗਾ ਕਾਮਿਆਂ ਨੂੰ ਮਲੇਰੀਆ ਬੁਖਾਰ ਤੋਂ ਬਚਾਅ ਬਾਰੇ ਜਾਗਰੂਕ ਕੀਤਾ



**ਫਾਜ਼ਿਲਕਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਅਤੇ ਜ਼ਿਲਾ ਐਪੀਡੀਮਾਲੋਜਿਸਟ ਡਾਕਟਰ ਸੁਨੀਤਾ ਕੰਬੋਜ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਡੱਬ ਵਾਲਾ ਕਲਾਂ ਡਾਕਟਰ ਪੰਕਜ ਚੌਹਾਨ ਦੇ ਯੋਗ ਅਗਵਾਈ ਅਤੇ ਐਸ ਆਈ ਵਿਜੇ ਕੁਮਾਰ ਨਾਗਪਾਲ ਦੀ ਰਹਿਨੁਮਾਈ ਹੇਠ ਸਬ ਸੈਂਟਰ ਨਵਾਂ ਹਸਤਾ ਅਧੀਨ ਆਉਂਦੇ ਪਿੰਡ ਦੋਨਾਂ ਨਾਨਕਾ ਵਿਖੇ ਮਨਰੇਗਾ ਕਾਮਿਆਂ ਨੂੰ ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ। ਮਲੇਰੀਆ ਬੁਖਾਰ ਦੇ ਲੱਛਣਾਂ ਅਤੇ ਇਲਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ । ਇਸ ਦੌਰਾਨ ਸਿਹਤ ਕਰਮਚਾਰੀ ਗੁਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ । ਉਨ੍ਹਾਂ ਨੇ ਕਿਹਾ ਕਿ ਆਪਣੇ ਘਰ ਦੇ ਆਲੇ ਦੁਆਲੇ ਦੀ ਸਫਾਈ ਰੋਜ਼ਾਨਾ ਕੀਤੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦਾ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਜਿਥੇ ਵੀ ਸਾਫ਼ ਜਾਂ ਗੰਦਾ ਪਾਣੀ ਇਕੱਠਾ ਹੋਏਗਾ ਉਥੇ ਹਮੇਸ਼ਾ ਹੀ ਮੱਛਰਾਂ ਦੇ ਪੈਦਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਜਿਸ ਵਿੱਚ ਬਾਰਿਸ਼ ਦਾ ਪਾਣੀ ਇਕੱਠਾ ਹੋ ਸਕਦਾ ਹੋਵੇ ਘਰਾਂ ਵਿੱਚ ਪਏ ਵਾਧੂ ਦੇ ਕਬਾੜ ਨੂੰ ਛੱਤ ਥੱਲੇ ਰੱਖ ਦਿੱਤਾ ਜਾਵੇ ਕੋਈ ਵੀ ਕਬਾੜ ਖੁੱਲ੍ਹੇ ਵਿਹੜੇ ਵਿੱਚ ਨਾ ਰੱਖਿਆ ਜਾਵੇ। ਪਾਣੀ ਵਾਲੇ ਬਰਤਨਾਂ ਨੂੰ ਹਮੇਸ਼ਾ ਢੱਕ ਕੇ ਰੱਖਿਆ ਜਾਵੇ ਅਤੇ ਇਹਨਾਂ ਦੀ ਹਫਤੇ ਵਿਚ ਇਕ ਦਿਨ ਸਫਾਈ ਕੀਤੀ ਜਾਵੇ। ਮਲੇਰੀਆ ਬੁਖਾਰ ਤੋਂ ਬਚਾਅ ਲਈ ਖੜ੍ਹੇ ਪਾਣੀ ਵਿੱਚ ਕਾਲਾ ਸੜਿਆ ਤੇਲ ਪਾਇਆ ਜਾਵੇ, ਰਾਤ ਨੂੰ ਸੌਂਣ ਵੇਲੇ ਮੱਛਰਦਾਨੀ ਦੀ ਵਰਤੋਂ ਕੀਤੀ ਜਾਵੇ ,ਪੂਰੀ ਬਾਂਹ ਦੇ ਕੱਪੜੇ ਪਾਏ ਜਾਣ। ਉਹਨਾਂ ਦੱਸਿਆ ਕਿ ਮਲੇਰੀਆ ਬੁਖਾਰ ਹੋਣ ਤੇ ਮਰੀਜ਼ ਨੂੰ ਕਾਂਬਾ ਲਗਦਾ ਹੈ, ਤੇਜ਼ ਬੁਖਾਰ ,ਸਿਰ ਦਰਦ, ਘਬਰਾਹਟ, ਉਲਟੀਆਂ ਅਤੇ ਬੁਖਾਰ ਉਤਰਨ ਤੇ ਪਸੀਨਾ ਆਉਣਾ ਵਰਗੇ ਲੱਛਣ ਸਾਹਮਣੇ ਆਉਂਦੇ ਹਨ। ਬੁਖਾਰ ਹੋਣ ਤੇ ਮਰੀਜ਼ ਨੂੰ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ ਅਤੇ ਸਿਰ ਤੇ ਠੰਡੇ ਪਾਣੀ ਦੀਆਂ ਪੱਟੀਆਂ ਰੱਖਣੀਆਂ ਚਾਹੀਦੀਆਂ ਹਨ। ਮਲੇਰੀਆ ਬੁਖਾਰ ਦਾ ਟੈਸਟ ਅਤੇ ਇਲਾਜ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ ।ਇਸ ਮੌਕੇ ਤੇ ਆਸ਼ਾ ਵਰਕਰ ਸੋਮਾ ਰਾਣੀ, ਸਰਪੰਚ ਸਰੋਜ ਰਾਣੀ, ਪੰਚ ਸ਼ੀਲੋ ਬਾਈ,ਅਮਰਜੀਤ ਸਿੰਘ, ਲੱਡੂ ਸਿੰਘ ਅਤੇ ਪਿੰਡ ਵਾਸੀ ਹਾਜ਼ਰ ਸਨ।

## ਸ.ਫਾਈ ਕਰਮਚਾਰੀ ਕਮਿਸ਼ਨ ਸ.ਫਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ : ਚੰਦਨ ਗਰੇਵਾਲ



**ਹੁਸ਼ਿਆਰਪੁਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਅਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਨਗਰ ਨਿਗਮ ਅਧਿਕਾਰੀਆਂ ਅਤੇ ਸਫਾਈ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਡਾ. ਅਮਨਦੀਪ ਕੌਰ ਸਮੇਤ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਅਧਿਕਾਰੀ ਅਤੇ ਯੂਨੀਅਨ ਦੇ ਨੁਮਾਇੰਦੇ ਵੀ ਮੌਜੂਦ ਸਨ। ਚੇਅਰਮੈਨ ਚੰਦਨ ਗਰੇਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਦਾ ਉਦੇਸ਼ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ, ਉਨ੍ਹਾਂ ਦਾ ਹੱਲ ਕਰਨਾ ਅਤੇ ਉਨ੍ਹਾਂ ਦੀ ਭਲਾਈ ਨਾਲ ਜੁੜੀਆਂ ਯੋਜਨਾਵਾਂ ਦੀ ਸਮੀਖਿਆ ਕਰਨਾ ਹੈ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਗਰੇਵਾਲ ਨੇ ਕਿਹਾ ਕਿ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਇਸ ਦੇ ਨਾਲ ਹੀ, ਕੁਝ ਮੰਗਾਂ ਹਨ ਜੋ ਸੂਬਾ ਪੱਧਰ 'ਤੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਵੀ ਜਲਦੀ ਹੱਲ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਸਮੇਂ ਸਿਰ ਦਿੱਤੀ ਜਾਵੇ, ਸੁਰੱਖਿਆ ਉਪਕਰਣ ਅਤੇ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਕਰਮਚਾਰੀ ਅਣਗੌਲਿਆ ਮਹਿਸੂਸ ਨਾ ਕਰੇ।

ਚੰਦਨ ਗਰੇਵਾਲ ਨੇ ਕਿਹਾ ਕਿ ਸਮਾਜ ਵਿਚ ਸਫਾਈ ਕਰਮਚਾਰੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਿਰਫ਼ ਸ਼ਬਦਾਂ ਵਿਚ ਹੀ ਨਹੀਂ, ਸਗੋਂ ਠੋਸ ਕਾਰਵਾਈਆਂ ਰਾਹੀਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਰਕਾਰ, ਕਰਮਚਾਰੀਆਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਮਿਸ਼ਨ ਇਸ ਦਿਸ਼ਾ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਮੀਟਿੰਗ ਦੇ ਅੰਤ ਵਿਚ, ਉਨ੍ਹਾਂ ਨੇ ਮੌਜੂਦ ਸਫ਼ਾਈ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

## ਬਿਜਲੀ ਮੰਤਰੀ ਵੱਲੋਂ ਪਾਵਰਕੌਮ ਦ.ਫਤਰਾਂ ਦੀ ਚੈਕਿੰਗ; ਕੰਮਕਾਜ ਦੀ ਸਮੀਖਿਆ; ਕੁਨੈਕਸ਼ਨ ਅਰਜ਼ੀਆਂ ਦਾ ਨਿਬੇੜਾ ਕਰਨ ਦੇ ਨਿਰਦੇਸ਼



**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਲੁਆਈ ਦੇ ਸੀਜ਼ਨ ਦੌਰਾਨ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਾਵਰਕੌਮ ਦੇ ਕਈ ਮੁੱਖ ਦਫ਼ਤਰਾਂ ਦਾ ਨਿਰੀਖਣ ਕੀਤਾ। ਇਨ੍ਹਾਂ ਦਫ਼ਤਰਾਂ ਵਿੱਚ ਹਾਈਡਲ, ਦੱਖਣੀ ਪਟਿਆਲਾ, ਤਕਨੀਕੀ ਆਡਿਟ, ਐਨਫੋਰਸਮੈਂਟ, ਸਿਵਲ ਡਿਜ਼ਾਈਨ, ਟਰਾਂਸਮਿਸ਼ਨ ਸਿਸਟਮ, ਥਰਮਲ ਡਿਜ਼ਾਈਨ ਤੇ ਪਾਵਰ ਪ੍ਰਚੇਜ਼ ਐਂਡ ਰੈਗੂਲੇਸ਼ਨ ਆਦਿ ਸ਼ਾਮਲ ਹਨ। ਜਾਣਕਾਰੀ ਅਨੁਸਾਰ ਬਿਜਲੀ ਮੰਤਰੀ ਵੱਲੋਂ ਇਹ ਦੌਰੇ ਦਫ਼ਤਰਾਂ ਦੇ ਕੰਮਕਾਜ, ਸਟਾਫ਼ ਦੀ ਹਾਜ਼ਰੀ, ਸ਼ਿਕਾਇਤ ਨਿਵਾਰਨ ਪ੍ਰਣਾਲੀ ਅਤੇ ਸੇਵਾ ਪ੍ਰਬੰਧਾਂ ਦੀ ਸਮੀਖਿਆ ਦੇ ਉਦੇਸ਼ ਨਾਲ ਕੀਤੇ ਗਏ ਹਨ। ਇਸ ਦੌਰਾਨ ਹਰਭਜਨ ਸਿੰਘ ਈਟੀਓ ਨੇ ਵੱਖ-ਵੱਖ ਦਫ਼ਤਰਾਂ ਦੇ ਰਿਕਾਰਡਾਂ ਦੀ ਜਾਂਚ ਕੀਤੀ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਤੋਂ ਸਰਗਰਮੀ ਨਾਲ ਸਵਾਲ-ਜਵਾਬ ਕੀਤੇ। ਮੰਤਰੀ ਨੇ ਨਵੇਂ ਬਿਜਲੀ ਮੀਟਰ ਕੁਨੈਕਸ਼ਨਾਂ ਲਈ ਪ੍ਰਾਪਤ ਕੁੱਲ ਅਰਜ਼ੀਆਂ ਬਾਰੇ ਜਾਣਕਾਰੀ ਵੀ ਮੰਗੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਡਾਟਾ ਪੇਸ਼ ਕਰਨ ਲਈ ਨਿਰਦੇਸ਼ ਦਿੱਤੇ ਕਿ ਕਿੰਨੇ ਮੀਟਰ ਮਨਜ਼ੂਰ ਕੀਤੇ ਗਏ ਹਨ ਅਤੇ ਕਿੰਨੀਆਂ ਅਰਜ਼ੀਆਂ ਅਜੇ ਵੀ ਬਕਾਇਆ ਹਨ। ਇਸ ਮੌਕੇ ਮੰਤਰੀ ਨੇ ਮੀਟਰ ਅਰਜ਼ੀਆਂ ਦਾ ਤੇਜ਼ੀ ਨਾਲ ਨਿਬੇੜਾ ਕਰਨ 'ਤੇ ਜ਼ੋਰ ਦਿੱਤਾ। ਕੈਬਨਿਟ ਮੰਤਰੀ ਨੇ ਦਫ਼ਤਰਾਂ ਵਿੱਚ ਹਾਜ਼ਰੀ ਰਿਕਾਰਡ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਦੇਖਿਆ ਕਿ ਝੋਨੇ ਦੇ ਸਿਖਰਲੇ ਸੀਜ਼ਨ ਦੌਰਾਨ ਕਿੰਨੇ ਅਧਿਕਾਰੀ ਛੁੱਟੀ 'ਤੇ ਹਨ ਅਤੇ ਅਜਿਹੀਆਂ ਗ਼ੈਰਹਾਜ਼ਰੀਆਂ ਦੇ ਕਾਰਨਾਂ ਅਤੇ ਮਨਜ਼ੂਰੀ ਅਧਿਕਾਰੀਆਂ ਬਾਰੇ ਪੁੱਛ-ਪੜਤਾਲ ਕੀਤੀ। ਈਟੀਓ ਨੇ ਕਿਹਾ ਕਿ ਅਧਿਕਾਰੀ ਖਪਤਕਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਤੇਜ਼ੀ ਲਿਆਉਣ ਕਿਉਂਕਿ ਜਨਤਕ ਸ਼ਿਕਾਇਤਾਂ ਨੂੰ ਹੱਲ ਕਰਨ ਵਿੱਚ ਦੇਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਹਰ ਅਧਿਕਾਰੀ ਤੋਂ ਉਮੀਦ ਕਰਦੀ ਹੈ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਵੇ।

## ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਨੇ ਬੀਤੇ 115 ਦਿਨਾਂ ਅੰਦਰ 19,007 ਨਸ਼ਾ ਤਸਕਰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਭੇਜੇ : ਵਿਧਾਇਕ ਰੰਧਾਵਾ

**ਗੁਰਦਾਸਪੁਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ÷ਯੁੱਧ ਨਸ਼ਿਆਂ ਵਿਰੁੱਧ÷ ਤਹਿਤ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਖ਼ ?ਲਾਫ਼ ਕਾਨੂੰਨੀ ਕਾਰਵਾਈ ਜਾਰੀ ਹੈ। ਪੰਜਾਬ ਪੁਲਿਸ ਨੇ ਬੀਤੇ 115 ਦਿਨਾਂ ਅੰਦਰ 19, 007 ਨਸ਼ਾ ਤਸਕਰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਭੇਜੇ ਹਨ।

ਇਹ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਇਸ ਸਮਾਜਿਕ ਕੁਰੀਤੀ ਨੂੰ ਖ਼ਤਮ ਲਈ ਲੋਕਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ ਅਤੇ ਪੰਜਾਬ ਵਾਸੀ ਵੀ ਹੁਣ ਨਸ਼ਿਆਂ ਵਿਰੁੱਧ ਉੱਠ ਖੜੇ ਹੋਏ ਹਨ।

ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਰਾਜ ਸਰਕਾਰ ਵੱਲੋਂ ਇਸ ਰਣਨੀਤੀ ਤਹਿਤ ਨਸ਼ਾ ਕਰਨ ਵਾਲੇ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਰਾਜ਼ੀ ਕਰਕੇ ਉਨ੍ਹਾਂ ਨੇ ਮੁੜ ਵਸੇਬੇ ਲਈ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਸੂਬੇ ਨੂੰ ਨਸ਼ਾ ਮੁਕਤ ਕਰਕੇ ਇੱਕ ਵਾਰ ਫਿਰ 'ਰੰਗਲਾ ਪੰਜਾਬ' ਬਣਾਇਆ ਜਾਵੇਗਾ।

## ਵਿਧਾਇਕ ਮਾਸਟਰ ਜਗਸੀਰ ਸਿੰਘ ਨੇ 23 ਫਾਰਮੇਸੀ ਅ.ਫਸਰਾਂ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਾਜ਼ਮਾਂ ਨੂੰ ਵੰਡੇ ਨਿਯੁਕਤੀ ਪੱਤਰ



**ਬਠਿੰਡਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਅਧੀਨ ਚੱਲ ਰਹੇ ਸਬ ਸਿਡਰੀ ਹੈਲਥ ਸੈਂਟਰਾਂ ਚ ਕੰਮ ਕਰਦੇ 23 ਫਾਰਮੇਸੀ ਅਫ਼ਸਰਾਂ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮਾਂ ਨੂੰ ਸਥਾਨਕ ਡਿਪਟੀ ਕਮਿਸ਼ਨਰ ਮੀਟਿੰਗ ਹਾਲ ਵਿਖੇ ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਵੱਲੋਂ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਸਿਖਲਾਈ ਅਧੀਨ ਆਈ.ਏ.ਐਸ ਮੈਡਮ ਹਰਸ਼ਿਤ ਸ਼ਰਮਾ, ਮੇਅਰ ਨਗਰ ਨਿਗਮ ਸ੍ਰੀ ਪਦਮਜੀਤ ਮਹਿਤਾ, ਚੇਅਰਮੈਨ ਇੰਮਪਰੂਵਮੈਂਟ ਟਰਸਟ ਸ੍ਰੀ ਜਤਿੰਦਰ ਭੱਲਾ, ਵਾਈਸ ਚੇਅਰਮੈਨ ਐਸ.ਸੀ. ਕਾਰਪੋਰੇਸ਼ਨ ਸ੍ਰੀ ਗੁਰਜੰਟ ਸਿੰਘ ਸਿਵੀਆਂ, ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਬੱਲੀ ਬਲਜੀਤ ਅਤੇ ਆਪ ਦੇ ਬਲਾਕ ਪ੍ਰਧਾਨ ਸ੍ਰੀ ਬੂਟਾ ਸਿੰਘ ਸਿਵੀਆਂ ਆਦਿ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ, ਸਿਹਤ ਅਤੇ ਵਿਕਾਸ ਦੇ ਨਾਲ-ਨਾਲ ਰੁਜ਼ਗਾਰ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਫਾਰਮੇਸੀ ਅਫ਼ਸਰਾਂ ਅਤੇ ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ।

ਇਸ ਤੋਂ ਪਹਿਲਾਂ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਮੁਲਾਜ਼ਮਾਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਇਹ ਮੁਲਾਜ਼ਮ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਅਧੀਨ ਚੱਲ ਰਹੇ ਸਬ ਸਿਡਰੀ ਹੈਲਥ ਸੈਂਟਰਾਂ ਚ ਬਤੌਰ ਫਾਰਮੇਸੀ ਅਫ਼ਸਰ ਅਤੇ ਅਟੈਂਡੈਂਟ-ਕਮ-ਦਰਜਾ ਚਾਰ ਵਜੋਂ ਕੰਮ ਕਰ ਰਹੇ ਸਨ।

ਇਹ ਮੁਲਾਜ਼ਮ ਜਿਹੜੇ ਹੁਣ ਪ੍ਰਸ਼ੋਨਲ ਵਿਭਾਗ ਦੀ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ, ਉਨ੍ਹਾਂ ਨੂੰ ਨਿਯੁਕਤੀ ਦੀ ਪੇਸ਼ਕਸ ਕੀਤੀ ਗਈ ਸੀ। ਇਨ੍ਹਾਂ ਮੁਲਾਜ਼ਮਾਂ ਵਿੱਚ 23 ਫਾਰਮੇਸੀ ਅਫ਼ਸਰ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਫਾਰਮੇਸੀ ਅਫ਼ਸਰਾਂ ਜਿੰਨ੍ਹਾਂ ਦੀ ਪਹਿਲਾਂ ਤਨਖਾਹ 11 ਹਜ਼ਾਰ ਰੁਪਏ ਪ੍ਰਤੀ ਮਹੀਨਾ ਸੀ, ਹੁਣ ਇਨ੍ਹਾਂ ਦੀ ਤਨਖਾਹ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋਵੇਗੀ। ਇਸ ਤੋਂ ਇਲਾਵਾ ਇਨ੍ਹਾਂ ਮੁਲਾਜ਼ਮਾਂ ਨੂੰ 30 ਹਜ਼ਾਰ ਰੁਪਏ ਤੱਕ ਸ਼ਲਾਨਾ ਤਰੱਕੀ 5 ਫ਼ੀਸਦੀ ਦੀ ਦਰ ਨਾਲ ਦਿੱਤੀ ਜਾਵੇਗੀ ਅਤੇ 30 ਹਜ਼ਾਰ ਤੋਂ ਬਾਅਦ 3 ਪ੍ਰਤੀਸ਼ਤ ਦੀ ਦਰ ਨਾਲ ਸ਼ਲਾਨਾ ਤਰੱਕੀ ਹੋਵੇਗੀ।

ਇਸੇ ਤਰ੍ਹਾਂ ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮਾਂ ਦੀ ਪਹਿਲਾਂ ਤਨਖਾਹ 6 ਹਜ਼ਾਰ ਰੁਪਏ ਪ੍ਰਤੀ ਮਹੀਨਾ ਸੀ, ਹੁਣ ਇਨ੍ਹਾਂ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ 25 ਹਜ਼ਾਰ ਰੁਪਏ ਤੱਕ ਸਲਾਨਾ ਤਰੱਕੀ 5 ਫ਼ੀਸਦੀ ਦੀ ਦਰ ਨਾਲ ਦਿੱਤੀ ਜਾਵੇਗੀ ਅਤੇ 25 ਹਜ਼ਾਰ ਤੋਂ ਬਾਅਦ 3 ਪ੍ਰਤੀਸ਼ਤ ਦੀ ਦਰ ਨਾਲ ਸ਼ਲਾਨਾ ਤਰੱਕੀ ਮਿਲਣਯੋਗ ਹੋਵੇਗੀ।

## ਮਿੱਟੀ ਸਿਹਤ ਕਾਰਡ ਅਤੇ ਜੈਵਿਕ ਖੇਤੀ ਬਾਰੇ ਜਾਗਰੂਕਤਾ ਪ੍ਰੋਗਰਾਮ




**ਫਾਜ਼ਿਲਕਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਵਿਗਿਆਨ ਕੇਂਦਰ ਫਾਜ਼ਿਲਕਾ ਅਤੇ ਨਾਬਾਰਡ ਨੇ ਪਿੰਡ ਆਲਮਗੜ੍ਹ ਵਿੱਚ ਮਿੱਟੀ ਸਿਹਤ ਕਾਰਡ ਅਤੇ ਜੈਵਿਕ ਖੇਤੀ ਬਾਰੇ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ।

ਇਸ ਪ੍ਰੋਗਰਾਮ ਵਿੱਚ ਡਾ. ਪ੍ਰਕਾਸ਼ ਚੰਦ ਗੁਰਜਰ ਨੇ ਮਿੱਟੀ ਸਿਹਤ ਕਾਰਡ ਯੋਜਨਾ ਬਾਰੇ ਜਾਣਕਾਰੀ ਦਿੱਤੀ।

ਹਰਿੰਦਰ ਸਿੰਘ ਦਹੀਆ ਨੇ ਕਿਸਾਨਾਂ ਨੂੰ ਜੈਵਿਕ ਖੇਤੀ ਬਾਰੇ ਜਾਣਕਾਰੀ ਦਿੱਤੀ। ਇਸ ਲਈ, ਨਾਬਾਰਡ ਤੋਂ ਪ੍ਰਸ਼ਾਂਤ ਬਲੋਦਾ ਨੇ ਕਿਸਾਨਾਂ ਨੂੰ ਜੈਵਿਕ ਖੇਤੀ ਲਈ ਪ੍ਰੇਰਿਤ ਕੀਤਾ।

## ਨਸ਼ੀਲੀਆਂ ਗੋਲੀਆਂ ਸਣੇ ਮੁਲਜ਼ਮ ਕਾਬੂ

**ਸਮਾਣਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਆਈਏ ਸਟਾਫ਼ ਪੁਲੀਸ ਨੇ ਇੱਕ ਵਿਅਕਤੀ ਨੂੰ 1010 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰ ਕੇ ਉਸ ਖ਼ ?ਲਾਫ਼ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਪਸਿਆਣਾ ਚੌਂਕੀ 'ਚ ਕੇਸ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਕੁਲਵਿੰਦਰ ਸਿੰਘ ਵਾਸੀ ਪਿੰਡ ਕਰਹਾਲੀ ਵਜੋਂ ਹੋਈ ਹੈ।

ਸੀਆਈਏ ਸਟਾਫ਼ ਮੁਖੀ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਕੁਲਦੀਪ ਸਿੰਘ ਪੁਲੀਸ ਪਾਰਟੀ ਸਣੇ ਟੀ-ਪੁਆਇੰਟ ਖੇੜਕੀ ਮੌਜੂਦ ਸੀ ਕਿ ਸ਼ੱਕ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ ਰੋਕ ਕੇ ਚੈੱਕ ਕਰਨ 'ਤੇ ਉਸ ਕੋਲੋਂ 1010 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਜਿਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰ ਕੇ ਇੱਕ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਕੁਲਤਾਰ ਸਿੰਘ ਸੰਧਵਾਂ ਨੇ ਵਿਦਿਆਰਥੀਆਂ ਨੂੰ ਰਾਜਨੀਤੀ ਵਿੱਚ ਦਿਲਚਸਪੀ ਲੈਣ ਅਤੇ ਖੁਦ ਰਾਜਨੀਤੀ ਕਰਨ ਲਈ ਪ੍ਰੇਰਿਆ

**➢ ਪੰਜਾਬ ਦੇ 35 ਕਾਲਜਾਂ ਤੋਂ 100 ਤੋਂ ਵੱਧ ਆਏ ਵਿਦਿਆਰਥੀਆਂ ਨਾਲ ਰੁਬਰੂ ਹੋਏ ਸਪੀਕਰ ਅਤੇ ਵਿਧਾਇਕ**

**➢ ਵਿਦਿਆਰਥੀ ਆਪਣੇ ਸੁਪਨੇ ਉੱਚੇ ਰੱਖਣ ਅਤੇ ਉੱਚੇ ਸੁਪਨੇ ਰੱਖਣ ਵਾਲਿਆਂ ਦੇ ਹੀ ਸੁਪਨੇ ਪੂਰੇ ਹੁੰਦੇ ਹਨ: ਕੁਲਤਾਰ ਸਿੰਘ ਸੰਧਵਾਂ**

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਅੱਜ ਪੰਜਾਬ ਦੇ 35 ਕਾਲਜਾਂ ਤੋਂ ਆਏ100 ਤੋਂ ਵੱਧ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਗਈ, ਇਸ ਵਿੱਚ ਪ੍ਰੋਫੈਸਰ ਵੀ ਸ਼ਾਮਿਲ ਸਨ। ਵਿਦਿਆਰਥੀਆਂ ਨੇ ਸਪੀਕਰ ਦੀਆਂ ਡਿਊਟੀਆਂ ਅਤੇ ਸਦਨ ਦੀ ਕਾਰਵਾਈ ਬਾਰੇ ਉਹਨਾਂ ਕੋਲੋਂ ਸਵਾਲ ਪੁੱਛੇ ਅਤੇ ਉਹਨਾਂ ਨੂੰ ਇਹ ਵੀ ਪੁੱਛਿਆ ਕਿ ਉਹ ਸਿਆਸੀ ਦਬਾਅ ਨੂੰ ਕਿਸ ਤਰ੍ਹਾਂ ਨਿਪਟਦੇ ਹਨ, ਜਿਸ ਦੇ ਜਵਾਬ ਵਿੱਚ ਸਪੀਕਰ ਸਾਹਿਬ ਨੇ ਦੱਸਿਆ ਕਿ ਉਹ ਵਿਰੋਧੀ ਧਿਰ ਨੂੰ ਬੋਲਣ ਲਈ ਬਰਾਬਰ ਦਾ ਮੌਕਾ ਪ੍ਰਦਾਨ ਕਰਦੇ ਹਨ।

ਸਪੀਕਰ ਸੰਧਵਾਂ ਨੇ ਕਿਹਾ ਕਿ ਰਾਜਨੀਤੀ ਤਾਂ ਇੱਕ ਸੇਵਾ ਹੈ ਸਾਨੂੰ ਆਪਣੀ ਕੌਮ ਦੀ ਸੇਵਾ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਨੇ ਉਹਨਾਂ ਨੂੰ ਪੁੱਛਿਆ ਕਿ ਸਦਨ ਦੀ ਕਾਰਵਾਈ ਨੂੰ ਕਿਸ ਤਰ੍ਹਾਂ ਪਾਰਦਰਸ਼ੀ ਰੱਖਿਆ ਜਾਵੇ ਇਸ ਬਾਰੇ ਉਹ ਹੋਰ ਕੀ ਕਦਮ ਚੁੱਕ ਸਕਦੇ ਹਨ। ਇਸ ਦਾ ਉੱਤਰ ਦਿੰਦਿਆਂ ਸਪੀਕਰ ਨੇ ਕਿਹਾ ਕਿ ਜੁਡੀਸ਼ਰੀ, ਐਗਜੀਕਿਊਟਿਵ ਅਤੇ ਲੈਜੀਸਲੇਚਰ ਇਹ ਤਿੰਨ ਵਿੰਗ ਜੇਕਰ ਆਪਣਾ ਆਪਣਾ ਕੰਮ ਸਹੀ ਢੰਗ ਨਾਲ ਕਰਨ ਤਾਂ ਸਦਨ ਦੀ ਕਾਰਵਾਈ ਵਿੱਚ ਹੋਰ ਪਾਰਦਰਸ਼ਤਾ ਲਿਆਈ ਜਾ ਸਕਦੀ ਹੈ ਅਤੇ ਸਦਨ ਦੀ ਕਾਰਵਾਈ ਨੂੰ ਪਾਰਦਰਸ਼ੀ ਕਰਨ ਵਾਸਤੇ ਉਹਨਾਂ ਨੇ 2022 ਤੋਂ ਹੀ ਸਦਨ ਵਿੱਚ ਲਾਈਵ ਟੈਲੀਕਾਸਟ ਲਾਗੂ ਕਰ ਦਿੱਤੀ ਹੈ ਤਾਂ ਜੋ ਹਰ ਵਿਅਕਤੀ ਇਸ ਕਾਰਵਾਈ ਨੂੰ ਸੁਣ ਸਕੇ ਅਤੇ ਸਦਨ ਦੀ ਕਾਰਵਾਈ ਬਾਰੇ ਜਾਣੂ ਹੋ ਸਕੇ। ਉਹਨਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਇਸ ਕਾਰਵਾਈ ਨੂੰ ਵੇਖਿਆ ਕਰਨ ਅਤੇ ਆਪਣੇ ਹਲਕੇ ਦੇ ਐਮ.ਐਲ.ਏ ਨੂੰ ਇਹ ਜਰੂਰ ਪੁੱਛਣ ਕਿ ਉਹਨਾਂ ਨੂੰ ਅਸੀਂ ਵੋਟ ਦਿੱਤੀ ਹੈ ਤੇ ਉਹਨਾਂ ਨੇ ਸਾਡੀ ਭਲਾਈ ਲਈ ਕਿਹੜੇ ਕਾਨੂੰਨ ਬਣਾਏ ਹਨ।

ਵਿਦਿਆਰਥੀਆਂ ਵੱਲੋਂ ਜਦੋਂ ਇਹ ਪੁੱਛਿਆ ਗਿਆ ਕਿ ਉਚੇਰੀ ਸਿੱਖਿਆ ਬਹੁਤ ਹੀ ਮਹਿੰਗੀ ਹੋ ਗਈ ਹੈ ਤੇ ਇਸ ਬਾਰੇ ਸਰਕਾਰ ਕੀ ਕਦਮ ਚੁੱਕ ਰਹੀ ਹੈ। ਇਸ ਦਾ ਉੱਤਰ ਦਿੰਦਿਆਂ ਸਪੀਕਰ ਨੇ ਕਿਹਾ ਕਿ ਸਿੱਖਿਆ ਤਾਂ ਮੁਫਤ ਵਿੱਚ ਮਿਲਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਸ ਉੱਪਰ ਉਹ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੱਤਰ ਲਿਖਣਗੇ ਕਿ ਉਚੇਰੀ ਸਿੱਖਿਆ ਨੂੰ ਮੁਫਤ ਵਿੱਚ ਦੇਣ ਲਈ ਕਦਮ ਚੁੱਕੇ ਜਾਣ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੀ ਮਾਂ ਬੋਲੀ ਨੂੰ ਅਪਣਾਉਣ ਅਤੇ ਇਸ ਦੇ ਨਾਲ ਨਾਲ ਬਾਕੀ ਭਾਸ਼ਾਵਾਂ ਵੀ ਸਿੱਖਣ।

ਉਹਨਾਂ ਅੱਗੇ ਕਿਹਾ ਕਿ ਸਦਨ ਦੀ ਕਾਰਵਾਈ ਵਿੱਚ ਉਹ ਹਰ ਇੱਕ ਚੁਣੇ ਹੋਏ ਨੁਮਾਇੰਦੇ ਨੂੰ ਬਰਾਬਰ ਦਾ ਮੌਕਾ ਦਿੰਦੇ ਹਨ ਤਾਂ ਜੋ ਸਦਨ ਦੀ ਕਾਰਵਾਈ ਵਿੱਚ ਹਰ ਇੱਕ ਮੈਂਬਰ ਆਪਣੀ ਗੱਲ ਰੱਖ ਸਕੇ। ਵਿਦਿਆਰਥੀਆਂ ਵੱਲੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਟਿਕਟ ਲੈਣ ਵਾਸਤੇ ਤਾਂ ਲੱਖਾਂ ਰੁਪਏ ਦੇਣੇ ਪੈਂਦੇ ਹਨ ਤਾਂ ਹੀ ਵੱਡੀਆਂ ਵੱਡੀਆਂ ਪਾਰਟੀਆਂ ਵੱਲੋਂ ਟਿਕਟ ਦਿੱਤੀ ਜਾਂਦੀ ਹੈ। ਇਸ ਦਾ ਉੱਤਰ ਦਿੰਦਿਆਂ ਉਹਨਾਂ ਨੇ ਕਿਹਾ ਕਿ ਮੈਂ ਤਾਂ ਪਿੰਡ ਦਾ ਸਰਪੰਚ ਸੀ ਤੇ ਆਮ ਆਦਮੀ ਪਾਰਟੀ ਨੇ ਉਹਨਾਂ ਨੂੰ ਬਿਨਾਂ ਕੋਈ ਪੈਸੇ ਲਏ ਟਿਕਟ ਦਿੱਤੀ। ਉਹਨਾਂ ਕਿਹਾ ਕਿ ਜੇਕਰ ਤੁਹਾਡੀ ਪਹੁੰਚ ਆਮ ਲੋਕਾਂ ਤੱਕ ਹੈ ਤਾਂ ਪਾਰਟੀ ਆ ਕੇ ਤੁਹਾਨੂੰ ਖੁਦ ਟਿਕਟ ਦੇਵੇਗੀ। ਉਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਰਾਜਨੀਤੀ ਤਾਂ ਲੋਕ ਸੇਵਾ ਹੈ ਤੇ ਸਾਨੂੰ ਲੋਕਾਂ ਨਾਲ ਜੁੜਨਾ ਚਾਹੀਦਾ ਹੈ। ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਚਾਹੀਦਾ ਹੈ ਤਾਂ ਜੋ ਉਹਨਾਂ ਦੇ ਮੁੱਦਿਆਂ ਤੋਂ ਅਸੀਂ ਜਾਣੂ ਹੋ ਸਕੀਏ ਤੇ ਉਹਨਾਂ ਦਾ ਹੱਲ ਕਰ ਸਕੀਏ।

ਉਹਨਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਗੁਰਬਾਣੀ ਦਾ ਇੱਕ ਸ਼ਬਦ ਰੋਜ਼ ਪੜ੍ਹਿਆ ਕਰਨ। ਉਹਨਾਂ ਅੱਗੇ ਕਿਹਾ ਕਿ ਜੇਕਰ ਪੰਜਾਬ ਨੂੰ ਹੋਰ ਤਰੱਕੀ ਦੇ ਰਾਹ ਤੇ ਲੈ ਕੇ ਜਾਣਾ ਹੈ ਤੇ ਇੰਡਸਟਰੀ ਨੂੰ ਪੰਜਾਬ ਵਿੱਚ ਹੋਰ ਅੱਗੇ ਵਧਾਉਣਾ ਪਵੇਗਾ। ਉਹਨਾਂ ਕਿਹਾ ਕਿ ਖੇਤੀਬਾੜੀ ਨੂੰ ਐਗਰੀ ਬਿਜਨਸ ਬਣਾਉਣ ਦੀ ਲੋੜ ਹੈ ਕਉਂਕਿ ਪੰਜਾਬ ਇੱਕ ਉਪਜਾਊ ਧਰਤੀ ਹੈ। ਇਹੋ ਜਿਹੀ ਧਰਤੀ ਦਾ ਮਿਲਣਾ ਬਹੁਤ ਮੁਸ਼ਕਿਲ ਹੈ।

ਉਹਨਾਂ ਅੱਗੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਉੱਚੇ ਸੁਪਨੇ ਰੱਖਣ ਅਤੇ ਉੱਚੇ ਸੁਪਨੇ ਰੱਖਣ ਵਾਲੇ ਲੋਕਾਂ ਦੇ ਹੀ ਸੁਪਨੇ ਸਾਕਾਰ ਹੁੰਦੇ ਹਨ ਅਤੇ ਜੀਵਨ ਵਿੱਚ ਤਨਾਵ ਨਾ ਲੈਣ ਅਤੇ ਖੁਸ਼ੀ ਨਾਲ ਆਪਣਾ ਜੀਵਨ ਬਤੀਤ ਕਰਨ। ਉਹਨਾਂ ਨੇ ਵਿਦਿਆਰਥੀਆਂ ਨੂੰ ਸਦਨ ਵਿੱਚ ਲਿਜਾ ਕੇ ਸਦਨ ਦੇ ਬਾਰੇ ਜਾਣੂ ਕਰਵਾਇਆ ਅਤੇ ਉਹਨਾਂ ਨਾਲ ਡਿਬੇਟ ਵੀ ਕੀਤੀ ਤਾਂ ਜੋ ਵਿਦਿਆਰਥੀਆਂ ਦੀ ਰੁਚੀ ਰਾਜਨੀਤੀ ਵਿੱਚ ਹੋਰ ਵੱਧ ਸਕੇ। ਵਿਦਿਆਰਥੀਆਂ ਵੱਲੋਂ ਵਿਧਾਨ ਸਭਾ ਸਪੀਕਰ ਨਾਲ ਮੁਲਾਕਾਤ ਦੌਰਾਨ ਕਈ ਮਹੱਤਵਪੂਰਨ ਮੁੱਦਿਆਂ ਤੇ ਚਰਚਾ ਕੀਤੀ ਗਈ ਜਿਸ ਵਿੱਚ ਵਨ ਨੇਸ਼ਨ ਵਨ ਇਲੈਕਸ਼ਨ ਵੀ ਸ਼ਾਮਿਲ ਸੀ।

ਇਸ ਮੌਕੇ ਤੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਵੱਲੋਂ ਸਪੀਕਰ ਨੂੰ ਇੱਕ ਸ਼ਾਲ, ਇੱਕ ਹੈਰੀਟੇਜ ਹੱਥ ਵਾਲਾ ਪੰਖਾ ਅਤੇ ਸੀਨਰੀ ਭੇਂਟ ਕੀਤੀ।

ਇਸ ਮੌਕੇ ਤੇ ਡਾ. ਇੰਦਰਬੀਰ ਸਿੰਘ ਨਿਜਰ ਐਮ.ਐਲ.ਏ, ਜੀਵਨ ਜੋਤ ਕੌਰ ਐਮ.ਐਲ.ਏ, ਫੌਜਾ ਸਿੰਘ ਸਰਾਰੀ ਐਮ.ਐਲ.ਏ, ਵਿਜੇ ਸਿੰਗਲਾ ਐਮ.ਐਲ.ਏ, ਮਨਵਿੰਦਰ ਸਿੰਘ ਗਿਆਸਪੁਰਾ ਐਮ.ਐਲ.ਏ, ਗੁਰਦਿੱਤ ਸਿੰਘ ਸ਼ੇਖੋਂ ਐਮ.ਐਲ.ਏ ਵੀ ਸ਼ਾਮਿਲ ਹੋਏ। ਇਸ ਮੌਕੇ ਤੇ ਪੰਜਾਬ ਯੂਨੀਵਰਸਿਟੀ ਦੇ ਡਾਇਰੈਕਟਰ ਯੂਥ ਵੈਲਫੇਅਰ ਡਾ. ਸੁਖਜਿੰਦਰ ਰਿਸ਼ੀ, ਡਾ. ਤੇਜਿੰਦਰ ਗਿੱਲ ਅਸਿਸਟੈਂਟ ਡਾਇਰੈਕਟਰ ਯੂਥ ਵੈਲਫੇਅਰ, ਪ੍ਰੋਫੈਸਰ ਜਗਵਿੰਦਰ ਕੌਰ, ਪ੍ਰੋਫੈਸਰ ਭੁਪਿੰਦਰ ਕੌਰ ਪ੍ਰੋਫੈਸਰ ਪੂਨਮ ਦਿਵੇਦੀ, ਪ੍ਰੋਫੈਸਰ ਸਰਬਜੀਤ ਕੌਰ, ਪ੍ਰੋਫੈਸਰ ਹੀਨਾ, ਇਕਬਾਲ ਪ੍ਰੀਤ ਸਿੰਘ, ਅਮਿਤ ਸ਼ਰਮਾ, ਅਜੀਤ ਕੁਮਾਰ ਵੀ ਸ਼ਾਮਿਲ ਹੋਏ।

# ਵਾਹਨਾਂ ਦੀ ਪਾਰਕਿੰਗ ਲਈ ਵਰਤੀ ਜਾਵੇਗੀ ਗੱਡਾਖ਼ਾਨਾ ਵਾਲੀ ਇੱਕ ਏਕੜ ਖਾਲੀ ਜਗ੍ਹਾ

**ਬਰਨਾਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਸ਼ਹਿਰ ਵਿੱਚ ਪਾਰਕਿੰਗ ਦੀ ਸਮੱਸਿਆ ਦਾ ਹੱਲ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੱਡਾਖ਼ਾਨਾ ਵਾਲੀ ਥਾਂ 'ਤੇ ਪਾਰਕਿੰਗ ਦੀ ਸਹੂਲਤ ਸ਼ੁਰੂ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਇਸ ਪਾਰਕਿੰਗ 'ਚ ਦੋ ਪਹੀਆ ਵਾਹਨਾਂ ਦੀ ਐਂਟਰੀ ਮੁਫਤ ਹੋਵੇਗੀ ਅਤੇ ਨਾਲ ਹੀ ਕਾਰਾਂ ਲਈ 25 ਰੁਪਏ ਪ੍ਰਤੀ ਐਂਟਰੀ ਫੀਸ ਤੈਅ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਥਾਂ 'ਤੇ ਸਦਰ ਬਾਜ਼ਾਰ, ਫਰਵਾਹੀ ਬਾਜ਼ਾਰ, ਹੰਡਿਆਇਆ ਬਾਜ਼ਾਰ ਤੇ ਸਿਵਲ ਹਸਪਤਾਲ ਆਉਣ ਵਾਲੇ ਲੋਕ ਆਪਣੀਆਂ ਗੱਡੀਆਂ ਪਾਰਕ ਕਰ ਸਕਦੇ ਹਨ। ਮਾਰਕੀਟ ਕਮੇਟੀ ਦੀ ਇਸ ਥਾਂ 'ਤੇ ਫਿਲਹਾਲ ਸਫ਼ਾਈ ਦਾ ਕੰਮ ਚੱਲ ਰਿਹਾ ਹੈ ਅਤੇ 30 ਜੂਨ ਤੋਂ ਇੱਥੇ ਪਾਰਕਿੰਗ ਦੀ ਸਹੂਲਤ ਸ਼ੁਰੂ ਕਰ ਦਿੱਤੀ ਜਾਵੇਗੀ।

ਜ਼ਿਲ੍ਹਾ ਮੰਡੀ ਅਫ਼ਸਰ ਬੀਰਇੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਵਸੂਲੀ ਦੀ ਰਕਮ 24 ਘੰਟੇ ਦੌਰਾਨ ਇੱਕ ਵਾਰ ਦੀ ਐਂਟਰੀ ਲਈ ਹੀ ਵੈਧ ਹੋਵੇਗੀ ਅਤੇ ਮਲਟੀਪਲ (ਕਈ ਵਾਰ ਆਵਾਜਾਈ) ਐਂਟਰੀ ਦੀ ਇਜਾਜ਼ਤ ਨਹੀ ਹੋਵੇਗੀ। 24 ਘੰਟੇ ਦੌਰਾਨ ਮਲਟੀਪਲ ਐਂਟਰੀ ਲਈ ਸਕੱਤਰ, ਮਾਰਕਿਟ ਕਮੇਟੀ ਨੂੰ ਪ੍ਰਾਰਥੀ ਵੱਲੋਂ ਲਿਖਤੀ ਮੰਗ ਕਰਨ 'ਤੇ ਠੇਕੇਦਾਰ ਵੱਲੋ ਵੱਖਰਾ ਐਂਟਰੀ ਪਾਸ ਜਾਰੀ ਕੀਤਾ ਜਾਵੇਗਾ, ਜਿਸ ਦਾ ਰੇਟ ਸਿੰਗਲ ਐਂਟਰੀ ਨਾਲੋਂ ਦੁੱਗਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧ ਰਿਕਾਰਡ ਠੇਕੇਦਾਰ ਵੱਲੋਂ ਵੱਖਰੇ ਤੌਰ 'ਤੇ ਰੱਖਿਆ ਜਾਵੇਗਾ।

**ਬਾਜ਼ਾਰਾਂ ਵਿੱਚ ਟਰੈਫਿਕ ਸਮੱਸਿਆ ਦਾ ਹੋਵੇਗਾ ਹੱਲ**

ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਬਰਨਾਲਾ ਸ਼ਹਿਰ ਵਿੱਚ ਆਉਣ ਵਾਲੇ ਲੋਕਾਂ ਖਾਸ ਕਰਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਸਿਵਲ ਹਸਪਤਾਲ ਨੇੜੇ ਟ ?ਰੈਫ਼ ?ਕ ਦੀ ਕਾਫ਼ੀ ਸਮੱਸਿਆ ਸੀ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨੂੰ ਦੇਖਦੇ ਹੋਏ ਮਾਰਕੀਟ ਕਮੇਟੀ ਦੀ ਇਸ ਜਗ ?ਹਾ ਵਿੱਚ ਪਾਰਕਿੰਗ ਬਣਾਈ ਜਾ ਰਹੀ ਹੈ ਜਿਸ ਨਾਲ ਟ ?ਰੈਫਿਕ ਸਮੱਸਿਆ ਕਾਫ਼ੀ ਹੱਦ ਤਕ ਘਟ ਜਾਵੇਗੀ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

# ਡੇਢ ਸਾਲ ਬਾਅਦ ਹਰ ਗੱਲ ਦਾ ਹਿਸਾਬ ਲਵਾਂਗੇ: ਸੁਖਬੀਰ ਬਾਦਲ



**ਨਾਭਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਕਰਤਾਰ ਇੰਡਸਟਰੀਜ਼ ਦੇ ਮਾਲਕ ਮਨਪ੍ਰੀਤ ਸਿੰਘ ਦੇ ਘਰ ਉਨ੍ਹਾਂ ਦੀ 15 ਸਾਲਾ ਧੀ ਦੇ ਦੇਹਾਂਤ ਦੇ ਸੋਗ 'ਚ ਸ਼ਾਮਲ ਹੋਣ ਲਈ ਭਾਦਸੋਂ ਪਹੁੰਚੇ। ਉਨ੍ਹਾਂ ਇਸ ਦੁੱਖਦਾਈ ਘਟਨਾ ਲਈ ਪਰਿਵਾਰ ਨਾਲ ਦੁੱਖ ਜ਼ਾਹਰ ਕੀਤਾ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਸਮੇਂ ਉਨ੍ਹਾਂ ਪਾਰਟੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਲਈ ਪੰਜਾਬ ਸਰਕਾਰ ਉੱਪਰ ਧੱਕੇਸ਼ਾਹੀ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਵਰਕਰ ਹੈ, ਜਿਸ ਨੇ ਸੰਘਰਸ਼ਾਂ ਦੌਰਾਨ 16 ਸਾਲ ਜੇਲ੍ਹ ਕੱਟੀ ਹੈ।

ਉਨ੍ਹਾਂ ਕਿਹਾ ਕਿ ਉਹ ਇਸ ਕਾਰਵਾਈ ਤੋਂ ਡਰਨ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ 'ਸਰਕਾਰ ਦਾ ਡੇਢ ਸਾਲ ਬਾਕੀ ਹੈ, ਉਸ ਮਗਰੋਂ ਸਾਰੀ ਮਨਮਰਜ਼ੀਆਂ ਦਾ ਹਿਸਾਬ ਲਿਆ ਜਾਵੇਗਾ'।

# ਸ੍ਰੀ ਅਮਰਨਾਥ ਯਾਤਰਾ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ: ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

**➢ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਨੇ ਪਠਾਨਕੋਟ ਵਿਖੇ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਉੱਚ-ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ ➢ ਸਮਾਜ-ਵਿਰੋਧੀ ਤੱਤਾਂ 'ਤੇ ਡਰੋਨ ਨਿਗਰਾਨ ਪ੍ਰਣਾਲੀਆਂ ਰਾਹੀਂ ਰੱਖੀ ਜਾਵੇਗੀ ਨਜ਼ਰ**

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਅਮਰਨਾਥ ਯਾਤਰਾ 2025 ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਵੱਲੋਂ ਇੱਕ ਵਿਆਪਕ, ਬਹੁ-ਪੱਧਰੀ, ਅਤੇ ਅੰਤਰ-ਏਜੰਸੀ ਸੁਰੱਖਿਆ ਅਤੇ ਤਾਲਮੇਲ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਵਿੱਚ ਸ਼ਰਧਾਲੂਆਂ ਦੀ ਸੁਰੱਖਿਆ ਲਈ ਉੱਨਤ ਨਿਗਰਾਨੀ, ਫੋਰਸ ਦੀ ਰਣਨੀਤਕ ਤਾਇਨਾਤੀ ਅਤੇ 24 ਘੰਟੇ ਤਾਲਮੇਲ ਯਕੀਨੀ ਬਣਾਇਆ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦਿੱਤੀ।

ਦੱਸਣਯੋਗ ਹੈ ਕਿ ਇਸ ਸਾਲ ਪਵਿੱਤਰ ਸ੍ਰੀ ਅਮਰਨਾਥ ਯਾਤਰਾ 3 ਜੁਲਾਈ, 2025 ਨੂੰ ਸ਼ੁਰੂ ਹੋ ਕੇ 9 ਅਗਸਤ, 2025 ਤੱਕ ਜਾਰੀ ਰਹੇਗੀ। ਇਸ ਸਾਲਾਨਾ ਯਾਤਰਾ ਵਿੱਚ ਦੇਸ਼ ਭਰ ਤੋਂ ਲੱਖਾਂ ਸ਼ਰਧਾਲੂ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਈ ਸ਼ਰਧਾਲੂ ਜੰਮੂ ਅਤੇ ਕਸ਼ਮੀਰ ਵਿਖੇ ਪਵਿੱਤਰ ਗੁਫਾ ਵਾਲੇ ਤੀਰਥ ਸਥਾਨ ਜਾਣ ਲਈ ਪੰਜਾਬ, ਖਾਸ ਕਰਕੇ ਪਠਾਨਕੋਟ ਜ਼ਿਲ੍ਹੇ ਵਿੱਚੋਂ ਲੰਘਦੇ ਹਨ।

ਸਪੈਸ਼ਲ ਡੀਜੀਪੀ ਸਾਲਾਨਾ ਤੀਰਥ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਅਤੇ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਇੱਕ ਵਿਆਪਕ ਉੱਚ-ਪੱਧਰੀ ਸੁਰੱਖਿਆ ਅਤੇ ਤਾਲਮੇਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਪਠਾਨਕੋਟ ਵਿੱਚ ਹੋਈ ਇਸ ਮੀਟਿੰਗ ਦੌਰਾਨ ਚੱਲ ਰਹੀ ਅਮਰਨਾਥ ਯਾਤਰਾ ਸਬੰਧੀ ਰਣਨੀਤਕ ਤਿਆਰੀਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ, ਜਿਸ ਵਿੱਚ ਪੁਲਿਸ ਦੀ ਤਾਇਨਾਤੀ, ਸੁਰੱਖਿਆ ਉਪਾਅ, ਆਵਾਜਾਈ ਪ੍ਰਬੰਧਨ ਅਤੇ ਆਫ਼ਤ ਪ੍ਰਬੰਧਨ ਵਰਗੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਚਰਚਾ ਕੀਤੀ ਗਈ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਪਠਾਨਕੋਟ ਦੀ ਰਣਨੀਤਕ ਸਥਿਤੀ ਜਿਸ ਦੀ ਪਾਕਿਸਤਾਨ ਨਾਲ 26.385 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਸਾਂਝੀ ਹੈ ਅਤੇ ਜਿੱਥੇ ਮਹੱਤਵਪੂਰਨ ਰੱਖਿਆ ਯੂਨਿਟਾਂ ਸਥਿਤ ਹਨ, ਨੂੰ ਦੇਖਦਿਆਂ ਚੌਕਸੀ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਪੱਧਰ ਵਿੱਚ ਹੋਰ ਵਾਧਾ ਕਰਦਿਆਂ ਕਮਾਂਡੈਂਟ ਰੈਂਕ ਦੇ ਅਧਿਕਾਰੀ ਨੂੰ ਜੰਮੂ ਅਤੇ ਕਸ਼ਮੀਰ ਵੱਲ ਜਾਣ ਵਾਲੀਆਂ ਸਾਰੀਆਂ ਸੜਕਾਂ ਦਾ ਇੰਚਾਰਜ ਬਣਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਕਮਾਂਡੈਂਟ-ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਯਾਤਰਾ ਰੂਟ ਨੂੰ ਪੁਖਤਾ ਪ੍ਰਬੰਧਾਂ ਵਾਲੇ ਸੁਰੱਖਿਆ ਖੇਤਰਾਂ ਵਿੱਚ ਵੰਡਿਆ ਗਿਆ ਹੈ ਤਾਂ ਜੋ 24 ਘੰਟੇ ਜ਼ਮੀਨੀ ਪੱਧਰ ਦੀ ਨਿਗਰਾਨੀ ਅਤੇ ਕਿਸੇ ਵੀ ਐਮਰਜੈਂਸੀ ਦੀ ਸੂਰਤ ਵਿੱਚ ਤੁਰੰਤ ਰਿਸਪਾਂਸ ਸਮਰੱਥਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਨਾਕਾ ਮਾਧੋਪੁਰ ਵਿਖੇ 24 ਘੰਟੇ ਕਾਰਜਸ਼ੀਲ ਕਮਾਂਡ ਅਤੇ ਕੰਟਰੋਲ ਸੈਂਟਰ ਸਥਾਪਤ ਕੀਤਾ ਗਿਆ ਹੈ, ਜਿਸ ਦੀ ਨਿਗਰਾਨੀ ਇੱਕ ਗਜ਼ਟਿਡ ਅਧਿਕਾਰੀ ਜੋ ਉੱਨਤ ਨਿਗਰਾਨ ਪ੍ਰਣਾਲੀਆਂ ਰਾਹੀਂ ਸਾਰੇ ਵਾਹਨਾਂ ਅਤੇ ਸ਼ਰਧਾਲੂਆਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਦਾ ਹੈ, ਵੱਲੋਂ ਕੀਤੀ ਜਾ ਰਹੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਕਿਸੇ ਵੀ ਸੰਭਾਵੀ ਖ਼ਤਰੇ ਦਾ ਪਤਾ ਲਗਾਉਣ ਅਤੇ ਉਸ ਨੂੰ ਰੋਕਣ ਲਈ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਲੰਗਰ (ਕਮਿਊਨਿਟੀ ਕਿਚਨ) ਸਥਾਨਾਂ, ਧਾਰਮਿਕ ਸਥਾਨਾਂ ਅਤੇ ਪੂਰੇ ਯਾਤਰਾ ਰੂਟ ਸਮੇਤ ਸੰਵੇਦਨਸ਼ੀਲ ਥਾਵਾਂ 'ਤੇ ਰੋਜ਼ਾਨਾ ਐਂਟੀ ਸਾਬੋਟੇਜ ਅਤੇ ਸੁਰੱਖਿਆ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਭਾਰਤੀ ਫੌਜ, ਸੀਮਾ ਸੁਰੱਖਿਆ ਬਲ (ਬੀਐਸਐਫ), ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀਏਪੀਐਫ), ਜੰਮੂ ਅਤੇ ਕਸ਼ਮੀਰ ਪੁਲਿਸ, ਹਿਮਾਚਲ ਪ੍ਰਦੇਸ਼ ਪੁਲਿਸ ਅਤੇ ਹੋਰ ਕੇਂਦਰੀ ਏਜੰਸੀਆਂ ਸਮੇਤ ਸਾਰੇ ਭਾਈਵਾਲਾਂ ਦਰਮਿਆਨ ਮਜ਼ਬੂਤ ਤਾਲਮੇਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਦੱਸਿਆ ਕਿ ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖਣ ਲਈ ਮੋਬਾਈਲ ਨਿਗਰਾਨ ਯੂਨਿਟਾਂ, ਹਾਈ-ਰੈਜ਼ੋਲੂਸ਼ਨ ਸੀਸੀਟੀਵੀ ਨਿਗਰਾਨੀ, ਡਰੋਨ-ਅਧਾਰਤ ਹਵਾਈ ਨਿਗਰਾਨੀ, ਜੀਪੀਐਸ-ਸਮਰਥਿਤ ਗਸ਼ਤ ਅਤੇ ਅਸਲ ਸਮੇਂ ਦੀਆਂ ਰਿਪੋਰਟਿੰਗ ਵਿਧੀਆਂ ਸਮੇਤ ਵਾਧੂ ਤਕਨੀਕੀ ਸਹਾਇਤਾ ਦੀ ਵਰਤੋਂ ਕੀਤੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਪੁਲਿਸ ਵੱਲੋਂ ਯਾਤਰਾ ਰੂਟ 'ਤੇ ਸਥਿਤ ਪੈਟਰੋਲ ਪੰਪਾਂ, ਢਾਬਿਆਂ, ਹੋਟਲਾਂ, ਗੈਸਟ ਹਾਊਸਾਂ ਅਤੇ ਸੜਕ ਕਿਨਾਰੇ ਸਥਿਤ ਹੋਰ ਅਦਾਰਿਆਂ ਦੇ ਮਾਲਕਾਂ ਅਤੇ ਸਟਾਫ ਨੂੰ ਜਾਣਕਾਰੀ ਅਤੇ ਸਿਖਲਾਈ ਦਿੱਤੀ ਗਈ ਹੈ ਤਾਂ ਜੋ ਉਹ ਕਿਸੇ ਵੀ ਅਸਾਧਾਰਨ ਗਤੀਵਿਧੀ, ਸ਼ੱਕੀ ਵਸਤੂਆਂ ਜਾਂ ਅਣਪਛਾਤੇ ਵਿਅਕਤੀਆਂ ਬਾਰੇ ਬਿਨਾਂ ਦੇਰੀ ਦੇ ਨਜ਼ਦੀਕੀ ਥਾਣੇ ਨੂੰ ਜਾਣਕਾਰੀ ਦੇ ਸਕਣ।

ਮੀਟਿੰਗ ਵਿੱਚ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ, ਏਆਈਜੀ ਸੁਖਮਿੰਦਰ ਸਿੰਘ ਮਾਨ, ਡਿਪਟੀ ਕਮਿਸ਼ਨਰ ਪਠਾਨਕੋਟ ਆਦਿਤਿਆ ਉੱਪਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ, ਡਿਪਟੀ ਕਮਿਸ਼ਨਰ ਕਠੂਆ ਡਾ. ਰਾਕੇਸ਼ ਮਿਨਹਾਸ, ਐਸਐਸਪੀ ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ, ਐਸਐਸਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਅਤੇ ਭਾਰਤੀ ਫੌਜ, ਭਾਰਤੀ ਹਵਾਈ ਸੈਨਾ ਅਤੇ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀ ਅਤੇ ਗੁਆਂਢੀ ਸੂਬੇ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਪੁਲਿਸ ਅਤੇ ਸਿਵਲ ਅਧਿਕਾਰੀ ਵੀ ਸ਼ਾਮਲ ਸਨ।

# ਜਮਹੂਰੀ ਕਿਸਾਨ ਸਭਾ ਵੱਲੋਂ ਡੀਸੀ ਨਾਲ ਮੀਟਿੰਗ

**ਘੱਗਰ ਦਰਿਆ, ਨਰਵਾਣਾ ਬਰਾਂਚ ਤੇ ਸੈਕਿੰਡ ਫੀਡਰ ਦੀ ਸਫ਼ਾਈ ਬਾਰੇ ਚਰਚਾ**



**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਪਟਿਆਲਾ ਦਾ ਵਫ਼ਦ ਡੀਸੀ ਡਾ. ਪ੍ਰੀਤੀ ਯਾਦਵ ਨੂੰ ਧੰਨਾ ਸਿੰਘ ਦੌਣ ਕਲਾਂ, ਸਤਪਾਲ ਨੂਰ ਖੇੜੀਆਂ, ਰਾਜਿੰਦਰ ਸਿੰਘ ਧਾਲੀਵਾਲ ਅਤੇ ਰੌਣਕੀ ਰਾਮ ਲਾਛੜੂ ਕਲਾਂ ਦੀ ਅਗਵਾਈ ਵਿੱਚ ਮਿਲਿਆ ਜਿਸ ਵਿੱਚ ਜ਼ਿਲ੍ਹਾ ਪਟਿਆਲਾ ਵਿੱਚ ਵਹਿੰਦੇ ਘੱਗਰ ਦਰਿਆ ਅਤੇ ਉਲਟ ਦਿਸ਼ਾ ਵਿੱਚ ਵਹਿੰਦੀਆਂ ਨਰਵਾਣਾ ਬਰਾਂਚ ਅਤੇ ਸੈਕਿੰਡ ਫੀਡਰ ਪਟਿਆਲਾ ਤੇ ਐੱਸਵਾਈਐੱਲ ਨਹਿਰਾਂ ਬਾਰੇ ਚਰਚਾ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਨਹਿਰਾਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਦੇ ਰਸਤੇ ਚੰਗੀ ਤਰ੍ਹਾਂ ਸਾਫ਼ ਨਾ ਕੀਤੇ ਗਏ ਤਾਂ ਇਹ ਪਟਿਆਲਾ ਦੇ ਨਾਲ ਹੀ ਮੁਹਾਲੀ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ 'ਤੇ ਵੀ ਮਾੜੇ ਪ੍ਰਭਾਵ ਪਾਉਣਗੇ। ਇਸ ਦੇ ਨਾਲ ਹੀ ਪਟਿਆਲੇ ਵਿੱਚ ਵਹਿੰਦੇ ਨਦੀਆਂ ਨਾਲਿਆਂ, ਐੱਸਵਾਈਐੱਲ ਤੇ ਘੱਗਰ ਦਰਿਆ ਦੀ ਖਨੌਰੀ ਤੇ ਸਰਾਲਾ ਹੈੱਡ ਨੇੜੇ ਉੱਗੀ ਬੂਟੀ ਸਾਫ਼ ਕਰਾਉਣ ਬਾਰੇ ਚਰਚਾ ਕੀਤੀ ਗਈ। ਅੱਜ ਦੇ ਵਫ਼ਦ ਵਿੱਚ ਹਰਦੇਵ ਸਿੰਘ ਸਮਾਣਾ, ਗੀਤ ਸਿੰਘ ਕਕਰਾਲਾ, ਚਮਕੌਰ ਸਿੰਘ ਖੱਤਰੀ ਵਾਲਾ ਤੇ ਜਸਵਿੰਦਰ ਸਿੰਘ ਆਦਿ ਸ਼ਾਮਲ ਸਨ।

**ਸਫ਼ਾਈ ਕਾਮਿਆਂ ਦੀ ਹੜਤਾਲ ਖ਼ਤਮ ਕਰਵਾਉਣ ਦੀ ਮੰਗ**

ਵਫ਼ਦ ਵਿੱਚ ਸ਼ਾਮਲ ਦਰਸ਼ਨ ਬੇਲੂਮਾਜਰਾ, ਹਰੀ ਸਿੰਘ ਢੀਂਡਸਾ, ਰਾਜ ਕਿਸ਼ਨ ਨੂਰ ਖੇੜੀਆਂ ਤੇ ਨਛੱਤਰ ਸਿੰਘ ਦੌਣ ਕਲਾਂ ਨੇ ਕਿਹਾ ਕਿ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਸਫ਼ਾਈ ਕਾਮੇ ਲੰਮੇ ਸਮੇਂ ਤੋਂ ਮੰਗਾਂ ਦੇ ਹੱਲ ਲਈ 'ਕੰਮ ਛੱਡੋ ਹੜਤਾਲ' ਉੱਤੇ ਹਨ ਜਿਸ ਕਾਰਨ ਪੂਰਾ ਸ਼ਹਿਰ ਕੂੜੇ ਦੇ ਢੇਰਾਂ ਨਾਲ ਭਰਿਆ ਪਿਆ ਹੈ। ਮੀਂਹ ਦਾ ਮੌਸਮ ਹੈ ਤੇ ਕਿਸੇ ਵੀ ਸਮੇਂ ਕੋਈ ਭਿਆਨਕ ਬਿਮਾਰੀ ਫੈਲ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲ ਦੇ ਆਧਾਰ 'ਤੇ ਇਸ ਮਾਮਲੇ ਵਿੱਚ ਦਖ਼ਲਅੰਦਾਜ਼ੀ ਕਰ ਕੇ ਇਹ ਹੜਤਾਲ ਖ਼ਤਮ ਕਰਾਈ ਜਾਵੇ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਇਆ ਜਾਵੇ, ਸੰਘਰਸ਼ ਕਰ ਰਹੇ ਮੁਲਾਜ਼ਮ ਆਗੂਆਂ 'ਤੇ ਕੀਤੇ ਪਰਚੇ ਰੱਦ ਕਰ ਕੇ ਨਗਰ ਨਿਗਮ ਅਤੇ ਸ਼ਹਿਰ ਦੇ ਮਾਹੌਲ ਨੂੰ ਸੁਖਾਵਾਂ ਬਣਾਇਆ ਜਾਵੇ।

# ਹਰ ਪਿੰਡ ਦੀ ਸਫਾਈ ਹਰ ਨਾਗਰਿਕ ਦੀ ਜ਼ਿੰਮੇਵਾਰੀ"ਅਤੇ ਪਲਾਸਟਿਕ ਪ੍ਰਦੂਸ਼ਣ ਦੇ ਖਾਤਮੇ ਦੇ ਥੀਮ ਤਹਿਤ ਪਿੰਡ ਭੋਜੀਆ ਵਿਖੇ ਕਰਵਾਈਆ ਗਈਆ ਵੱਖ-ਵੱਖ ਗਤੀਵਿਧੀਆ

**ਤਰਨ ਤਾਰਨ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਪਿੰਡ ਭੋਜੀਆ ਬਲਾਕ ਤਰਨ ਤਾਰਨ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆ ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆ ਕੀਤੀਆ ਗਈਆ।

ਇਸ ਮੌਕੇ 'ਤੇ ਵਿਭਾਗ ਵੱਲੋਂ ਪਿੰਡ ਵਾਸੀਆ ਨੂੰ ਸਵੱਛ ਸਰਵੇਖਣ ਗ੍ਰਾਮੀਣ 2025 ਸਬੰਧੀ ਜਾਗਰੂਕ ਕੀਤਾ ਗਿਆ ਅਤੇ ਪਖਾਨਿਆ ਅਤੇ ਜਨਤਕ ਥਾਵਾਂ ਜਿਵੇਂ ਕਿ ਸਕੂਲ, ਆਂਗਨਵਾੜੀ, ਹੈੱਲਥ ਸੈਂਟਰ, ਧਾਰਮਿਕ ਸਥਾਨਾ ਦੇ ਨੇੜੇ ਅਤੇ ਪਿੰਡ ਵਿੱਚ ਸਾਫ-ਸਫਾਈ ਕਰਵਾਈ ਗਈ ਅਤੇ ਪਿੰਡ ਵਾਸੀਆ ਨੂੰ ਨਿੱਜੀ ਸਫਾਈ ਅਤੇ ਆਲੇ-ਦੁਆਲੇ ਦੀ ਸਾਫ-ਸਫਾਈ ਸਬੰਧੀ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ 'ਤੇ ਹਰ ਪਿੰਡ ਦੀ ਸਫਾਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਦੇ ਥੀਮ ਤਹਿਤ ਸਵੱਛਤਾ ਨੂੰ ਦਰਸਾਉਦੀ ਹੋਈ , ਐੱਸ. ਐੱਸ. ਜੀ. 2025 ਦੀ ਜਾਗਰੂਕਤਾ ਲਈ ਪਿੰਡ ਵਿੱਚ ਵਾਲ-ਪੇਂਟਿੰਗ ਕਰਵਾਈ ਗਈ ਤਾਂ ਜੋ ਵੱਧ ਤੋਂ




ਵੱਧ ਪਿੰਡ ਵਾਸੀਆ ਨੂੰ ਪਿੰਡ ਦੀ ਸਾਫ ਸਫਾਈ ਸਬੰਧੀ ਜਾਗਰੂਕ ਕੀਤਾ ਜਾ ਸਕੇ।

ਪਿੰਡ ਵਾਸੀਆ ਵੱਲੋਂ ਆਪਣੇ ਪਿੰਡ ਦੇ ਸਵੱਛਤਾ ਮੁਲਾਂਕਣ ਲਈ ਸਵੱਛ ਸਰਵੇਖਣ ਗ੍ਰਾਮੀਣ 2025 ਸਬੰਧੀ ਸਿਟੀਜਨ ਫੀਡਬੈਕ ਦਿੱਤੀ ਗਈ। ਗ੍ਰਾਮ ਪੰਚਾਇਤ, ਪਿੰਡ ਵਾਸੀਆਂ ਨੂੰ ਤਰਲ ਕੂੜਾ ਪ੍ਰਬੰਧਨ, ਠੋਸ ਕੂੜਾ ਪ੍ਰਬੰਧਨ ਤਹਿਤ ਗਿੱਲੇ ਕੂੜੇ ਅਤੇ ਸੁੱਕੇ ਕੂੜੇ ਨੂੰ ਘਰੇਲੂ ਪੱਧਰ 'ਤੇ ਵੱਖਰਾ ਕਰਨ ਦੇ ਨਾਲ ਨਾਲ ਪਲਾਸਟਿਕ ਵੇਸਟ ਮੈਨੇਜਮੈਂਟ ਤਹਿਤ ਸਿੰਗਲ ਯੂਜ਼ ਪਲਾਸਟਿਕ ਥੈਲੀਆਂ ਦੀ ਵਰਤੋਂ ਨਾ ਕਰਕੇ ਜੂਟ ਬੈਗ ਦਾ ਇਸਤਮਾਲ ਕਰਨ, ਪਲਾਸਟਿਕ ਵੈਸਟ ਨੂੰ ਵੱਖਰੇ ਕਰਕੇ ਪਲਾਸਟਿਕ ਵੈਸਟ ਯੂਨਿਟ 'ਤੇ ਭੇਜਣ ਲਈ ਜਾਗਰੂਕ ਕੀਤਾ ਗਿਆ।

ਇਸ ਤੋਂ ਇਲਾਵਾ ਦਸਤ ਰੋਕੂ ਮੁਹਿੰਮ ਤਹਿਤ ਪਿੰਡ ਵਾਸੀਆਂ ਨੂੰ ਜਲ ਸਪਲਾਈ ਸਕੀਮ ਦੇ ਲਾਭ, ਪਾਣੀ ਦੀ ਸਾਂਭ ਸੰਭਾਲ ਅਤੇ ਜਲ ਸਪਲਾਈ ਸਕੀਮ ਤੋਂ ਨਿਰਵਿਘਨ ਜਲ ਸਪਲਾਈ ਰਾਹੀਂ ਸਾਫ਼ ਅਤੇ ਸ਼ੁੱਧ ਪਾਣੀ ਪ੍ਰਾਪਤ ਕਰਨ ਦੇ ਲਾਭ ਗੰਦੇ ਪਾਣੀ ਨਾਲ ਹੋਣ ਵਾਲੀਆ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਗਿਆ।

ਇਹ ਪ੍ਰੇਰਿਤ ਕੀਤਾ ਗਿਆ ਕਿ ਭੋਜਨ ਕਰਨ ਤੋਂ ਪਹਿਲਾ ਅਤੇ ਪਖਾਨਾ ਜਾਣ ਤੋ ਬਾਅਦ ਸਾਬਣ ਨਾਲ ਹੱਥ ਧੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਸੈਨੀਟੇਸ਼ਨ ਸਬੰਧੀ ਸਹੀ ਅਭਿਆਸਾ ਨਾਲ ਬੀਮਾਰੀਆ ਤੋ ਬਚਾਅ ਹੋ ਸਕੇ।

ਇਸ ਮੌਕੇ 'ਤੇ ਜ਼ਿਲ੍ਹਾ ਵਾਟਰ ਟੈਸਟਿੰਗ ਲੈਬ ਵੱਲੋਂ ਆਏ ਹੋਏ ਕੈਮਿਸਟ ਵੱਲੋ ਮੌਕੇ ਤੇ ਐੱਫ. ਟੀ. ਕੇ ਕਿੱਟ ਅਤੇ ਐੱਚ. ਟੂ. ਐੱਸ. ਕਿੱਟ ਰਾਂਹੀ ਪਾਣੀ ਦੇ ਸੈਂਪਲਾਂ ਦੀ ਜਾਂਚ ਕੀਤੀ ਗਈ।

ਇਸ ਮੌਕੇ 'ਤੇ ਸਰਪੰਚ ਸ੍ਰ ਰਣਜੀਤ ਸਿੰਘ ਮੈਂਬਰ ਅਮਰਜੀਤ ਸਿੰਘ, ਮੈਂਬਰ ਰਜਵੰਤ ਸਿੰਘ, ਮੈਂਬਰ ਸਤਨਾਮ ਸਿੰਘ, ਮੈਂਬਰ ਬਲਬੀਰ ਕੌਰ, ਮੈਂਬਰ ਕੁਲਵਿੰਦਰ ਅਤੇ ਹੋਰ ਮੋਹਤਬਰ ਪਰਮਜੀਤ ਸਿੰਘ, ਮਹਿੰਦਰ ਸਿੰਘ, ਹਰਜਿੰਦਰ ਸਿੰਘ, ਗੁਰਮੇਜ ਸਿੰਘ, ਕਰਮਜੀਤ ਸਿੰਘ, ਕੰਵਲਜੀਤ ਸਿੰਘ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਤੋਂ ਜਿਲ੍ਹਾ ਪੱਧਰੀ ਅਤੇ ਬਲਾਕ ਪੱਧਰੀ ਸਮਾਜਿਕ ਸਟਾਫ ਜਿਲ੍ਹਾ ਵਾਟਰ ਟੈਸਟਿੰਗ ਤੋਂ ਲੈਬ ਕੈਮਿਸਟ ਅਤੇ ਅਤੇ ਡਾਟਾ ਐਂਟਰੀ ਓਪਰੇਟਰ ਹਾਜ਼ਰ ਸਨ।

# ਕ੍ਰਿਤ੍ਰਿਮ ਬੁੱਧੀਮਤਾ (Artificial Intelligence) : ਭਵਿੱਖ ਦੀ ਤਕਨਾਲੋਜੀ



**Sandeep Kaur**
**Assistant Professor**
**Chandigarh University, Gharuan**

ਕ੍ਰਿਤ੍ਰਿਮ ਬੁੱਧੀਮਤਾ (Artificial Intelligence, AI) ਦਾ ਮਤਲਬ ਹੈ ਉਹ ਤਕਨਾਲੋਜੀ ਜੋ ਮਨੁੱਖੀ ਬੁੱਧੀਮਤਾ ਦੀ ਨਕਲ ਕਰਦੀ ਹੈ। ਇਹ ਇਕ ਇਲੈਕਟ ?ਰਾਨਿਕ ਪ੍ਰਣਾਲੀ ਹੈ ਜੋ ਮਨੁੱਖਾਂ ਵਾਂਗ ਸੋਚ ਸਕਦੀ ਹੈ, ਸਿੱਖ ਸਕਦੀ ਹੈ ਅਤੇ ਸਵੇਰੇ ਕੰਮ ਕਰ ਸਕਦੀ ਹੈ। ਇਹ ਤਕਨਾਲੋਜੀ ਹਰ ਪਾਸੇ ਵਧਦੀ ਜਾ ਰਹੀ ਹੈ ਅਤੇ ਇਸਦਾ ਪ੍ਰਭਾਵ ਵਪਾਰ, ਸਿਹਤ, ਸਿੱਖਿਆ, ਮਨੋਰੰਜਨ ਅਤੇ ਹੋਰ ਬਹੁਤ ਸਾਰੇ ਖੇਤਰਾਂ 'ਚ ਮਹਿਸੂਸ ਕੀਤਾ ਜਾ ਰਿਹਾ ਹੈ।

**ਕ੍ਰਿਤ੍ਰਿਮ ਬੁੱਧੀਮਤਾ ਦੇ ਮੁੱਖ ਹਿੱਸੇ**

ਯਾਂਤਰਿਕ ਸਿੱਖਿਆ (Machine Learning): ਇਹ ਕ੍ਰਿਤ੍ਰਿਮ ਬੁੱਧੀਮਤਾ ਦਾ ਇਕ ਮੁੱਖ ਹਿੱਸਾ ਹੈ, ਜਿਸ ਵਿੱਚ ਕੰਪਿਊਟਰਾਂ ਨੂੰ ਬਿਨਾਂ ਸਪਸ਼ਟ ਤੌਰ 'ਤੇ ਪ੍ਰੋਗਰਾਮ ਕੀਤੇ ਸਿੱਖਣ ਦੀ ਯੋਗਤਾ ਦਿੰਦੀ ਹੈ। ਇਹ ਖੇਤਰ ਡਾਟਾ ਦੇ ਵੱਡੇ ਜਥੇ ਨੂੰ ਵਿਸ਼ਲੇਸ਼ਣ ਕਰਕੇ ਨਵੇਂ ਪੈਟਰਨ ਸਿੱਖਣ ਦੀ ਯੋਗਤਾ ਰੱਖਦਾ ਹੈ।

ਪ੍ਰਾਕ੍ਰਿਤਿਕ ਭਾਸ਼ਾ ਪ੍ਰਕਿਰਿਆ (Natural Language Processing, NLP): ਇਸ ਦਾ ਮਤਲਬ ਹੈ ਕੰਪਿਊਟਰਾਂ ਨੂੰ ਮਨੁੱਖੀ ਭਾਸ਼ਾ ਨੂੰ ਸਮਝਣ, ਵਿਸ਼ਲੇਸ਼ਣ ਅਤੇ ਪੈਦਾ ਕਰਨ ਦੀ ਯੋਗਤਾ ਦਿਵਾਉਣਾ। NLP ਦਾ ਵਧੇਰੇ ਵਰਤੋਂ ਵੈਰਚੁਅਲ ਅਸਿਸਟੈਂਟ, ਭਾਸ਼ਾ ਅਨੁਵਾਦਕ ਅਤੇ ਭਾਸ਼ਾ ਪਰਿਸ਼ਿਲਕ ਲਈ ਹੁੰਦਾ ਹੈ।

ਕੰਪਿਊਟਰ ਵੀਜ਼ਨ (Computer Vision): ਇਸ ਦਾ ਮਕਸਦ ਹੈ ਕੈਮਰਿਆਂ ਅਤੇ ਸੈਂਸਰਾਂ ਰਾਹੀਂ ਵਿਦੀਰਸ਼ (visual) ਜਾਣਕਾਰੀ ਨੂੰ ਸਮਝਣਾ ਅਤੇ ਵਿਸ਼ਲੇਸ਼ਣ ਕਰਨਾ। ਇਸ ਖੇਤਰ ਦਾ ਵੱਡਾ ਵਰਤੋਂ ਸਵੈ-ਚਲਿਤ ਵਾਹਨਾਂ, ਸੁਰੱਖਿਆ ਪ੍ਰਣਾਲੀਆਂ ਅਤੇ ਚਿੱਤਰ ਪਰਛਾਵੇਂ ਵਿੱਚ ਹੁੰਦਾ ਹੈ।

ਰੋਬੋਟਿਕਸ (Robotics): ਰੋਬੋਟਿਕਸ ਕ੍ਰਿਤ੍ਰਿਮ ਬੁੱਧੀਮਤਾ ਨੂੰ ਹਾਰਡਵੇਅਰ ਦੇ ਨਾਲ ਜੋੜਦਾ ਹੈ, ਜੋ ਮਸ਼ੀਨਾਂ ਨੂੰ ਆਪਣੇ ਆਪ ਕੰਮ ਕਰਨ ਦੀ ਯੋਗਤਾ ਦਿੰਦਾ ਹੈ। ਇਸ ਦਾ ਪ੍ਰਮੁੱਖ ਵਰਤੋਂ ਉਦਯੋਗਿਕ ਆਉਟੋਮੇਸ਼ਨ, ਸਿਹਤ ਸੰਭਾਲ ਅਤੇ ਘਰ ਦੇ ਕੰਮਾਂ ਵਿੱਚ ਹੁੰਦਾ ਹੈ।

**ਕ੍ਰਿਤ੍ਰਿਮ ਬੁੱਧੀਮਤਾ ਦੇ ਫਾਇਦੇ**

ਕ੍ਰਿਤ੍ਰਿਮ ਬੁੱਧੀਮਤਾ ਦੇ ਬਹੁਤ ਸਾਰੇ ਫਾਇਦੇ ਹਨ:

ਸੁਧਾਰਿਤ ਦੱਖਲਦਾ (Efficiency): 19 ਦੇ ਨਾਲ, ਕੰਮਾਂ ਨੂੰ ਜਲਦੀ ਅਤੇ ਅਧਿਕ ਕੁਸ਼ਲਤਾਪੂਰਕ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਹ ਤਕਨਾਲੋਜੀ ਵੱਡੇ ਡਾਟਾ ਸੈੱਟਾਂ ਨੂੰ ਚੰਦ ਮਿੰਟਾਂ ਵਿੱਚ ਵਿਸ਼ਲੇਸ਼ਣ ਕਰ ਸਕਦੀ ਹੈ।

ਨਵੀਨਤਮ ਉਪਲੱਬਧੀਆਂ (Innovation): 19 ਨੇ ਬਹੁਤ ਸਾਰੀਆਂ ਨਵੀਆਂ ਸਮਭਾਵਨਾਵਾਂ ਨੂੰ ਖੋਲ੍ਹਿਆ ਹੈ। ਇਹ ਸਿਹਤ ਖੇਤਰ ਵਿੱਚ ਨਵੇਂ ਇਲਾਜਾਂ ਦੀ ਖੋਜ ਕਰ ਸਕਦੀ ਹੈ ਅਤੇ ਨਵੇਂ ਉਪਕਾਰਾਂ ਦੀ ਪੇਸ਼ਕਸ਼ ਕਰ ਸਕਦੀ ਹੈ।

ਵਿਕਾਸਸ਼ੀਲ ਬਜ਼ਾਰ (Emerging Markets): 19 ਨੇ ਨਵੇਂ ਬਜ਼ਾਰਾਂ ਨੂੰ ਜਨਮ ਦਿੱਤਾ ਹੈ, ਜਿਵੇਂ ਕਿ ਸਮਾਰਟ ਘਰ, ਵੈਰਚੁਅਲ ਅਸਿਸਟੈਂਟ ਅਤੇ ਸਵੈ-ਚਲਿਤ ਵਾਹਨ। ਇਹ ਨਵੇਂ ਖੇਤਰ ਅਰਥਵਿਵਸਥਾ ਨੂੰ ਬਢ ?ਾਉਣ ਵਿੱਚ ਯੋਗਦਾਨ ਪਾਉਂਦੇ ਹਨ।

ਸੰਵੇਦਨਸ਼ੀਲ ਸੁਰੱਖਿਆ (Enhanced Security): 19 ਆਧਾਰਿਤ ਸੁਰੱਖਿਆ ਪ੍ਰਣਾਲੀਆਂ ਨੂੰ ਜਲਦੀ ਸੰਕਟਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦਾ ਨਿਵਾਰਨ ਕਰਨ ਦੀ ਯੋਗਤਾ ਹੁੰਦੀ ਹੈ। ਇਹ ਤਕਨਾਲੋਜੀ ਸੈਬਰ ਸੁਰੱਖਿਆ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

**ਕ੍ਰਿਤ੍ਰਿਮ ਬੁੱਧੀਮਤਾ ਦੀਆਂ ਚੁਣੌਤੀਆਂ**

ਜਿੱਥੇ ਕ੍ਰਿਤ੍ਰਿਮ ਬੁੱਧੀਮਤਾ ਦੇ ਬਹੁਤ ਸਾਰੇ ਫਾਇਦੇ ਹਨ, ਉਥੇ ਕੁਝ ਚੁਣੌਤੀਆਂ ਵੀ ਹਨ: ਨੌਕਰੀਆਂ ਦਾ ਖਤਰਾ: 19 ਦੇ ਆਉਣ ਨਾਲ ਕੁਝ ਪੇਸ਼ਾਵਰ ਨੌਕਰੀਆਂ ਦਾ ਖਤਰਾ ਹੈ ਕਿਉਂਕਿ ਮਸ਼ੀਨਾਂ ਮਨੁੱਖੀ ਕਿਰਿਆਕਲਾਪਾਂ ਨੂੰ ਬਦਲ ਸਕਦੀਆਂ ਹਨ। ਇਸ ਨਾਲ ਕਈ ਲੋਕਾਂ ਨੂੰ ਆਪਣੀਆਂ ਨੌਕਰੀਆਂ ਖੋਹਣ ਦਾ ਡਰ ਹੈ।

ਨਿੱਜੀ ਜਾਣਕਾਰੀ ਦੀ ਸੁਰੱਖਿਆ: 19 ਪ੍ਰਣਾਲੀਆਂ ਵੱਡੇ ਮਾਤਰਾ ਵਿੱਚ ਡਾਟਾ ਇਕੱਠਾ ਕਰਦੀਆਂ ਹਨ, ਜਿਸ ਨਾਲ ਨਿੱਜੀ ਜਾਣਕਾਰੀ ਦੀ ਸੁਰੱਖਿਆ ਦਾ ਮੁੱਦਾ ਉੱਠਦਾ ਹੈ। ਇਸ ਨਾਲ ਨਿੱਜਤਾ ਦੇ ਉਲੰਘਨ ਦਾ ਖਤਰਾ ਵੀ ਵਧਦਾ ਹੈ।

ਨੈਤਿਕਤਾ ਅਤੇ ਨੈਤਿਕ ਮੁੱਲ (Ethics and Morality): 19 ਦੇ ਵਰਤੋਂ ਨਾਲ ਕਈ ਨੈਤਿਕ ਅਤੇ ਨੈਤਿਕ ਮੁੱਦੇ ਪੈਦਾ ਹੁੰਦੇ ਹਨ। ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ 19 ਪ੍ਰਣਾਲੀਆਂ ਦਾ ਵਰਤੋਂ ਸਹੀ ਤਰੀਕੇ ਨਾਲ ਕੀਤਾ ਜਾਵੇ ਅਤੇ ਇਹ ਸਮਾਜਿਕ ਮੁੱਲਾਂ ਦੇ ਅਨੁਸਾਰ ਹੋਵੇ।

ਨਤੀਜਾ

ਕ੍ਰਿਤ੍ਰਿਮ ਬੁੱਧੀਮਤਾ (19) ਨੇ ਦੁਨੀਆ ਵਿੱਚ ਬਹੁਤ ਵੱਡੇ ਤਬਦੀਲੀਆਂ ਲਿਆਈਆਂ ਹਨ। ਇਸਦੀ ਵਰਤੋਂ ਨਾਲ ਜਿੱਥੇ ਵਿਕਾਸ ਅਤੇ ਸੁਧਾਰ ਦੇ ਬਹੁਤ ਸਾਰੇ ਮੌਕੇ ਪੈਦਾ ਹੋਏ ਹਨ, ਉਥੇ ਕੁਝ ਚੁਣੌਤੀਆਂ ਵੀ ਉੱਠੀਆਂ ਹਨ। ਇਸ ਲਈ, ਸਾਨੂੰ ਚਾਹੀਦਾ ਹੈ ਕਿ 19 ਦੀ ਵਰਤੋਂ ਦੇ ਨੈਤਿਕ ਤੇ ਸਮਾਜਿਕ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸਨੂੰ ਅਪਣਾਈਏ ਅਤੇ ਇਸਦੀ ਤਕਨਾਲੋਜੀ ਨੂੰ ਸਥਿਰ ਅਤੇ ਸੁਰੱਖਿਅਤ ਭਵਿੱਖ ਲਈ ਵਰਤਣ ਲਈ ਯਕੀਨੀ ਬਣਾਈਏ।

# ਪਟਿਆਲਾ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਰੇਲਵੇ ਲਿੰਕ ਨਾਲ ਜੋੜਨ ਦੀ ਮੰਗ



**ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਪਟਿਆਲਾ ਵਿੱਚ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਕਾਫ਼ੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਰੇਲਵੇ ਲਿੰਕ ਰਾਹੀਂ ਪਟਿਆਲਾ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਲ ਜੋੜਿਆ ਜਾਵੇ।

ਭਾਰਤੀ ਕਿਸਾਨ ਓਥਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਚਾਰ ਸਕੱਤਰ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਉਨ੍ਹਾਂ ਦੀ ਕੇਂਦਰ ਸਰਕਾਰ ਤੋਂ ਮੰਗ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹੇ ਪਟਿਆਲਾ ਨੂੰ ਦਿੱਲੀ-ਅੰਮ੍ਰਿਤਸਰ ਰੇਲਵੇ ਲਾਈਨ ਨਾਲ ਜੋੜ ਕੇ ਸ਼ਾਨ-ਏ-ਪੰਜਾਬ ਐਕਸਪ੍ਰੈੱਸ ਟਰੇਨ ਦੀ ਤਰਜ਼ 'ਤੇ ਪਟਿਆਲਾ ਤੋਂ ਦਿੱਲੀ-ਅੰਮ੍ਰਿਤਸਰ ਟਾਈਮ ਚਲਾਇਆ ਜਾਵੇ।

ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਜ਼ਿਲ੍ਹੇ ਪਟਿਆਲਾ ਤੋਂ ਅੰਮ੍ਰਿਤਸਰ ਜਾਣ ਵਾਸਤੇ ਇੱਕੋ ਟਾਈਮ ਹੈ ਜਦੋਂਕਿ ਇੱਥੇ ਜੋ ਰੇਲਾਂ ਵਾਇਆ ਰਾਜਪੁਰਾ ਜਾਂਦੀਆਂ ਹਨ, ਉਨ੍ਹਾਂ ਨੂੰ ਵਾਇਆ ਪਟਿਆਲਾ ਕੀਤਾ ਜਾਵੇ। ਇਸ ਉਪਰੰਤ ਜ਼ਿਲ੍ਹੇ ਪਟਿਆਲਾ ਨੂੰ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਲ ਜੋੜਿਆ ਜਾਵੇ।

ਉਨ੍ਹਾਂ ਪੰਜਾਬ ਸਰਕਾਰ ਦੇ ਨਾਮ 'ਤੇ ਡੀਸੀ ਨੂੰ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਪਟਿਆਲਾ ਸ਼ਹਿਰ ਵਿੱਚ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਨੂੰ ਪੀਜੀਆਈ ਦੀ ਤਰਜ਼ 'ਤੇ ਅਪਗ੍ਰੇਡ ਕੀਤਾ ਜਾਵੇ।

ਕੌਮੀ ਪਤ੍ਰਿਕਾ

# ਹਰੀਏ ਨੀ ਰਸ ਭਰੀਏ ਖਜੂਰੇ...

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਵਿਆਹਾਂ ਵਿਚ ਜਿੱਥੇ ਰੀਤੀ ਰਿਵਾਜ ਰਸਮਾਂ ਨਿਭਾਈਆਂ ਜਾਂਦੀਆਂ ਹਨ, ਉੱਥੇ ਹੀ ਵਿਆਹਾਂ ਵਿਚ ਸੁਹਾਗ, ਘੋੜੀਆਂ, ਸਿੱਠਣੀਆਂ, ਬੋਲੀਆਂ ਆਦਿ ਵੀ ਗਾਏ ਜਾਂਦੇ ਹਨ। ਅੱਜ ਆਪਾਂ ਹੱਥਲੇ ਲੇਖ ਵਿਚ ਸੁਹਾਗ ਦੇ ਗੀਤਾਂ ਦੀ ਗੱਲ ਕਰਾਂਗੇ ਕਿਉਂਕਿ ਵਿਆਹ ਵਿਚ ਸੁਹਾਗ ਦੇ ਗੀਤ ਗਾਉਣੇ ਵੀ ਆਪਣੀ ਖ਼ਾਸ ਤੇ ਨਿਵੇਕਲੀ ਥਾਂ ਰੱਖਦੇ ਹਨ। ਸੁਹਾਗ ਕੁੜੀ ਦੇ ਵਿਆਹ ਵੇਲੇ ਪਰਿਵਾਰ ਅਤੇ ਰਿਸ਼ਤੇਦਾਰਾਂ ਵੱਲੋਂ ਗਾਏ ਜਾਣ ਵਾਲੇ ਗੀਤਾਂ ਨੂੰ ਕਿਹਾ ਜਾਂਦਾ ਹੈ, ਜਦ ਕਿ ਮੁੰਡੇ ਦੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ।

## ਪੰਜਾਬੀ ਸੱਭਿਆਚਾਰ

ਪੰਜਾਬੀ ਸੱਭਿਆਚਾਰ ਵਿਚ ਕੁੜੀ ਦੇ ਵਿਆਹ ਤੋਂ ਇੱਕੀ ਦਿਨ ਪਹਿਲਾਂ, ਗਿਆਰਾਂ ਦਿਨ ਪਹਿਲਾਂ ਜਾਂ ਸੱਤ ਦਿਨ ਪਹਿਲਾਂ ਵਿਆਹ ਵਾਲੀ ਕੁੜੀ ਦੇ ਘਰ ਸੁਹਾਗ ਗਾਉਣੇ ਸ਼ੁਰੂ ਹੋ ਜਾਂਦੇ ਹਨ। ਇਹ ਗੀਤ ਵਿਆਹ ਵਾਲੀ ਕੁੜੀ ਦੇ ਘਰ ਆਂਢ-ਗੁਆਂਢ ਦੀਆਂ ਕੁੜੀਆਂ, ਰਿਸ਼ਤੇਦਾਰ ਅਤੇ ਜਨਾਨੀਆਂ ਖ਼ੁਸ਼ੀ ਦੇ ਮਾਹੌਲ ਵਿਚ ਗਾਉਂਦੀਆਂ ਹਨ ਅਤੇ ਇਨ੍ਹਾਂ ਵਿਚ ਜਵਾਨ ਹੋ ਰਹੀਆਂ ਕੁੜੀਆਂ ਦੀਆਂ ਆਸਾਂ, ਸੁਪਨਿਆਂ ਅਤੇ ਚਾਵਾਂ ਮਲ੍ਹਾਰਾਂ ਦਾ ਭਰਪੂਰ ਪ੍ਰਗਟਾ ਹੁੰਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚ ਵਿਆਹੀ ਜਾਣ ਵਾਲੀ ਕੁੜੀ ਦੇ ਪੇਕੇ ਪਰਿਵਾਰ ਦੇ ਜੀਆਂ ਨਾਲ ਵੱਖ-ਵੱਖ ਰਿਸ਼ਤੇ ਅਤੇ ਫਿਰ ਸਹੁਰੇ ਘਰ ਵਿਚ ਨਵੇਂ ਬਣੇ ਰਿਸ਼ਤਿਆਂ ਬਾਰੇ ਵਾਰ-ਵਾਰ ਜ਼ਿਕਰ ਕੀਤਾ ਜਾਂਦਾ ਹੈ। ਸੁਹਾਗ ਦੇ ਗੀਤਾਂ ਵਿਚ ਰਿਸ਼ਤਿਆ ਦੇ ਤਾਣੇ ਬਾਣੇ ਦਾ ਕਿਤੇ ਨਿੱਘ ਹੈ ਅਤੇ ਕਿਤੇ ਤਣਾਉ ਦਾ ਅਹਿਸਾਸ ਹੁੰਦਾ ਹੈ।

## ਪਰਿਵਾਰ ਤੋਂ ਵਿਛੜਨ ਦੀ ਘੜੀ

ਸੁਹਾਗ ਦੇ ਲੋਕ ਗੀਤਾਂ ਵਿਚ ਧੀ ਲਈ ਬਾਬਲ ਰਾਜਾ ਹੈ। ਉਸ ਦਾ ਘਰ ਮਹਿਲ ਹੈ। ਬਾਹਰ ਬਾਗ਼ ਹਨ ਅਤੇ ਜਿਸ ਵਿਚ ਚੰਨਣ ਦੇ ਰੁੱਖ ਲੱਗੇ ਹਨ ਤੇ ਤਲਾਅ ਹਨ ਤੇ ਚੰਬਾ ਖਿੜਦਾ ਹੈ। ਇਸ ਤਰ੍ਹਾਂ ਬਾਬਲ ਇਕ ਰਾਜੇ ਵਾਂਗ ਹੈ ਪਰ ਉਹ ਧੀ ਵਿਆਹੁਦਾ ਜਾਣੋ ਨਿਵ ਜਾਂਦਾ ਹੈ। ਧੀ ਦੇ ਪੇਕੇ ਪਰਿਵਾਰ ਤੋਂ ਵਿਛੜਨ ਦੀ ਘੜੀ ਬਹੁਤ ਭਾਵੁਕਤਾ ਵਾਲੀ ਹੁੰਦੀ ਹੈ। ਉਸ ਮੌਕੇ ਇਕੱਲਾ ਬਾਬਲ ਹੀ ਨਹੀਂ ਸਾਰਾ ਪਰਿਵਾਰ ਤੇ ਸਾਕ ਸਬੰਧੀ ਰੋਂਦੇ ਹਨ। ਸੁਹਾਗ ਗਾਉਣ ਵਾਲੇ ਦੀ ਉਪ ਭਾਸ਼ਾ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ। ਜਿਵੇਂ ਦਾਹੜੀ ਤੋਂ ਦਾਅੜੀ, ਦੇਵੀਂ ਤੋਂ ਦੇਈਂ, ਨਿਵਿਆਂ ਤੋਂ ਨਿਮਿਆਂ। ਇਸੇ ਤਰ੍ਹਾਂ ਰਸ ਦੀ ਲੋੜ ਅਨੁਸਾਰ ਸਾਡੜੇ (ਸਾਡੇ), ਬੇਟੜੀ (ਬੇਟੀ), ਵੱਡੜਾ (ਵੱਡਾ), ਬਾਹਲੜੇ (ਬਹੁਤੇ), ਡੱਬੜੇ (ਡੱਬੇ), ਹੁੰਦੜੀ (ਹੁੰਦੀ) ਆਦਿ ਸ਼ਬਦ ਵਰਤੇ ਜਾਂਦੇ ਹਨ। ਸੁਹਾਗ ਦੇ ਗੀਤ ਭਾਵ ਅਤੇ ਬਣਤਰ ਪੱਖੋਂ ਸਰਲ ਹਨ। ਇਨ੍ਹਾਂ ਵਿਚ ਦੁਹਰਾ ਹੈ। ਪ੍ਰਕਿਰਤੀ ਦੀਆਂ ਨਿਰਮਲ ਛੋਹਾਂ ਹਨ ਅਤੇ ਗਾਉਣ ਲਈ ਲੈਅ ਤੇ ਰਵਾਨੀ ਹੈ। ਜਿਸ ਦੀ ਝਲਕ ਹੇਠ ਦਿੱਤੀਆਂ ਸੁਹਾਗ ਦੀਆਂ ਵੰਨਗੀਆਂ ਦੇਖਣ ਨੂੰ ਮਿਲਦੀਆਂ ਹਨ :

*ਚੜ੍ਹ ਚੁਬਾਰੇ ਸੁੱਤਿਆ ਬਾਬਲ,*
*ਆਈ ਬਨੇਰੇ ਦੀ ਛਾਂ।*
*ਤੂੰ ਸੁੱਤਾ ਲੋਕੀਂ ਜਾਗਦੇ,*
*ਘਰ ਬੇਟੜੀ ਹੋਈ ਮੁਟਿਆਰ।*
*ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,*
*ਨਾਵਣ ਚੱਲੀ ਆਂ ਤਲਾ।*
*ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ,*
*ਰੂਪ ਨਾ ਝੜਿਆ ਜਾ।*
*ਮਾਏ ਨੀ ਸੁਣ ਮੇਰੀਏ ਵਾਰੀ,*
*ਬਾਬਲ ਮੇਰੇ ਨੂੰ ਸਮਝਾ।*
*ਸਾਡੇ ਤਾਂ ਹਾਣ ਦੀਆਂ ਸਾਵਰੇ ਵਾਰੀ,*
*ਸਾਡੜੇ ਮਨ ਵਿਚ ਚਾ।*
*ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,*
*ਮਾਈ ਨੇ ਦਰਿਆ ਚਲਾ।*
*ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ,*
*ਭਾਬੋ ਦੇ ਮਨ ਵਿਚ ਚਾ।*

*ਚੜ੍ਹ ਚੁਬਾਰੇ ਸੁੱਤਿਆ ਚਾਚਾ,*
*ਆਈ ਬਨੇਰੇ ਦੀ ਛਾਂ।*
*ਤੂੰ ਸੁੱਤਾ ਲੋਕੀਂ ਜਾਗਦੇ,*
*ਘਰ ਭਤੀਜੀ ਹੋਈ ਮੁਟਿਆਰ।*
*ਛੰਨਾ ਤਾਂ ਭਰਿਆ ਦੁੱਧ ਦਾ ਵਾਰੀ,*
*ਨਾਵਣ ਚੱਲੀ ਆਂ ਤਲਾ।*
*ਮੈਲ਼ ਹੋਵੇ ਝੱਟ ਝੜ ਜਾਵੇ ਵਾਰੀ,*
*ਰੂਪ ਨਾ ਝੜਿਆ ਜਾ।*
*ਚਾਚੀ ਨੀ ਸੁਣ ਮੇਰੀਏ ਵਾਰੀ,*
*ਚਾਚੇ ਮੇਰੇ ਨੂੰ ਸਮਝਾ।*

-------

*-ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਬਾਬਲ ਮੇਰਾ ਦੇਸਾਂ ਦਾ ਰਾਜਾ,*
*ਓਸ ਦਿੱਤਾ ਐਡੀ ਦੂਰੇ।*
*ਮਾਤਾ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*
*ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਚਾਚਾ ਮੇਰਾ ਦੇਸਾਂ ਦਾ ਰਾਜਾ,*
*ਓਸ ਦਿੱਤਾ ਐਡੀ ਦੂਰੇ।*
*ਚਾਚੀ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*
*ਹਰੀਏ ਨੀ ਰਸ ਭਰੀਏ ਖਜੂਰੇ,*
*ਕਿਨ ਦਿੱਤਾ ਐਡੀ ਦੂਰੇ।*
*ਮਾਮਾ ਮੇਰਾ ਦੇਸਾਂ ਦਾ ਰਾਜਾ,*
*ਓਸ ਦਿੱਤਾ ਐਡੀ ਦੂਰੇ।*
*ਮਾਮੀ ਮੇਰੀ ਮਹਿਲਾਂ ਦੀ ਰਾਣੀ।*
*ਦਾਜ ਦਿੱਤਾ ਗੱਡ ਪੂਰੇ।*

## ਅਜੋਕੀ ਪੀੜ੍ਹੀ

ਅਜੋਕੇ ਵਿਆਹਾਂ ਵਿਚ ਸੁਹਾਗ ਦੇ ਗੀਤ ਬਹੁਤ ਘੱਟ ਹੀ ਗਾਏ ਜਾਂਦੇ ਹਨ। ਸਿਰਫ਼ ਖਾਨਾਪੂਰਤੀ ਲਈ ਹੀ ਇਕ ਦਿਨ ਜਨਾਨੀਆਂ ਵਿਆਹ ਵਾਲੀ ਕੁੜੀ ਦੇ ਘਰ ਇਕੱਤਰ ਹੋ ਕੇ ਗੀਤ ਗਾਉਂਦੀਆਂ ਹਨ। ਜੋ ਮਹਿਜ ਦੋ ਤਿੰਨ ਘੰਟੇ ਹੀ ਗਾਏ ਜਾਂਦੇ ਹਨ। ਜਦੋਂ ਗੀਤ ਗਾ ਕੇ ਜਨਾਨੀਆਂ ਆਪੋ ਆਪਣੇ ਘਰਾਂ ਨੂੰ ਪਰਤਦੀਆਂ ਹਨ ਤਾਂ ਉਨ੍ਹਾਂ ਨੂੰ ਕੁੜੀ ਦੇ ਪਰਿਵਾਰ ਵੱਲੋਂ ਸ਼ਗਨ ਵਜੋਂ ਗੁੜ ਵੰਡਿਆ ਜਾਂਦਾ ਹੈ। ਸੋ ਪੰਜਾਬੀ ਵਿਰਾਸਤ ਵਿਚ ਸੁਹਾਗ ਦੀ ਅਹਿਮ ਥਾਂ ਹੈ। ਜਿਸ ਨੂੰ ਅਜੋਕੀ ਪੀੜ੍ਹੀ ਪੱਛਮੀ ਸੱਭਿਆਚਾਰ ਦੀ ਲਪੇਟ ਆ ਕੇ ਭੁੱਲ ਦੀ ਜਾ ਰਹੀ ਹੈ। ਲੋੜ ਹੈ ਸੁਹਾਗ ਵਰਗੀਆਂ ਪੰਜਾਬੀ ਵੰਨਗੀਆਂ ਨੂੰ ਜਿਉਂਦੇ ਰੱਖਣ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਪੰਜਾਬ ਦੀ ਅਮੀਰ ਵਿਰਾਸਤ ਨੂੰ ਜਾਣ ਸਕੇ। •

70878-00168



**ਧੀ ਦੇ ਪੇਕੇ ਪਰਿਵਾਰ ਤੋਂ ਵਿਛੜਨ ਦੀ ਘੜੀ ਬਹੁਤ ਭਾਵੁਕਤਾ ਵਾਲੀ ਹੁੰਦੀ ਹੈ। ਇਸ ਮੌਕੇ ਇਕੱਲਾ ਬਾਬਲ ਹੀ ਨਹੀਂ ਸਾਰਾ ਪਰਿਵਾਰ ਤੇ ਸਾਕ ਸਬੰਧੀ ਰੋਂਦੇ ਹਨ। ਸੁਹਾਗ ਗਾਉਣ ਵਾਲੇ ਦੀ ਉਪ ਭਾਸ਼ਾ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ...**

### ਸੁਹਾਗ ਦਾ ਸ਼ਾਬਦਿਕ ਅਰਥ

*ਸੁਹਾਗ ਦਾ ਸ਼ਬਦਿਕ ਅਰਥ ਹੈ ਖ਼ੁਸ਼ਨਸੀਬੀ ਭਾਵ ਕਿ ਚੰਗੇ ਭਾਗ। ਲੋਕ ਸਾਹਿਤ ਦੇ ਸੰਦਰਭ ਵਿਚ ਸੁਹਾਗ ਤੋਂ ਭਾਵ ਅਜਿਹੇ ਖ਼ੁਸ਼ੀਆਂ ਭਰੇ ਲੋਕ ਗੀਤ ਹਨ। ਜਿਹੜੇ ਕੁੜੀ ਦੇ ਵਿਆਹ ਨਾਲ ਸਬੰਧਿਤ ਹਨ। ਜਿਵੇਂ ਮੁੰਡੇ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਘੋੜੀਆਂ ਗਾਉਣ ਦਾ ਰਿਵਾਜ ਹੈ। ਇਸੇ ਤਰ੍ਹਾਂ ਕੁੜੀ ਦੇ ਵਿਆਹ ਦੇ ਕੁਝ ਦਿਨ ਪਹਿਲਾਂ ਰਾਤ ਦੀ ਰੋਟੀ ਤੋਂ ਪਿੱਛੋਂ ਜਨਾਨੀਆਂ ਸੁਹਾਗ ਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਸੁਹਾਗ ਜਨਾਨੀਆਂ ਦੁਆਰਾ ਢੋਲਕੀ ਨਾਲ ਗਾਏ ਜਾਣ ਵਾਲੇ ਗੀਤ ਹਨ। ਸੁਹਾਗ ਗਾਉਣ ਦਾ ਰਿਵਾਜ ਪੁਰਾਤਨ ਸਮਿਆਂ ਤੋਂ ਹੀ ਚੱਲਿਆ ਆ ਰਿਹਾ ਹੈ। ਇਨ੍ਹਾਂ ਵਿਚ ਕੁੜੀ ਦੀ ਆਪਣੇ ਮਾਪਿਆਂ ਪ੍ਰਤੀ ਸੁਨੇਹ, ਮੁਹੱਬਤ, ਪੇਕੇ ਘਰ ਨਾਲ ਜੁੜੀਆਂ ਉਸ ਦੀਆਂ ਕਦੀ ਨਾ ਭੁੱਲਣ ਵਾਲੀਆਂ ਯਾਦਾਂ ਅਤੇ ਵਰ ਅਤੇ ਘਰ ਸਬੰਧੀ ਕੁੜੀ ਦੇ ਜਜ਼ਬਾਤਾਂ ਦਾ ਜ਼ਿਕਰ ਹੁੰਦਾ ਹੈ। ਸੁਹਾਗ ਗੀਤਾਂ ਵਿਚ ਉਸ ਦੇ ਰੰਗੀਲੇ ਸਹੁਰੇ ਦੇਸ਼, ਰੱਜਿਆ ਪੁੱਜਿਆ ਸਹੁਰਾ ਘਰ, ਸੋਹਣਾ ਸਨੁੱਖਾ ਉਸ ਦਾ ਹੋਣ ਵਾਲਾ ਪਤੀ ਤੇ ਕੁੜੀਆਂ ਦੀਆਂ ਸੁਪਨੇ, ਉਮੰਗਾਂ ਤੇ ਮਾਪਿਆਂ ਦੇ ਘਰ ਮਾਣੀਆਂ ਮੌਜਾਂ ਦਾ ਵਰਨਣ ਹੁੰਦਾ ਹੈ। ਵਿਛੋੜੇ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਸੁਹਾਗ ਗੀਤ ਇਸ ਪ੍ਰਕਾਰ ਹੈ :*
*ਸਾਡਾ ਚਿੜੀਆਂ ਦਾ ਚੰਬਾ ਨੀ, ਬਾਬਲ ਅਸਾਂ ਉੱਡ ਜਾਣਾ।*
*ਸਾਡੀ ਲੰਬੀ ਉਡਾਰੀ ਏ, ਬਾਬਲ ਕਿਹੜੇ ਦੇਸ ਜਾਣਾ।*

---



# ਹੱਕਾਂ ਤੇ ਫ਼ਰਜ਼ਾਂ ਦੀ ਗੱਲ

ਪ੍ਰਭਜੋਤ ਕੌਰ ਢਿੱਲੋਂ

ਸਮਾਜ ਵਿਚ ਪਰਿਵਾਰ ਅਤੇ ਰਿਸ਼ਤਿਆਂ ਦਾ ਬਹੁਤ ਮਹੱਤਵ ਹੈ। ਰਿਸ਼ਤੇ ਟੁੱਟਦੇ ਨੇ ਤਾਂ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦੇ ਹਨ। ਹਰ ਰਿਸ਼ਤੇ ਦੀ ਇਨਸਾਨੀ ਜੀਨਵਨ ਵਿਚ ਆਪਣੀ ਜਗ੍ਹਾ ਹੈ। ਇਸ ਕਰਕੇ ਉੱਥੇ ਅਤੇ ਉਵੇਂ ਰਿਸ਼ਤੇ ਨੂੰ ਰੱਖਿਆ ਜਾਵੇ ਤਾਂ ਵਧੀਆ ਲੱਗਦਾ ਹੈ। ਜੇਕਰ ਮਹਿੰਗਾ ਸਮਾਨ ਹੋਵੇ ਪਰ ਸਲੀਕੇ ਨਾਲ ਰੱਖਿਆ ਨਾ ਹੋਵੇ ਤਾਂ ਉਸ ਦੀ ਖ਼ੂਬਸੂਰਤੀ ਘੱਟ ਜਾਂਦੀ ਹੈ। ਉਹ ਮਹਿੰਗੇ ਸਮਾਨ ਹੋਣ ਦੇ ਬਾਵਜੂਦ ਕਬਾੜ ਵਰਗਾ ਲੱਗਦਾ ਹੈ।

ਅੱਜ ਮੈਂ ਗੱਲ ਕਰਾਂਗੀ ਧੀਆਂ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਦੇ ਸਫ਼ਰ ਦੀ। ਹਰ ਬੱਚਾ ਮਾਪਿਆਂ ਨੂੰ ਲਾਡਲਾ ਤੇ ਪਿਆਰਾ ਹੁੰਦਾ ਹੈ ਅਤੇ ਮਾਪੇ ਬੱਚਿਆਂ ਲਈ ਹਰ ਕੁਰਬਾਨੀ ਹੱਸ ਕੇ ਕਰਦੇ ਹਨ। ਲੜਕੀਆਂ ਦੇ ਵਿਆਹ ਹਰ ਸਮਾਜ ਵਿਚ ਜ਼ਰੂਰੀ ਹਨ ਅਤੇ ਸਿਆਣੇ ਬਜ਼ੁਰਗ ਕਹਿੰਦੇ ਸੀ ਕਿ ਧੀਆਂ ਤਾਂ ਰਾਜਿਆਂ ਦੇ ਘਰ ਵੀ ਨਹੀਂ ਸਮਾਈਆਂ। ਮਤਲਬ ਰਾਜੇ ਮਹਾਰਾਜੇ ਵੀ ਧੀਆਂ ਦਾ ਵਿਆਹ ਕਰਦੇ ਸਨ। ਧੀਆਂ ਨੂੰ ਦਹੇਜ ਦੇਣ ਦਾ ਰਿਵਾਜ ਵੀ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਸਮਾਂ ਬਦਲਿਆ ਜ਼ਰੂਰਤਾਂ ਅਤੇ ਰਹਿਣ ਸਹਿਣ ਬਦਲਿਆ ਤਾਂ ਉਸ ਦੇ ਨਾਲ ਦਹੇਜ ਦੇ ਸਮਾਨ ਦਾ ਬਦਲਣਾ ਸੁਭਾਵਿਕ ਸੀ। ਸਮੇਂ ਦੀ ਤਬਦੀਲੀ ਨਾਲ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਹੱਕ ਮਿਲ ਗਿਆ। ਲੜਕੀਆਂ ਪੜ੍ਹਨ ਲਿਖਣ ਲੱਗੀਆਂ ਅਤੇ ਹਰ ਖੇਤਰ ਵਿਚ ਲੜਕੀਆਂ ਅੱਗੇ ਜਾ ਰਹੀਆਂ ਹਨ। ਪੜ੍ਹਿਆ ਲਿਖਿਆ ਸਮਾਜ ਕਿਸ ਕੰਮ ਦਾ ਜੇਕਰ ਸਾਂਝਾਂ ਹੀ ਨਹੀਂ। ਰਿਸ਼ਤਿਆਂ ਦੀਆਂ ਧੱਜੀਆਂ ਉੱਡ ਰਹੀਆਂ ਹਨ।

ਕਾਨੂੰਨਾਂ ਵਿਚ ਸੋਧ ਵੀ ਬਹੁਤ ਜ਼ਰੂਰੀ ਹੁੰਦਾ ਜਾ ਰਿਹਾ ਹੈ। ਪਿੱਛਲੇ ਕਾਫ਼ੀ ਦਿਨਾਂ ਤੋਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲ ਰਿਹਾ ਹੈ ਕਿ ਲੜਕੀਆਂ ਵਿਆਹ ਕਰਵਾ ਕੇ ਜਾਂ ਮੰਗਣੀ ਕਰਵਾਉਣ ਤੋਂ ਬਾਅਦ ਵਿਦੇਸ਼ ਦਾ ਖ਼ਰਚਾ ਤਾਂ ਸਹੁਰੇ ਪਰਿਵਾਰ ਤੋਂ ਕਰਵਾਉਂਦੀਆਂ ਹਨ ਪਰ ਫੇਰ ਲੜਕੇ ਨੂੰ ਬਲਾਉਂਦੀਆਂ ਹੀ ਨਹੀਂ। ਇਵੇਂ ਦੇ ਬਹੁਤ ਸਾਰੇ ਲੋਕ ਹੁਣ ਅਖ਼ਬਾਰਾਂ ਵਿਚ ਆਪਣੇ ਨਾਲ ਹੋਈ ਠੱਗੀ ਦੀ ਗੱਲ ਕਰ ਰਹੇ ਹਨ। ਲੋਕ ਤੀਹ ਚਾਲੀ ਲੱਖ ਲਗਾ ਰਹੇ ਹਨ ਅਤੇ ਅਖੀਰ ਵਿਚ ਲੜਕੀਆਂ ਜਵਾਬ ਦੇ ਰਹੀਆਂ ਹਨ। ਇੱਥੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੜਕੀਆਂ ਖ਼ਿਲਾਫ਼ ਸ਼ਿਕਾਇਤ ਵੀ ਥੋੜ੍ਹੇ ਕੀਤੇ ਕੋਈ ਸੁਣਦਾ ਹੀ ਨਹੀਂ। ਮਾਫ਼ ਕਰਨਾ ਬਰਾਬਰਤਾ ਦਾ ਮਤਲਬ, ਦਾ ਮਤਲਬ ਹੈ ਹਰ ਕਿਸੇ ਨੂੰ ਸੁਣਿਆ ਜਾਵੇ ਅਤੇ ਜਿਸ ਦੀ ਗ਼ਲਤੀ ਹੈ ਉਸ ਨੂੰ ਸਜ਼ਾ ਮਿਲੇ। ਜਦੋਂ ਬਿਨਾਂ ਦਹੇਜ ਦੇ ਬਾਅਦ ਵੀ ਲੜਕੀਆਂ ਦੇ ਪਰਿਵਾਰ ਵੱਡੀਆਂ ਰਕਮਾਂ ਮੰਗਦੇ ਹਨ ਅਤੇ ਲੜਕੇ ਦੇ ਮਾਪੇ, ਰਿਸ਼ਤੇਦਾਰ ਅਤੇ ਲੜਕੇ ਨੂੰ ਖ਼ੱਜਲ਼ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਹੁਣ ਲੜਕਿਆਂ ਵਾਲੇ ਆਏ ਦਿਨ ਲੁੱਟੇ ਜਾ ਰਹੇ ਹਨ। ਸਮਾਜ ਬਣਿਆ ਰਹੇ, ਇਸ ਲਈ ਰਿਸ਼ਤਿਆਂ ਨੂੰ ਜਿਉਂਦੇ ਰੱਖਣਾ ਜ਼ਰੂਰੀ ਹੈ।

ਇਸ ਵਕਤ ਲੜਕੀਆਂ ਦੇ ਮਾਪਿਆਂ ਵੱਲੋਂ ਧੀਆਂ ਦੇ ਘਰਾਂ ਵਿਚ ਦਖ਼ਲ ਜ਼ਰੂਰਤ ਨਾਲੋਂ ਵਧੇਰੇ ਹੋ ਗਿਆ ਹੈ। ਕੁਝ ਦਹਾਕੇ ਪਹਿਲਾਂ ਲੜਕੀਆਂ ਦਾ ਮਾਪਿਆਂ ਦੇ ਘਰ ਵਾਰ-ਵਾਰ ਆਉਣਾ ਠੀਕ ਨਹੀਂ ਸਮਝਦੇ ਸੀ। ਧੀ ਦੇ ਸਹੁਰੇ ਪਰਿਵਾਰ ਵਿਚ ਦਖ਼ਲ ਨਹੀਂ ਦਿੱਤਾ ਜਾਂਦਾ ਸੀ। ਦਹੇਜ ਦਾ ਮਸਲਾ ਉੱਠਿਆ ਤਾਂ ਲੜਕੀਆਂ ਲਈ ਕਾਨੂੰਨ ਬਣ ਗਿਆ। ਉਸ ਵਿਚ ਦਹੇਜ ਲੈਣ ਅਤੇ ਦੇਣ ਵਾਲੇ ਦੋਨੋਂ ਗੁਨਾਹਗਾਰ ਹਨ ਪਰ ਉਸ ਨੂੰ ਸਿਰਫ਼ ਇਕ ਪਾਸੜ ਵਰਤਿਆ ਗਿਆ। ਇਸ ਦੀ ਇਸ ਵਕਤ ਧੜੱਲੇ ਨਾਲ ਦੁਰਵਰਤੋਂ ਹੋ ਰਹੀ ਹੈ। ਲੜਕਿਆਂ ਦੇ ਮਾਪੇ ਤੰਗ ਪਰੇਸ਼ਾਨ ਹੋ ਕੇ ਘਰ ਛੱਡ ਰਹੇ ਹਨ ਜਾਂ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿਚ ਛੱਡਿਆ ਜਾ ਰਿਹਾ ਹੈ। ਲੜਕਿਆਂ ਦੇ ਮਾਪੇ ਬਹੁਤ ਪਰੇਸ਼ਾਨ ਹੋ ਰਹੇ ਹਨ। ਜਦੋਂ ਪਤਾ ਹੈ ਕਿ ਇਸ ਦੀ ਵਰਤੋਂ ਗ਼ਲਤ ਹੋ ਰਹੀ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਰਿਸ਼ਤੇ ਕਿੱਲੀ ਟੰਗੇ ਜਾ ਰਹੇ ਹਨ।

ਲੜਕੀਆਂ ਪੜ੍ਹੀਆਂ ਲਿਖੀਆਂ ਹਨ, ਲੜਕਿਆਂ ਦੇ ਬਰਾਬਰ ਹਨ ਜਿਵੇਂ ਲੜਕੇ ਨੇ ਆਪਣੀ ਜ਼ਿੰਦਗੀ ਸ਼ੁਰੂ ਕਰਨੀ ਹੈ ਲੜਕੀਆਂ ਵੀ ਕਰਨ। ਉਨ੍ਹਾਂ ਦੇ ਮਾਪਿਆਂ ਦੀ ਜਿੱਥੇ ਦਖ਼ਲ-ਅੰਦਾਜ਼ੀ ਸਾਬਿਤ ਹੋ ਰਹੀ ਹੈ ਉੱਥੇ ਉਨ੍ਹਾਂ ਨੂੰ ਦੋਸ਼ੀ ਮੰਨਿਆ ਜਾਵੇ। ਇੱਥੇ ਧਿਆਨ ਰੱਖਣਾ ਚਾਹੀਦਾ ਹੈ ਕਿ ਸਮਾਜ ਵਾਸਤੇ ਜੇਕਰ ਅਜਿਹੇ ਕਦਮ ਨਾ ਚੁੱਕੇ ਤਾਂ ਪਰਿਵਾਰਾਂ ਦਾ ਢਾਂਚਾ ਖ਼ਤਰੇ ਦੇ ਹਾਸ਼ੀਏ ਨੂੰ ਟੱਪ ਜਾਵੇਗਾ। ਜੇਕਰ ਲੜਕੀਆਂ ਦੀਆਂ ਮਾਵਾਂ ਜਾਂ ਪਰਿਵਾਰ ਨੇ ਲੜਕੀ ਨੂੰ ਆਪਣੇ ਅਨੁਸਾਰ ਚਲਾਉਣਾ ਹੈ ਤਾਂ ਬਿਹਤਰ ਹੈ। ਰਿਸ਼ਤਿਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਲੜਕੇ ਦੇ ਮਾਪੇ ਕਿਸੇ ਵੀ ਤਰ੍ਹਾਂ ਤੁਹਾਡੇ ਤੋਂ ਘੱਟ ਸਮਝਦਾਰ ਨਹੀਂ ਹੋ ਸਕਦੇ। ਇਹ ਤੁਹਾਡਾ ਭਰਮ ਹੈ ਕਿ ਤੁਸੀਂ ਉਨ੍ਹਾਂ ਤੋਂ ਵਧੇਰੇ ਬੁੱਧੀਮਾਨ ਹੋ। •

98150-30221

---



# ਰਾਹੀਆਂ ਨੂੰ ਮੈਂ ਰਾਹ ਪਈ ਪੁੱਛਦੀ

ਵਰਿੰਦਰ ਸਿੰਘ ਨਿਮਾਣਾ

ਪੰਜਾਬ ਦੇ ਲੋਕ ਗੀਤ ਤੇ ਲੋਕ ਬੋਲੀਆਂ ਇਸ ਗੱਲ ਦੇ ਗਵਾਹ ਹਨ ਕਿ ਦਰਿਆਵਾਂ ਦੇ ਵਹਿਣਾਂ ਨਾਲ ਜ਼ਰਖ਼ੇਜ਼ ਹੋਈ ਪੰਜਾਬ ਦੀ ਮਿੱਟੀ ਦੇ ਬਾਸ਼ਿੰਦਿਆਂ ਦੀ ਹਰੀਆਂ ਭਰੀਆਂ ਫ਼ਸਲਾਂ ਦੇ ਨਾਲ-ਨਾਲ ਬਾਗ਼ ਬਗ਼ੀਚਿਆਂ ਨਾਲ ਵੀ ਬੜੀ ਗੂੜ੍ਹੀ ਸਾਂਝ ਰਹੀ ਹੈ। ਚਾਂਦੀ ਰੰਗੇ ਪਾਣੀਆਂ ਦੀ ਧਰਤ ਉੱਤੇ ਵੱਖ-ਵੱਖ ਮੌਸਮਾਂ ’ਚ ਬਿਗਸਦੀ ਉਗਮਦੀ ਬਨਸਪਤੀ, ਰੁੱਖ ਬੂਟੇ ਤੇ ਬਾਗ਼ ਬਗ਼ੀਚੇ ਇੱਥੇ ਹਮੇਸ਼ਾ ਘੁੱਗ ਵਸਦੀ ਜ਼ਿੰਦਗੀ ਦੇ ਮਿੱਠੇ-ਮਿੱਠੇ ਗੀਤ ਗੁਣਗੁਣਾਉਂਦੇ ਰਹੇ ਹਨ। ਇੱਕ ਲੋਕ ਬੋਲੀ ’ਚ ਵੀ ਇਹ ਰੰਗ ਇਸ ਤਰ੍ਹਾਂ ਮੌਜੂਦ ਹੈ :

-ਵੀਰ ਮੇਰੇ ਨੇ ਬਾਗ਼ ਲਵਾਇਆ,
ਵਿਚ ਲਵਾਈਆਂ ਕਲੀਆਂ,
ਰਾਹੀਆਂ ਨੂੰ ਮੈਂ ਰਾਹ ਪਈ ਪੁੱਛਦੀ,
ਕਿੱਥੇ ਵੀਰ ਦੀਆਂ ਗਲੀਆਂ।
-ਪਿੱਪਲ ਗਾਵੇ ਬੋਹੜ ਗਾਵੇ,
ਗਾਵੇ ਹਰਿਆਲਾ ਤੂਤ,
ਖੜ੍ਹ ਕੇ ਸੁਣ ਰਾਹੀਆ,
ਤੇਰੀ ਰੂਹ ਹੋਜੂਗੀ ਸੂਤ।

ਇਕ ਹੋਰ ਲੋਕ ਬੋਲੀ ’ਚ ਬਿਰਖਾ ਨੂੰ ਇਸ ਤਰ੍ਹਾਂ ਵਡਿਆਇਆ ਗਿਆ ਹੈ :

ਬਿਰਛਾਂ ਦੇ ਗੀਤ ਸੁਣ ਕੇ,
ਮੇਰੇ ਦਿਲ ਵਿਚ ਚਾਨਣ ਹੋਇਆ...

## ਮੌਸਮੀ ਫਲਾਂ ਦਾ ਸੁਆਦ

ਹੁਸ਼ਿਆਰਪੁਰ ਦੀ ਧਰਤੀ ਆਪਣੀ ਭੂਗੋਲਿਕ ਖ਼ਾਸੀਅਤ ਤੇ ਕੁਦਰਤੀ ਸੁਹੱਪਣ ਕਰਕੇ ਬਾਗ਼ਬਾਨੀ ਲਈ ਬੜੀ ਅਨੁਕੂਲ ਹੈ। ਸ਼ਿਵਾਲਕ ਪਹਾੜੀਆ ਦੇ ਪੈਰਾਂ ’ਚ ਵਸੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਜ਼ਿਆਦਾਤਰ ਇਲਾਕਾ ਸੇਮ ਰਹਿਤ ਤੇ ਮੈਰੇ ਸੁਭਾਅ ਦਾ ਹੋਣ ਕਰਕੇ ਇਹ ਹਰ ਤਰ੍ਹਾਂ ਦੇ ਬਿਰਖ ਬੂਟਿਆ ਦੇ ਵਧਣ ਫੁੱਲਣ ’ਚ ਜ਼ਿਆਦਾ ਮਦਦਗਾਰ ਰਿਹਾ ਹੈ। ਜ਼ਿਲ੍ਹੇ ’ਚ ਕਰੀਬ 8806 ਹੈਕਟੇਅਰ ਰਕਬਾ ਬਾਗ਼ਬਾਨੀ ਅਧੀਨ ਹੈ, ਜਿਸ ’ਚ ਸਭ ਤੋਂ ਜਿਆਦਾ ਕਿੰਨੂ ਫਿਰ ਅੰਬ ਦੇਸੀ ਤੇ ਦੁਸ਼ਿਹਰੀ ਅਤੇ ਲੀਚੀ ਦੀ ਕਾਸ਼ਤਕਾਰੀ ਲੋਕਾਂ ਨੂੰ ਵੱਖ-ਵੱਖ ਮੌਸਮਾਂ ’ਚ ਫਲਾਂ ਦਾ ਸੁਆਦ ਦੇਣ ਨਾਲ ਇਲਾਕਿਆਂ ਦੀ ਖ਼ੂਬਸੂਰਤੀ ’ਚ ਵਾਧਾ ਕਰ ਰਹੀ ਹੈ। ਵੰਡ ਤੋਂ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ ’ਚ ਰਿਆਸਤੀ ਰਾਜਿਆਂ ਨੇ ਆਪਣੀਆਂ ਆਰਾਮਗਾਹਾਂ ਵਿਚ ਅੰਬਾਂ ਤੇ ਹੋਰ ਫਲਾਂ ਦੇ ਬਾਗ਼ ਲੁਆਉਣ ਲਈ ਵੀ ਉਚੇਚੀ ਤਵੱਕੋਂ ਦਿੱਤੀ ਤੇ ਇਹ ਸਿਲਸਿਲਾ ਅੰਗਰੇਜ਼ਾਂ ਦੇ ਜ਼ਮਾਨੇ ਵੀ ਬਰਕਰਾਰ ਰਿਹਾ। ਮੁਸਲਮਾਨ ਜ਼ੈਲਦਾਰਾਂ ਤੇ ਜਾਗੀਰਦਾਰਾਂ ਨੇ ਆਪਣੀ ਰੂਹ ਦੀ ਤ੍ਰਿਪਤੀ ਲਈ ਬੜੀਆ ਰੀਝਾਂ ਨਾਲ ਅੰਬਾਂ ਦੇ ਬਾਗ਼ ਲੁਆਏ ਤੇ ਵਹਿੰਗੀਆਂ ਨਾਲ ਪਾਣੀ ਢੋਆ ਢੋਆ ਕੇ ਇਨ੍ਹਾਂ ਰੁੱਖਾਂ ਦੀ ਪਰਵਰਿਸ਼ ਕਰਵਾਈ ਸੀ। ਇੱਥੇ ਟਪਕੇ ਦੇ ਅੰਬਾਂ ਦਾ ਸੁਆਦ ਚੂਪਣ ਵਾਲੇ ਦੀ ਰੂਹ ਨੂੰ ਬਹਿਸ਼ਤ ਦੇ ਨਜ਼ਾਰੇ ਵਰਗਾ ਅਹਿਸਾਸ ਕਰਵਾਉਂਦਾ ਹੈ।

## ਅੰਬਾਂ ਦੇ ਸ਼ੌਕੀਨ ਲੋਕ

ਖ਼ੁਰਾਕੀ ਤੱਤਾਂ ਪੱਖੋਂ ਇਸ ਫਲ ’ਚ ਕਾਰਬੋਹਾਈਡਰੇਟਸ, ਸ਼ੂਗਰ, ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ, ਵਿਟਾਮਿਨ ਏਬੀਸੀ ਦੀ ਵਧੇਰੇ ਮਾਤਰਾ ਸਿਹਤ ਲਈ ਕਾਫ਼ੀ ਲਾਹੇਬੰਦ ਮੰਨੀ ਗਈ ਹੈ ਤੇ ਇਸ ਦੀ ਵਰਤੋਂ ਨਾਲ ਦਿਲ, ਮਾਸ ਪੇਸ਼ੀਆਂ ਤੇ ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ। ਦੇਸੀ ਅੰਬਾਂ ’ਚ ਕੂਕਿਆਂ ਦੀ ਛੱਲੀ, ਬਜਰੌੜ ਦੀ ਬੱਡ, ਹਰਿਆਣੇ ਦੀ ਕੰਘੀ, ਭਾਗੋਵਾਲ ਦੀ ਛੱਲੀ, ਗੋਲਾ, ਤੋਤਾਪਰੀ, ਸਫੈਦਾ, ਆੜੂ, ਸ਼ੇਖ, ਇਨਾਮੀ, ਸੰਧੂਰੀ ਛੱਲੀ, ਸੰਧੂਰੀ, ਸੌਂਫੀ, ਲੰਗੜਾ, ਲਾਲਟੈਣ, ਗਾਜਰੀ, ਸਿੱਪੀ, ਥਾਣੇਦਾਰ ਆਦਿ ਕਿਸਮਾਂ ਅਜੇ ਵੀ ਲੋਕਾਂ ’ਚ ਪ੍ਰਚਲਿਤ ਹਨ।

## ਲੋਕਾਂ ਦੀ ਕੁਦਰਤ ਨਾਲ ਸਾਂਝ

ਵਪਾਰਕ ਨੁਕਤੇ ਤੋਂ ਇਲਾਵਾ ਇਲਾਕੇ ’ਚ ਘਰੇਲੂ ਬਗ਼ੀਚਿਆਂ ’ਚ ਆਪਣੀਆਂ ਘਰੇਲੂ ਲੋੜਾਂ ਦੀ ਪੂਰਤੀ ਲਈ ਵੱਖ-ਵੱਖ ਫਲਦਾਰ ਪੌਦਿਆਂ ਦੀ ਕਾਸ਼ਤਕਾਰੀ ਸਥਾਨਿਕ ਲੋਕਾਂ ਦੀ ਕੁਦਰਤ ਨਾਲ ਸਾਂਝ ਤੇ ਜ਼ਿੰਦਗੀ ਦੇ ਸੁਹਜ ਸੁਆਦ ਨੂੰ ਮਾਨਣ ਦੀ ਰੀਝ ਨੂੰ ਬਿਆਨ ਕਰ ਦਿੰਦੀ ਹੈ। ਘਰੇਲੂ ਬਗ਼ੀਚੇ ਦੀਆਂ ਮੌਜਾਂ ਦੇ ਸ਼ੌਕੀਨਾਂ ਵੱਲੋਂ ਆਪਣੇ ਅਜਿਹੇ ਉਦਮ ਨਾਲ ਵੱਖ-ਵੱਖ ਮੌਸਮਾਂ ’ਚ ਕੁਦਰਤ ਦੇ ਅਦਭੁਤ ਜਲਬਿਆਂ ਨੂੰ ਹੀ ਨਹੀਂ ਮਾਣਿਆਂ ਜਾਂਦਾ, ਸਗੋਂ ਆਪਣੇ ਪਰਿਵਾਰਾਂ ਦੇ ਜੀਆਂ ਨੂੰ ਬਾਜ਼ਾਰਾਂ ’ਚ ਜ਼ਹਿਰਾਂ ਨਾਲ ਪਕਾਏ ਫਲਾਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ’ਚ ਵੀ ਕਾਮਯਾਬੀ ਹਾਸਲ ਕੀਤੀ ਜਾਂਦੀ ਹੈ। ਬਾਗ਼ਬਾਨੀ ਦੇ ਸ਼ੌਕ ਨਾਲ ‘ਨਾਲੇ ਪੁੰਨ ਨਾਲੇ ਫਲ਼ੀਆ’ ਅਖਾਣ ਮੁਤਾਬਿਕ ਆਪਣੀ ਆਰਥਿਕ ਮਜ਼ਬੂਤੀ ਦੇ ਨਾਲ ਧਰਤੀ ਮਾਂ ਦੀ ਗੋਦ ਤੋਂ ਘੱਟ ਰਹੇ ਰੁੱਖਾਂ ’ਤੇ ਜੰਗਲਾਂ ਦੀ ਕਮੀ, ਕੁਦਰਤੀ ਜੀਵ ਜੰਤੂਆਂ ਦੀ ਰਾਖੀ ਲਈ ਪਰਉਪਕਾਰ ਭੂਮਿਕਾ ਵੀ ਨਿਭਾਈ ਜਾ ਸਕਦੀ ਹੈ। •

98554-41787



### ਜ਼ਿੰਦਗੀ ਦੇ ਫਲਸਫ਼ੇ ਦੀ ਵਿਆਖਿਆ

*‘ਅੰਬੀਆਂ’ ਦੀ ਮਜੂਦਗੀ ਜ਼ਿੰਦਗੀ ਦੇ ਮੁਕੰਮਲ ਫਲਸਫ਼ੇ ਦੀ ਵਿਆਖਿਆ ਕਰ ਦਿੰਦੀ ਹੈ। ਫੱਗਣ ਚੇਤਰ ਦੇ ਮਹੀਨਿਆਂ ’ਚ ਅੰਬੀਆਂ ਨੂੰ ਪਏ ਬੂਰ ਮੌਕੇ ਇਨ੍ਹਾਂ ਬੂਟਿਆਂ ’ਚ ਕੋਇਲਾਂ ਦੀ ਕੂ-ਕੂ ਘੁੱਗ ਵਸਦੀ ਜ਼ਿੰਦਗੀ ਦੀਆਂ ਬਾਤਾਂ ਸੁਣਾਉਂਦੀ ਹੈ। ਬਰਸਾਤਾਂ ਦੀ ਰੁੱਤੇ ਕਈ ਬੂਟਿਆਂ ਦੀਆਂ ਚੁਗੀਆਂ ਖੱਟੀਆਂ ਤੇ ਮਿੱਠੀਆਂ ਅੰਬੀਆਂ ਜ਼ਿੰਦਗੀ ਦੇ ਮਿੱਠੇ ਤੇ ਕੌੜੇ ਤਜਰਬਿਆਂ ਦਾ ਸੁਨੇਹਾ ਹੁੰਦੀਆਂ ਹਨ। ਸੰਧੂਰੀ ਰੰਗ ਨਾਲ ਸਾਰਿਆਂ ਨੂੰ ਟੁੰਬਣ ਵਾਲੀ ਸੰਧੂਰੀ ਅੰਬੀ ਵੀ ਕਈ ਵਾਰੀ ਖੱਟੀ ਨਿਕਲ ਜਾਂਦੀ ਹੈ ਤੇ ਕਈ ਵਾਰ ਮਿੱਠੀ। ਅੰਬਾਂ ਨੂੰ ਬੂਰ ਪੈਣਾ ਜ਼ਿੰਦਗੀ ਦੀਆਂ ਸੰਭਾਵਨਾਵਾਂ ਨੂੰ ਬਿਆਨਦਾ ਹੈ, ਨ੍ਹੇਰੀਆਂ ਝੱਖੜਾਂ ’ਚ ਛੋਟੀਆਂ-ਛੋਟੀਆਂ ਅੰਬੀਆਂ ਦਾ ਪੱਕਣ ਤੋਂ ਪਹਿਲਾਂ ਝੜ-ਝੜ ਜਾਣਾ ਬੁਰੇ ਸਮੇਂ ਦੀ ਮਾਰ ਤੇ ਨਾਸ਼ਵਾਨਤਾ ਦਾ ਪ੍ਰਤੀਕ ਹੈ, ਕੱਚੇ ਅੰਬਾਂ ਤੋਂ ਸਥਾਨਿਕ ਲੋਕਾਂ ਵੱਲੋਂ ਮਲਾਜ਼ੀ ਅਚਾਰ ਬਣਾ ਕੇ ਗੁਜ਼ਾਰੇ ਕਰਨੇ ਸਾਦ ਮੁਰਾਦੀ ਜੀਵਨ ਜਾਂਚ ਦਾ ਸਬਕ ਹੈ। ਅੰਬਾਂ ਦੀਆਂ ਜੇਠ ਹਾੜ ਦੀਆਂ ਧੁੱਪਾਂ ’ਚ ਠੰਢੀਆਂ ਛਾਵਾਂ ਦੀ ਰਹਿਮਤ ਦਾ ਹੁਣ ਰੁੱਖਾਂ ਤੋਂ ਵਿਹੂਣੀ ਹੋ ਰਹੀ ਜ਼ਿੰਦਗੀ ਕੋਲ ਕੋਈ ਦੂਜਾ ਵਿਕਲਪ ਨਹੀਂ ਹੈ।*

---



# ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ...

ਪਰਮਜੀਤ ਕੌਰ ਸਰਹਿੰਦ

ਸਾਡੇ ਪਿੰਡ ਦੇ ਲੋਕ ਤਾਂ ‘ਨਮਾਣੀ ਕਾਰਸੀ’ ਨੂੰ ਵੀ ਜਿਵੇਂ ਨਿੱਕਾ ਜਿਹਾ ਤਿਉਹਾਰ ਹੀ ਬਣਾ ਲੈਂਦੇ। ਜੇਠ ਸੁਦੀ ਇਕਾਦਸ਼ੀ ਨੂੰ ਸਾਡੇ ਪੇਂਡੂ ਲੋਕ ‘ਨਮਾਣੀ ਕਾਰਸੀ’ ਕਹਿੰਦੇ ਹਨ ਉਂਜ ਇਸ ਨੂੰ ਨਿਰਜਲਾ ਇਕਾਦਸ਼ੀ ਕਿਹਾ ਜਾਂਦਾ ਹੈ। ਪਿੰਡਾਂ ਦੇ ਲੋਕ ਨਮਾਣੀ ਕਾਰਸੀ ਨੂੰ ਵੀ ਛੋਟੇ-ਮੋਟੇ ਤਿਉਹਾਰ ਵਾਂਗੂ ਮਨਾਉਂਦੇ ਸਨ। ਪਿੰਡ ਦੇ ਲੋਕ ਘਰਾਂ ਵਿੱਚੋਂ ਦੇਸੀ ਖੰਡ ਜਾਂ ਸ਼ੱਕਰ ਇਕੱਠੀ ਕਰ ਲੈਂਦੇ ਤੇ ਪਿੰਡ ਦੇ ਬਾਹਰ ਵਗਦੇ ਰਾਹ ਉੱਤੇ ਮਿੱਠੇ ਪਾਣੀ ਦੀ ਛਬੀਲ ਲਾ ਲੈਂਦੇ। ਆਉਂਦੇ-ਜਾਂਦੇ ਰਾਹੀਆਂ ਨੂੰ ਰੋਕ ਕੇ ਮਿੱਠਾ ਪਾਣੀ ਪਿਲਾਉਂਦੇ। ਮਿੱਠੇ ਵਾਲੇ ਪਾਣੀ ਵਿਚ ਥੋੜ੍ਹਾ ਜਿਹਾ ਦੁੱਧ ਮਿਲਾਇਆ ਹੁੰਦਾ ਤੇ ਉਹ ਮਿੱਠੀ ਕੱਚੀ ਲੱਸੀ ਬਣ ਜਾਂਦੀ ਜੋ ਬਹੁਤ ਹੀ ਸੁਆਦ ਹੁੰਦੀ। ਕਈ ਥਾਈਂ ਲੋਕ ਬਰਫ਼ ਦੀ ਸਿਲ ਲਿਆ ਕੇ ਬੋਰੀਆਂ ਵਿਚ ਲਪੇਟ ਰੱਖਦੇ ਤੇ ਠੰਢਾ-ਮਿੱਠਾ ਪਾਣੀ ਪਿਲਾਉਂਦੇ ਪਰ ਪੁਰਾਣੇ ਸਮੇਂ ਪਿੰਡਾਂ ਵਿਚ ਬਰਫ਼ ਛੇਤੀ ਕੀਤਿਆ ਨਹੀਂ ਸੀ ਮਿਲਦੀ। ਪਿਛਲੇ ਸਮੇਂ ਵਿਚ ਖੇਤੀ ਦੇ ਕੰਮ ਲਈ ਰੱਖੇ ਇਹ ਨੌਕਰ ਭਾਵ ਸਾਂਝੀ-ਸੀਰੀ, ਕਿਸਾਨ ਤੋਂ ਪੈਸੇ ਨਹੀਂ ਬਲਕਿ ਜਿਣਸ (ਅਨਾਜ) ਦਾ ਬਣਦਾ ਹਿੱਸਾ ਲੈਂਦੇ ਸਨ ਜੋ ਉਨ੍ਹਾਂ ਨੂੰ ਫ਼ਸਲ ਆਉਣ ਸਾਰ ਦਿੱਤਾ ਜਾਂਦਾ ਸੀ। ਇਹ ਹਿੱਸਾ ਕਿਸਾਨ ਦੀ ਫ਼ਸਲ ਵਿੱਚੋਂ ਖੇਤੀ ਦਾ ਕੰਮ ਕਰਨ ਵਾਲੇ ਘਰ ਦੇ ਜੀਆਂ, ਬਲਦਾਂ ਦੀਆਂ ਜੋਗਾਂ ਤੇ ਬੋਤਿਆਂ ਦੇ ਹਿਸਾਬ ਨਾਲ ਦਿੱਤਾ ਜਾਂਦਾ। ਜਿਵੇਂ ਕੰਮ ਕਰਨ ਵਾਲੇ ਘਰ ਦੇ ਤਿੰਨ ਜੀਅ ਹੁੰਦੇ, ਦੋ ਜੋਗਾਂ (ਚਾਰ ਬਲਦ) ਤੇ ਇਕ ਬੋਤਾ ਹੁੰਦਾ ਤਾਂ ਇਹ ਕੁੱਲ ਨੌਂ ਹਿੱਸੇ ਬਣਦੇ। ਵਰਣਨਯੋਗ ਹੈ ਕਿ ਬੋਤੇ ਦਾ ਹਿੱਸਾ ਦੁੱਗਣਾ ਹੁੰਦਾ ਅਰਥਾਤ ਤਿੰਨ ਬੰਦੇ ਤੇ ਚਾਰ ਬਲਦ, ਕੁਲ ਸੱਤ ਹਿੱਸੇ ਬਣਦੇ ਤੇ ਦੋ ਹਿੱਸੇ ਬੋਤੇ ਦੇ ਪਾ ਕੇ ਨੌਂ ਹਿੱਸੇ ਹੁੰਦੇ ਦਸਵਾਂ ਹਿੱਸਾ ਸੀਰੀ ਦਾ ਹੁੰਦਾ। ਜੇ ਕਿਸਾਨ ਦੀ ਜਿਣਸ ਦਸ ਮਣ ਹੁੰਦੀ ਤਾਂ ਇਸ ਹਿਸਾਬ ਉਸ ਦਾ ਦਸਵਾਂ ਹਿੱਸਾ ਇਕ ਮਣ (40 ਸੇਰ) ਹੁੰਦਾ। ਜੇ ਤੋਲ-ਤੁਲਾਈ ਦਾ ਕੋਈ ਫੌਰੀ ਜੁਗਾੜ ਨਾ ਹੁੰਦਾ ਤਾਂ ਪੀਪਿਆਂ ਨਾਲ ਗਿਣਤੀ-ਮਿਣਤੀ ਕਰ ਲਈ ਜਾਂਦੀ। ਜੇ ਕਿਸੇ ਸੀਰੀ ਕੋਲ ਇਕ ਬਲਦ ਹੁੰਦਾ ਤਾਂ ਉਹ ਆਪਣੇ ਬਲਦ ਦੀ ਸਾਂਝ ਪਾ ਕੇ ਇਕ ਹਿੱਸਾ ਵਧਾ ਲੈਂਦਾ। ਉਨ੍ਹਾਂ ਸਮਿਆਂ ਵਿਚ ਸੀਰੀ ਨੂੰ ਨਕਦ ਪੈਸੇ ਦੀ ਲੋੜ ਸਮੇਂ ਜ਼ਿਮੀਦਾਰ ਪੈਸੇ ਵੀ ਦੇ ਦਿੰਦਾ ਤੇ ਫ਼ਸਲ ਆਈ ਤੋਂ ਹਿਸਾਬ ਕਰ ਲੈਂਦਾ। ਆਮ ਤੌਰ ’ਤੇ ਸਾਂਝੀ-ਸੀਰੀ ਜਿਣਸ ਨਾਲ ਹੀ ਗੁਜ਼ਾਰਾ ਕਰਦੇ ਪਰ ਕਿਸੇ ਵਿਆਹ-ਸ਼ਾਦੀ ਜਾਂ ਦੁੱਖ-ਤਕਲੀਫ਼ ਸਮੇਂ ਨਕਦ ਰਾਸ਼ੀ ਲੋੜ ਅਨੁਸਾਰ ਲੈ ਲੈਂਦੇ। ਸਾਂਝੀ-ਸੀਰੀ ਦੀ ਧੀ-ਭੈਣ ਦੇ ਵਿਆਹ ਮੌਕੇ ਜ਼ਿਮੀਦਾਰ ਵੱਲੋਂ ਕੱਪੜਾ-ਲੀੜਾ ਤੇ ਹੋਰ ਮਾਇਕ ਮੱਦਦ ਕੀਤੀ ਜਾਂਦੀ। ਸੰਤ ਰਾਮ ਉਦਾਸੀ ਦਾ ਪ੍ਰਸਿੱਧ ਗੀਤ ਉਨ੍ਹਾਂ ਦੀ ਅੰਤਰੀਵ ਸਾਂਝ ਦੀ ਬਾਤ ਪਾਉਂਦਾ ਹੈ। ਗੀਤ ਦੀਆਂ ਕੁਝ ਸਤਰਾਂ ਪੇਸ਼ ਹਨ :

*ਗਲ਼ ਲੱਗ ਕੇ ਸੀਰੀ ਦੇ ਜੱਟ ਰੋਇਆ*
*ਬੋਹਲ਼ਾਂ ਵਿੱਚੋਂ ਨੀਰ ਵਗਿਆ,*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ*
*ਤੂੜੀ ਵਿੱਚੋਂ ਪੁੱਤ ਜੱਗਿਆ।*
*ਸਾਡੇ ਪਿੜ ਵਿਚ ਤੇਰੇ ਗਲ਼ ਚੀਥੜੇ*
*ਨੀ ਮੇਰੀਏ ਜੁਆਨ ਕਣਕੇ,*
*ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ*
*ਤੂੰ ਸੋਨੇ ਦਾ ਪਟੋਲਾ ਬਣਕੇ।*
*ਤੂੰ ਵੀ ਬਣ ਗਿਆ ਗ਼ਮਾਂ ਦਾ ਗਮੰਤਰੀ*
*ਓ, ਮੇਰੇ ਬੇਜ਼ੁਬਾਨ ਢੱਗਿਆ*
*ਗਲ਼ ਲੱਗ ਕੇ ਸੀਰੀ ਦੇ ਜੱਟ ਰੋਇਆ*
*ਬੋਹਲ਼ਾਂ ਵਿੱਚੋਂ ਨੀਰ ਵਗਿਆ...*

ਕਿਸਾਨ ਹਾਲ਼ੀ ਜਾਂ ਸੀਰੀ ਦਾ ਇਨ੍ਹਾਂ ਬੇਜ਼ੁਬਾਨ ਢੱਗਿਆਂ (ਬਲਦਾਂ) ਨਾਲ ਵੀ ਲੋਹੜੇ ਦਾ ਮੋਹ ਹੁੰਦਾ। ਹਲ਼ ਵਹੁੰਦਿਆਂ ਜਦੋਂ ਇਨ੍ਹਾਂ ਦੀ ਰੋਟੀ ਆਉਂਦੀ ਤਾਂ ਇਹ ਪਹਿਲਾਂ ਆਪਣੇ ਬਲਦਾਂ ਦੇ ਮੂੰਹ ਵਿਚ ਬੁਰਕੀ ਪਾਉਂਦੇ ਫਿਰ ਆਪ ਖਾਂਦੇ। ਇਹ ਮਿਹਨਤੀ ਲੋਕ ਤਨਾਂ ਦੇ ਚੀੜ੍ਹੇ ਪਰ ਮਨਾਂ ਦੇ ਨਰਮ ਹੁੰਦੇ। ਰੋਟੀ ਖਾਣ ਲੱਗੇ ਇਹ ਖੇਤ ’ਚ ਫਿਰਦੇ ਕੁੱਤੇ ਨੂੰ ਵੀ ਜ਼ਰੂਰ ਰੋਟੀ ਪਾਉਂਦੇ ਤੇ ਇਹ ਕੁੱਤੇ ਸਮੇਂ ਸਿਰ ਉੱਥੇ ਜ਼ਰੂਰ ਹਾਜ਼ਰ ਹੋ ਜਾਂਦੇ। ਕਿਸਾਨਾਂ ਦਾ ਪੱਕਾ ਅਸੂਲ ਹੁੰਦਾ ਕਿ ਉਹ ਨਵੀਂ ਆਈ ਹਰ ਫ਼ਸਲ ਵਿੱਚੋਂ ਸਰਦਾ-ਪੁੱਜਦਾ ਹਿੱਸਾ ਕਿਸੇ ਧਰਮ ਸਥਾਨ ਲਈ ਜ਼ਰੂਰ ਦਿੰਦੇ ਸਨ ਅੱਜ ਵੀ ਇਹ ਪਿਰਤ ਬਹੁਤੇ ਲੋਕਾਂ ਵਿੱਚ ਕਾਇਮ ਹੈ ਪਰ ਵਰਤਮਾਨ ਸਮੇਂ ਕਾਰਸੇਵਾ ਵਾਲੇ ਜਾਂ ਕੋਈ ਧਰਮ ਸਥਾਨਾ ਵਾਲੇ ਆਪ ਜਾ ਕੇ ਹੀ ਕਣਕ ਜਾਂ ਹੋਰ ਅਨਾਜ ਲੈ ਆਉਂਦੇ ਹਨ। ਨਮਾਣੀ ਕਾਰਸੀ ਨੂੰ ਇਨ੍ਹਾਂ ਹਾਲ਼ੀਆਂ-ਸੀਰੀਆਂ ਦਾ ਇਹ ਵੀ ਨਿਯਮ ਹੁੰਦਾ ਹੈ ਕਿ ਇਹ ਬਲਦਾਂ ਨੂੰ ‘ਛੁੱਟੀ’ ਕਰਦੇ। ਉਸ ਦਿਨ ਉਨ੍ਹਾਂ ਨੂੰ ਹਲ਼ ਜਾਂ ਖੂਹ ਨੂੰ ਨਾ ਜੋੜਿਆ ਜਾਂਦਾ ਬਲਕਿ ਉਨ੍ਹਾਂ ਨੂੰ ਖਰਖਰਾ ਆਦਿ ਕਰ ਕੇ ਸਿੰਙਾਂ ਨੂੰ ਤੇਲ ਲਾਇਆ ਜਾਂਦਾ। ਬਹੁਤ ਸਾਰੇ ਕਿਸਾਨ ਹਰ ਕਾਰਸੀ ਨੂੰ ਭਾਵ ਮਹੀਨੇ ਦੇ ਮਹੀਨੇ ਇਨ੍ਹਾਂ ਗਊ ਜਾਇਆਂ ਨੂੰ ਆਰਾਮ ਕਰਵਾਉਂਦੇ। ਭਾਵੇਂ ਅੱਜ ਦੇ ਸਮੇਂ ਬਲਦਾਂ ਨਾਲ ਖੇਤੀ ਬਹੁਤ ਘੱਟ ਕੀਤੀ ਜਾਂਦੀ ਹੈ ਪਰ ਜਿਸ ਕਿਸਾਨ ਕੋਲ ਬਲਦ ਹਨ ਉਹ ਅੱਜ ਵੀ ਕਾਰਸੀ ਦੇ ਦਿਨ ਬਲਦਾਂ ਨੂੰ ਕੰਮ ਨਹੀਂ ਲਾਉਂਦਾ। ਇਹ ਵੀ ਜ਼ਿਕਰਯੋਗ ਹੈ ਕਿ ਕਿਸਾਨ ਵੱਲੋਂ ਜੇ ਕੋਈ ਜ਼ਮੀਨ ਗਹਿਣੇ ਕੀਤੀ ਹੁੰਦੀ ਸੀ ਜਾਂ ਬੇਚੀ ਹੁੰਦੀ ਸੀ ਉਸ ਦਾ ਕਬਜ਼ਾ ਵੀ ਨਮਾਣੀ ਕਾਰਸੀ ਨੂੰ ਹੀ ਦਿੱਤਾ ਜਾ ਲਿਆ ਜਾਂਦਾ।

ਸਾਂਝੀ ਤੇ ਕਿਸਾਨ ਦੀ ਸਾਂਝ ਕਈ ਵਾਰ ਕਈ ਪੀੜ੍ਹੀਆਂ ਤਕ ਨਿਭ ਜਾਂਦਾ। ਇਨ੍ਹਾਂ ਦੀਆਂ ਮਾਵਾਂ ਜਾਂ ਪਤਨੀਆਂ ਭਾਵ ਪਰਿਵਾਰ ਵੀ ਜ਼ਿਮੀਦਾਰਾਂ ਦੇ ਖੇਤਾਂ ਜਾਂ ਘਰਾਂ ਵਿਚ ਕੰਮ ਕਰਦੀਆਂ ਉਨ੍ਹਾਂ ਨੂੰ ਵੱਖਰਾ ਮਿਹਨਤਾਨਾ ਦਿੱਤਾ ਜਾਂਦਾ। ਇਹ ਕੱਚੇ ਘਰਾਂ ਨੂੰ ਲਿੱਪਣ-ਪੋਚਣ ਤੇ ਅਨਾਜ ਪੀਹਣ-ਛੱਟਣ ਦਾ ਕੰਮ ਕਰ ਦਿੰਦੀਆਂ। ਇਸ ਤਰ੍ਹਾਂ ਕਿਸਾਨ ਤੇ ਸੀਰੀਆਂ ਦੀ ਪਰਿਵਾਰਕ ਸਾਂਝ ਬਣ ਜਾਂਦੀ। ਇਹ ਸਾਂਝੀ-ਸੀਰੀ ਮਿਹਨਤਕਸ਼ ਜਾਤੀਆਂ ਵਿੱਚੋਂ ਹੁੰਦੇ ਪਰ ਕਈ ਵਾਰ ਕਿਸੇ ਮੁਸੀਬਤ ਦਾ ਮਾਰਿਆ ਜ਼ਿਮੀਦਾਰ ਪਰਿਵਾਰ ਦਾ ਕੋਈ ਜੀਅ ਵੀ ਬਰਾਬਰ ਦੇ ਭਾਈ ਨਾਲ ਸੀਰੀ ਰਲਣ ਲਈ ਮਜਬੂਰ ਹੋ ਜਾਂਦਾ। ਇਹ ਲੋਕ ਇਸ ਦੀ ਨਮੋਸ਼ੀ ਮੰਨਦੇ। ਸੀਰੀ ਜਾਂ ਸਾਂਝੀ ਪੇਂਡੂ ਜਨਜੀਵਨ ਦਾ ਅਹਿਮ ਹਿੱਸਾ ਹੁੰਦੇ। ਅਜੋਕੇ ਸਮੇਂ ਸਾਂਝੀ-ਸੀਰੀ ਦੀ ਰਵਾਇਤ ਖ਼ਤਮ ਹੀ ਹੋ ਚੁੱਕੀ ਹੈ। ਪੁਰਾਣੇ ਸਮੇਂ ਦੇ ਸਾਂਝੀਆਂ ਵਾਲੀ ਸਾਂਝ ਕਿਸੇ ਵਿਰਲੇ ਦੀ ਹੀ ਹੈ। ਅੱਗੇ ਤੋਂ ਇਹ ਸਾਂਝੀ-ਸੀਰੀ ਸ਼ਬਦ ਕਿਤਾਬਾਂ ਵਿਚ ਹੀ ਮਿਲੇਗਾ ਅਸਲੀ ਰੂਪ ਵਿਚ ਕਿਤੇ ਨਹੀਂ ਲੱਭੇਗਾ। •

98728-98599

### ਆਤਮਾ ’ਤੇ ਪਰਦਾ

*ਪੁਰਾਣੇ ਪੇਂਡੂ ਕਿਸਾਨ ਤਬਕੇ ਲਈ ‘ਸਾਂਝੀ-ਸੀਰੀ’ ਬਹੁਤ ਮਹੱਤਵ ਰੱਖਦਾ ਸੀ ਕਿਉਂਕਿ ਉਹ ਮਸ਼ੀਨੀ ਯੁੱਗ ਨਹੀਂ ਸੀ ਤੇ ਸਾਰਾ ਕੰਮ ਹੱਥੀਂ ਕਰਨਾ ਪੈਂਦਾ ਸੀ। ਖੇਤੀ-ਪੱਤੀ ਦੇ ਕੰਮ ਲਈ ਰੱਖੇ ਕਾਮੇ ਜਾਂ ਨੌਕਰ ਨੂੰ ਸਾਂਝੀ ਜਾਂ ਸੀਰੀ ਕਿਹਾ ਜਾਂਦਾ। ਸਾਂਝੀ ਰੱਖਣ ਲਈ ਕਿਸਾਨਾਂ ਨੇ ‘ਨਮਾਣੀ ਕਾਰਸੀ’ ਦਾ ਦਿਨ ਮਿਥਿਆ ਹੁੰਦਾ। ਇਸ ਦਿਨ ਕਿਸਾਨ ਸੀਰੀ ਰਲਾਉਂਦੇ ਤੇ ਉਸ ਨਾਲ ਸਾਲ ਭਰ ਦੇ ਕੰਮ ਲਈ ਮਿਹਨਤਾਨਾ ਤਹਿ ਕਰਦੇ। ਪਹਿਲਾਂ ਤੋਂ ਕੰਮ ਕਰਦੇ ਸੀਰੀ ਨੂੰ ਦੁਬਾਰਾ ਰੱਖ ਕੇ ਨਵੇਂ ਸਿਰੇ ਤੋਂ ਹਿਸਾਬ-ਕਿਤਾਬ ਕਰਦੇ ਸਨ।*

# ਰਾਜਨਾਥ ਸਿੰਘ ਵੱਲੋਂ ਰੂਸੀ ਹਮਰੁਤਬਾ ਨਾਲ ਸੁਖੋਈ ਜੈੱਟ ਅਪਗ੍ਰੇਡ ਬਾਰੇ ਗੱਲਬਾਤ

**ਨਵੀਂ ਦਿੱਲੀ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਰੂਸੀ ਹਮਰੁਤਬਾ ਆਂਦਰੇ ਬੇਲੋਸੋਵ ਨਾਲ ਚੀਨ ਦੇ ਸ਼ਹਿਰ ਕਿੰਗਦਾਓ ਵਿੱਚ ਵਿਸ਼ੇਸ਼ ਗੱਲਬਾਤ ਕੀਤੀ ਹੈ। ਇਸ ਦੌਰਾਨ ਭਾਰਤ ਦੇ ਸੁਖੋਈ-C@MKI ਲੜਾਕੂ ਬੇੜੇ ਨੂੰ ਅਪਗ੍ਰੇਡ ਕਰਨਾ, ਹਵਾ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਉਤਪਾਦਨ ਅਤੇ S-400 ਮਿਜ਼ਾਈਲ ਪ੍ਰਣਾਲੀਆਂ ਦੀਆਂ ਦੋ ਖੇਪਾਂ ਦੀ ਤੇਜ਼ੀ ਨਾਲ ਸਪਲਾਈ ਮੁੱਖ ਮੁੱਦੇ ਰਹੇ। ਦੋਵੇਂ ਰੱਖਿਆ ਮੰਤਰੀਆਂ ਨੇ ਵੀਰਵਾਰ ਨੂੰ ਸ਼ੰਘਾਈ ਸਹਿਯੋਗ ਸੰਗਠਨ (SCO) ਦੀ ਇੱਕ ਕਨਕਲੇਵ ਦੇ ਨਾਲ-ਨਾਲ ਇੱਕ ਦੁਵੱਲੀ ਬੈਠਕ ਕੀਤੀ।



ਭਾਰਤੀ ਹਵਾਈ ਸੈਨਾ ਲਗਭਗ 260 ਸੁਖੋਈ C@-MKI ਜੈੱਟਾਂ ਦਾ ਸੰਚਾਲਨ ਕਰ ਰਹੀ ਹੈ ਅਤੇ ਉਹ ਇੱਕ ਯੋਜਨਾ ਤਹਿਤ ਬੇੜੇ ਨੂੰ ਅਪਗ੍ਰੇਡ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰੂਸੀ ਮੂਲ ਦੇ ਸੁਖੋਈ ਜੈੱਟਾਂ ਨੇ ਪਿਛਲੇ ਮਹੀਨੇ ਅਪਰੇਸ਼ਨ ਸਿੰਧੂਰ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਰੱਖਿਆ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਿੰਘ ਅਤੇ ਬੇਲੋਸੋਵ ਨੇ ਮੌਜੂਦਾ ਭੂ-ਰਾਜਨੀਤਿਕ ਸਥਿਤੀਆਂ, ਸਰਹੱਦ ਪਾਰ ਅਤਿਵਾਦ ਅਤੇ ਭਾਰਤ-ਰੂਸ ਰੱਖਿਆ ਸਹਿਯੋਗ ਸਮੇਤ ਕਈ ਵਿਸ਼ਿਆਂ ’ਤੇ ਡੂੰਘਾਈ ਨਾਲ ਚਰਚਾ ਕੀਤੀ। ਰੂਸੀ ਰੱਖਿਆ ਮੰਤਰੀ ਨੇ ਭਾਰਤ-ਰੂਸ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਬੰਧਾਂ ’ਤੇ ਜ਼ੋਰ ਦਿੱਤਾ ਅਤੇ ਭਿਆਨਕ ਅਤੇ ਕਾਇਰਤਾ ਭਰੇ ਪਹਿਲਗਾਮ ਅਤਿਵਾਦੀ ਹਮਲੇ ‘ਤੇ ਭਾਰਤ ਨਾਲ ਇਕਜੁੱਟਤਾ ਪ੍ਰਗਟਾਈ। ਰੂਸ ਪਹਿਲਾਂ ਹੀ 5.5 ਬਿਲੀਅਨ ਡਾਲਰ ਦੇ ਸੌਦੇ ਤਹਿਤ ਭਾਰਤ ਨੂੰ ਲੰਬੀ ਦੂਰੀ ਦੀਆਂ ਮਿਜ਼ਾਈਲ ਪ੍ਰਣਾਲੀਆਂ ਦੀਆਂ ਤਿੰਨ ਯੂਨਿਟਾਂ ਦੀ ਸਪਲਾਈ ਕਰ ਚੁੱਕਾ ਹੈ। ਇਨ੍ਹਾਂ ਮਿਜ਼ਾਈਲ ਪ੍ਰਣਾਲੀਆਂ ਦੀ ਵਰਤੋਂ ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ ਨਾਲ 7-10 ਮਈ ਦੇ ਫੌਜੀ ਸੰਘਰਸ਼ ਦੌਰਾਨ ਵਿਆਪਕ ਰੂਪ ਵਿੱਚ ਕੀਤੀ ਗਈ ਸੀ। ਸਿੰਘ ਨੇ SCO ਮੀਟਿੰਗ ਦੇ ਨਾਲ-ਨਾਲ ਬੇਲਾਰੂਸ, ਤਾਜਿਕਿਸਤਾਨ ਅਤੇ ਕਜ਼ਾਖ਼ਸਤਾਨ ਦੇ ਆਪਣੇ ਹਮਰੁਤਬਾ ਨਾਲ ਵੀ ਦੁਵੱਲੀਆਂ ਮੀਟਿੰਗਾਂ ਕੀਤੀਆਂ।

# ਸਿੱਖਿਆ ਖ਼ੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕਰ ਰਹੇ ਹਾਂ: ਮੁੱਖ ਮੰਤਰੀ

**➣ ਨੀਟ ਪ੍ਰੀਖਿਆ ਪਾਸ ਕਰਨ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਕੀਤਾ ਸਨਮਾਨ ➣ ਸਿੱਖਿਆ ਨੂੰ ਸਾਰੀਆਂ ਮਰਜ਼ਾਂ ਦੀ ਇਕ ਦਵਾਈ ਦੱਸਿਆ**

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਸਿੱਖਿਆ ਖ਼ੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਉੱਤੇ ਚੱਲ ਰਹੀ ਹੈ। ਨੀਟ ਪ੍ਰੀਖਿਆ ਪਾਸ ਕਰਨ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਰੱਖੇ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਖ਼ੇਤਰ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਮਿਸਾਲੀ ਤਬਦੀਲੀ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕ੍ਰਾਂਤੀਕਾਰੀ ਕਦਮਾਂ ਨਾਲ ਸਿੱਖਿਆ ਖ਼ੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ, ਜਿਸ ਕਾਰਨ ਇਨ੍ਹੀਂ ਦਿਨੀਂ ਵਿਦਿਆਰਥੀ ਹਰੇਕ ਖ਼ੇਤਰ ਵਿੱਚ ਸਫ਼ਲਤਾ ਦੇ ਝੰਡੇ ਗੱਡ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਸਰਕਾਰੀ ਸਕੂਲਾਂ ਦੇ 509 ਵਿਦਿਆਰਥੀਆਂ ਨੇ ਨੀਟ ਦੀ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਸਨਅਤ, ਖੇਡਾਂ ਤੇ ਨੌਕਰੀਆਂ ਦੇ ਨਾਲ-ਨਾਲ ਨਸ਼ਿਆਂ ਦਾ ਖ਼ਾਤਮਾ ਸੂਬਾ ਸਰਕਾਰ ਦੇ ਤਰਜੀਹੀ ਖ਼ੇਤਰਾਂ ਵਿੱਚੋਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਦਫ਼ਾ ਸੂਬਾ ਸਰਕਾਰ ਨੇ ‘ਯੁੱਧ ਨਸ਼ਿਆਂ ਵਿਰੁੱਧ’ ਦੇ ਰੂਪ ਵਿੱਚ ਵਿਆਪਕ ਲੋਕ ਲਹਿਰ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਤਰੇ ਦੀ ਜੜ੍ਹ ਵੱਢਣ ਲਈ ਹਰ ਹਰਬਾ ਵਰਤੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਸੂਬਾ ਸਰਕਾਰ ਵੱਲੋਂ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਆਪਣੀ ਸਖ਼ਤ ਮਿਹਨਤ ਤੇ ਘਾਲਣਾ ਨਾਲ ਇਸ ਅਹਿਮ ਪ੍ਰੀਖਿਆ ਨੂੰ ਪਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਹੁਣ ਪੂਰੇ ਸਮਾਜ ਲਈ ਆਦਰਸ਼ ਬਣਨਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ 70 ਸਾਲਾਂ ਤੋਂ ਫੈਲਾਈ ਬਦਅਮਨੀ ਨੂੰ ਦਰੁਸਤ ਕਰਨ ਲਈ ਸਰਕਾਰ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਕੰਮ ਸ਼ੁਰੂ ਕੀਤਾ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਦਾਸੀਨ ਰਵੱਈਏ ਕਾਰਨ ਸਾਡੇ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਰਾਹੀਂ ਮਾਪਿਆਂ ਦੇ ਸੁਪਨੇ ਸਾਕਾਰ ਹੋ ਰਹੇ ਹਨ, ਜੋ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਰਹੇ ਹਨ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਸਹੀ ਮੌਕੇ ਮੁਹੱਈਆ ਨਹੀਂ ਕੀਤੇ, ਜਿਸ ਕਾਰਨ ਜ਼ਿਆਦਾਤਰ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਸਿਆਸੀ ਆਗੂਆਂ ਦੇ ਚੋਣਾਂ ਲੜਨ ਲਈ ਉਮਰ ਦੀ ਕੋਈ ਹੱਦ ਨਹੀਂ, ਸਗੋਂ ਸਰਕਾਰੀ ਨੌਕਰੀਆਂ ਲੈਣ ਲਈ ਉਮਰ ਹੱਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਊਂਸਿਪਲ ਭਵਨ, ਜਿੱਥੇ ਅੱਜ ਦਾ ਸਮਾਗਮ ਹੋ ਰਿਹਾ ਹੈ, ਉਹ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਦਾ ਗਵਾਹ ਹੈ, ਜਿਸ ਕਾਰਨ ਇਸ ਭਵਨ ਦਾ ਨਾਮ ਹੀ ‘ਨਿਯੁਕਤੀ ਪੱਤਰ ਭਵਨ’ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਬੇਹੱਦ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸਰਕਾਰ ਨੇ 54 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉੱਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਲਈ ਚੰਗਾ ਸ਼ਗਨ ਹੈ ਕਿ ਪੰਜਾਬ ਹੁਣ ਪਰਵਾਸ ਨੂੰ ਪੁੱਠੇ ਗੇੜ ਦਾ ਗਵਾਹ ਬਣ ਰਿਹਾ ਹੈ ਕਿਉਂਕਿ ਸੂਬੇ ਵਿੱਚ ਸਰਕਾਰੀ ਨੌਕਰੀਆਂ ਮਿਲਣ ਕਾਰਨ ਹੁਣ ਨੌਜਵਾਨ ਵਿਦੇਸ਼ੀ ਧਰਤੀ ਤੋਂ ਵਾਪਸ ਆਉਣ ਲੱਗੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਰੀ ਭਰਤੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਆਧਾਰ ਉੱਤੇ ਹੋਈ ਹੈ ਅਤੇ ਇਸ ਲਈ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਅਪਣਾਈ ਗਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਜਵਾਨਾਂ ਦਾ ਸੂਬਾ ਸਰਕਾਰ ਲਈ ਕੰਮ ਕਰਨ ਵਾਸਤੇ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਉਹ ਵਿਦੇਸ਼ ਜਾਣ ਦਾ ਵਿਚਾਰ ਤਿਆਗ ਕੇ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਿਹਨਤੀ ਅਤੇ ਸੰਘਰਸ਼ੀ ਪੰਜਾਬੀ ਜੀਵਨ ਦੇ ਹਰੇਕ ਪੜਾਅ ਉੱਤੇ ਮੋਹਰੀ ਰਹੇ ਹਨ ਅਤੇ ਸੂਬੇ ਕੋਲ ਜਰਖੇਜ਼ ਜ਼ਮੀਨ ਤੇ ਸਾਹਸੀ ਲੋਕਾਂ ਦਾ ਸਰਮਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਬਹੁਤ ਸਾਰੇ ਹੁਸ਼ਿਆਰ ਨੌਜਵਾਨ ਦੇਸ਼ ਛੱਡ ਕੇ ਵਿਦੇਸ਼ਾਂ ਦੀ ਧਰਤੀ ਉੱਤੇ ਜਾ ਵਸੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਜਦੋਂ ਤੋਂ ਹਾਲਾਤ ਸੁਧਾਰਨ ਦੀ ਸ਼ੁਰੂਆਤ ਕੀਤੀ ਹੈ, ਉਦੋਂ ਤੋਂ ਵੱਡੀ ਗਿਣਤੀ ਵਿਦਿਆਰਥੀ ਸਰਕਾਰੀ ਨੌਕਰੀਆਂ ਵਿੱਚ ਸ਼ਾਮਲ ਹੋ ਕੇ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਦਾ ਅਨਿੱਖੜਵਾਂ ਅੰਗ ਬਣ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣਾਉਣ ਲਈ ਨੌਜਵਾਨਾਂ ਦਾ ਸਰਗਰਮ ਸਹਿਯੋਗ ਤੇ ਤਾਲਮੇਲ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਮਿਸਾਲੀ ਤਬਦੀਲੀ ਤਹਿਤ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐਮ.) ਕਰਵਾਈ ਗਈ। ਪਹਿਲਾਂ ਪ੍ਰਾਈਵੇਟ ਸਕੂਲਾਂ ਵਿੱਚ ਅਜਿਹੀਆਂ ਮਿਲਣੀਆਂ ਹੁੰਦੀਆਂ ਸਨ ਅਤੇ ਸਰਕਾਰੀ ਸਕੂਲ ਇਨ੍ਹਾਂ ਤੋਂ ਵਾਂਝੇ ਸਨ। ਉਨ੍ਹਾਂ ਕਿਹਾ ਕਿ ਇਹ ਬਿਹਤਰੀਨ ਜੁਗਤ ਹੈ, ਜਿਸ ਰਾਹੀਂ ਮਾਪਿਆਂ ਤੇ ਅਧਿਆਪਕਾਂ ਵਿਚਾਲੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਬਿਹਤਰ ਤਾਲਮੇਲ ਪੈਦਾ ਹੁੰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਨੂੰ ਹੋਰ ਹੁਲਾਰਾ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਮੁੱਖ ਮੰਤਰੀ ਦੇ ਕਾਫ਼ਲੇ ਦੀਆਂ ਗੱਡੀਆਂ ’ਚ ਡੀਜ਼ਲ ਦੀ ਥਾਂ ਪਾਇਆ ਪਾਣੀ, ਰਾਹ ’ਚ ਰੁਕੇ 19 ਵਾਹਨ



**ਰਤਲਾਮ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਦੇ ਰਤਲਾਮ ਦੌਰੇ ਦੌਰਾਨ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਉਨ੍ਹਾਂ ਦੇ ਕਾਫਲੇ ਵਿੱਚ ਸ਼ਾਮਲ 19 ਇਨੋਵਾ ਦੋਸੀਗਾਂਓ ਦੇ ਪੈਟਰੋਲ ਪੰਪ ਤੋਂ ਡੀਜ਼ਲ ਭਰਵਾਉਣ ਤੋਂ ਬਾਅਦ ਅੱਧੇ ਰਸਤੇ ਵਿੱਚ ਹੀ ਰੁਕ ਗਈਆਂ।

ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਘਟਨਾ ਬੀਤੀ ਰਾਤ ਲਗਭਗ 10 ਵਜੇ ਵਾਪਰੀ। ਮੁੱਖ ਮੰਤਰੀ ਦੇ ਕਾਫਲੇ ਦੀਆਂ ਗੱਡੀਆਂ ਨੇ ਸ਼ਹਿਰ ਦੀ ਹੱਦ ‘ਤੇ ਸਥਿਤ ਭਾਰਤ ਪੈਟਰੋਲੀਅਮ ਦੇ ਸ਼ਕਤੀ ਫਿਊਲਜ਼ ਪੈਟਰੋਲ ਪੰਪ ਤੋਂ ਡੀਜ਼ਲ ਭਰਵਾਇਆ ਸੀ। ਡੀਜ਼ਲ ਭਰਵਾਉਣ ਤੋਂ ਬਾਅਦ ਜਦੋਂ ਗੱਡੀਆਂ ਅੱਗੇ ਵਧੀਆਂ, ਤਾਂ ਕੁਝ ਦੂਰ ਜਾ ਕੇ ਇੱਕ-ਇੱਕ ਕਰਕੇ ਬੰਦ ਹੋ ਗਈਆਂ।

ਇਸ ਤੋਂ ਬਾਅਦ ਗੱਡੀਆਂ ਨੂੰ ਧੱਕਾ ਮਾਰ ਕੇ ਸੜਕ ਦੇ ਕਿਨਾਰੇ ਖੜ੍ਹਾ ਕਰਨਾ ਪਿਆ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਜਾਂਚ ਦੌਰਾਨ ਖੁਲਾਸਾ ਹੋਇਆ ਕਿ ਕਾਰਾਂ ਦੀਆਂ ਡੀਜ਼ਲ ਟੈਂਕੀਆਂ ਵਿਚ 20 ਲਿਟਰ ਡੀਜ਼ਲ ’ਚ ਕਰੀਬ ਅੱਧਾ ਪਾਣੀ ਮਿਲਿਆ ਹੋਇਆ ਸੀ। ਇਹ ਜਾਣਕਾਰੀ ਮਿਲਦੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਭਾਜੜਾਂ ਪੈ ਗਈਆਂ।

ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਪੈਟਰੋਲ ਪੰਪ ਨੂੰ ਸੀਲ ਕਰ ਦਿੱਤਾ ਹੈ ਅਤੇ ਤੇਲ ਦੇ ਨਮੂਨੇ ਜਾਂਚ ਲਈ ਭੇਜ ਦਿੱਤੇ ਗਏ ਹਨ। ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕੀ ਇਹ ਗਲਤੀ ਮੀਂਹ ਦਾ ਪਾਣੀ ਟੈਂਕੀ ਵਿੱਚ ਲੀਕ ਹੋਣ ਕਾਰਨ ਹੋਈ ਹੈ ਜਾਂ ਇਹ ਕਿਸੇ ਦੀ ਲਾਪਰਵਾਹੀ ਦਾ ਨਤੀਜਾ ਹੈ।

ਇਨ੍ਹਾਂ ਗੱਡੀਆਂ ਦੇ ਖ਼ਰਾਬ ਹੋਣ ਕਾਰਨ ਬਦਲਵੀਆਂ ਗੱਡੀਆਂ ਇੰਦੌਰ ਤੋਂ ਮੰਗਾਈਆਂ ਗਈਆਂ ਸਨ। ਮਾਮਲੇ ਦੀ ਜਾਂਚ ਜਾਰੀ ਹੈ।

# ਕੰਮ ਵਾਲੀ ਥਾਂ ’ਤੇ ਐਚਆਰ ਦੀ ਭੂਮਿਕਾ ਬਹੁਤ ਮਹੱਤਵਪੂਰਨ

## ਪੀਐਚਡੀਸੀਸੀਆਈ ਨੇ ਕੀਤਾ ਐਚ ਕਨਕਲੇਵ ਅਤੇ ਐਚਆਰ ਐਕਸੀਲੈਂਸ ਰਿਕੋਗਨੀਸ਼ਨ ਦਾ ਆਯੋਜਨ

**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਅੱਜ ਇੱਥੇ ਆਯੋਜਿਤ ਕੀਤੇ ਗਏ 5ਵੇਂ ਐਚਆਰ ਕਨਕਲੇਵ ਅਤੇ ਐਚਆਰ ਐਕਸੀਲੈਂਸ ਰਿਕੋਗਨੀਸ਼ਨ ਦੇ ਦੌਰਾਨ ਉੱਤਰ ਭਾਰਤ ਤੋਂ ਆਏ ਐਚਆਰ ਪ੍ਰੋਫੈਸ਼ਨਲਸ ਨੇ ਕਿਹਾ ਕਿ ਕਿਸੇ ਵੀ ਸਮੂਹ ਜਾਂ ਦਫਤਰ ਵਿੱਚ ਐਚਆਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਪੀਐਚਡੀਸੀਸੀਆਈ ਹਰਿਆਣਾ ਸਟੇਟ ਚੈਪਟਰ ਦੇ ਸਹਿ-ਚੇਅਰਮੈਨ ਲੋਕੇਸ਼ ਜੈਨ ਨੇ ਉਦਘਾਟਨੀ ਸੈਸ਼ਨ ਵਿੱਚ ਐਚਆਰ ਪ੍ਰਬੰਧਨ ਵਿੱਚ ਕਰਮਚਾਰੀ ਤਜ਼ਰਬੇ ਨੂੰ ਤਰਜੀਹ ਦੇਣ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਗੁੱਡ ਪੀਪਲ ਰਿਲੇਸ਼ਨਜ਼ ਦੇ ਸੰਸਥਾਪਕ ਡਾ. ਜੀਪੀ ਰਾਓ ਨੇ ਸੰਗਠਨਾਤਮਕ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਐਚਆਰ ਦੀ ਉਭਰਦੀ ਭੂਮਿਕਾ ਬਾਰੇ ਦੱਸਿਆ। ਉਨ੍ਹਾਂ ਨੇ ਐਚਆਰ ਨੂੰ ਚੁਸਤ, ਦੂਰਦਰਸ਼ੀ ਅਤੇ ਕਰਮਚਾਰੀ ਵਿਕਾਸ ਅਤੇ ਸੰਗਠਨਾਤਮਕ ਸਫਲਤਾ ਨੂੰ ਉਤਸ਼ਾਹਿਤ ਕਰਨ ’ਤੇ ਕੇਂਦ੍ਰਿਤ ਹੋਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਐਚਆਰ ਕਨਕਲੇਵ 2025 ਦੇ ਪ੍ਰਧਾਨ ਅਤੇ ਸਿੰਪਲੀ ਗਰੁੱਪ ਦੇ ਮੈਨੇਜਿੰਗ ਪਾਰਟਨਰ ਰਜਨੀਸ਼ ਸਿੰਘ ਨੇ ਮੌਜੂਦਾ ਸਥਿਤੀ ਵਿੱਚ ਬਦਲਦੇ ਪਹਿਲੂਆਂ ਦੇ ਅਨੁਕੂਲ ਹੋਣ ਵਿੱਚ ਐਚਆਰ ਪੇਸ਼ੇਵਰਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਮੌਕਿਆਂ ’ਤੇ ਜ਼ੋਰ ਦਿੱਤਾ। ਫਿਊਚਰ ਰੈਡੀ ਵਰਕਫੋਰਸ ’ਤੇ ਇੱਕ ਸੈਸ਼ਨ ਦਾ ਸੰਚਾਲਨ ਤਨੂਸ਼੍ਰੀ ਗੁਪਤਾ, ਐਚਆਰ ਕੰਸਲਟੈਂਟ ਵੱਲੋਂ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਲੋੜੀਂਦੇ ਨਵੇਂ ਹੁਨਰਾਂ ’ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਹੋਰ ਬੁਲਾਰਿਆਂ ਜਿਵੇਂ ਕਿ ਸ਼੍ਰੀਮਤੀ ਅੰਮ੍ਰਿਤਾ ਸਿੰਘ ਹੈੱਡ ਐਚਆਰ, ਡੇਂਸੋ ਟੇਨ ਯੂਨੋ ਮਿੰਡਾ, ਜੇਪੀ ਸਿੰਘ, ਵੀਪੀ ਅਤੇ ਗਰੁੱਪ ਹੈੱਡ ਐਚਆਰ, ਗ੍ਰੋਜ਼ ਇੰਜੀਨੀਅਰਿੰਗ ਟੂਲਸ ਪ੍ਰਾਈਵੇਟ ਲਿਮਟਿਡ, ਆਕਾਸ਼ ਠਾਕੁਰ, ਵਾਈਸ ਪ੍ਰੈਜ਼ੀਡੈਂਟ ਅਤੇ ਹੈੱਡ ਕਾਰਪੋਰੇਟ ਐਚਆਰ, ਵਰਧਮਾਨ ਟੈਕਸਟਾਈਲਜ਼ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਜੀਪੀ ਰਾਓ ਨੇ ਵੀ ਇਪਸ਼ਿਤਾ ਕਾਜਲਾ ਦੁਆਰਾ ਸੰਚਾਲਿਤ ਫਾਇਰ ਸਾਈਡ ਚੈਟ ਵਿੱਚ ਵਿਭਿੰਨਤਾ ਸਮਾਨਤਾ ਅਤੇ ਸ਼ਮੂਲੀਅਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਐਚਆਰ ਪੇਸ਼ੇਵਰਾਂ ਲਈ ਕਰਮਚਾਰੀ ਭਲਾਈ ਸਭ ਤੋਂ ਮਹੱਤਵਪੂਰਨ ਵਿਸ਼ਾ ਸ਼੍ਰੀਮਤੀ ਸਿਮਰਦੀਪ ਕੌਰ, ਸੀਐਚਆਰਓ, ਮੈਕਸ ਇੰਡੀਆ ਅਤੇ ਅੰਤਰਾ ਸੀਨੀਅਰ ਲਿਵਿੰਗ, ਸ਼੍ਰੀਮਤੀ ਨਿਧੀਸ਼ਯਾਮ, ਪ੍ਰਮੁੱਖ ਐਚਆਰ, ਪ੍ਰੇਮਾਸ ਲਾਈਫ ਸਾਇੰਸਿਜ਼, ਸ਼੍ਰੀਮਤੀ ਦੇਬਜਾਨੀ ਦਾਸਗੁਪਤਾ, ਪ੍ਰਮੁੱਖ ਐਚਆਰ, ਮਹਲੇ ਆਨੰਦ ਫਿਲਟਰ ਸਿਸਟਮ, ਸ਼੍ਰੀ ਅਨੁਪਮ ਬਿਸਵਾਲ, ਸੰਸਥਾਪਕ, ਦ ਲਾਸਟ ਮਾਈਲ ਕੇਅਰ ਬੁਲਾਰਿਆਂ ਵਜੋਂ ਸ਼ਾਮਲ ਹੋਏ।



ਐਚਆਰ ਐਕਸੀਲੈਂਸ ਰਿਕੋਗਨੀਸ਼ਨ ਅਵਾਰਡ ਸਮਾਰੋਹ ਦੌਰਾਨ ਜਿਊਰੀ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਸਭ ਤੋਂ ਵਧੀਆ ਅਭਿਆਸਾਂ ਲਈ 10 ਐਚਆਰ ਟੀਮਾਂ ਨੂੰ ਸਨਮਾਨਿਤ ਕੀਤਾ। ਮਹੱਤਵਪੂਰਨ ਜੇਤੂਆਂ ਵਿੱਚੋਂ, ਕ੍ਰਿਸਟਲ ਕ੍ਰੌਪ ਪ੍ਰੋਟੈਕਸ਼ਨ ਲਿਮਟਿਡ ਨੂੰ ਸਾਲ 2024 ਦੀ ਐਚਆਰ ਟੀਮ ਚੁਣਿਆ ਗਿਆ।

# ਕੋਲਕਾਤਾ ਦੇ ਕਾਲਜ ’ਚ ਵਿਦਿਆਰਥਣ ਨਾਲ ‘ਸਮੂਹਿਕ ਜਬਰ-ਜਨਾਹ’, 3 ਗ੍ਰਿਫ਼ਤਾਰ

**ਕੋਲਕਾਤਾ, 28 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਲਕਾਤਾ ਦੇ ਇੱਕ ਲਾਅ ਕਾਲਜ ਵਿਚ ਇਕ ਵਿਦਿਆਰਥਣ ਨਾਲ ਇੱਕ ਸਾਬਕਾ ਵਿਦਿਆਰਥੀ ਵੱਲੋਂ ਸੰਸਥਾ ਦੇ ਅੰਦਰ ਕਥਿਤ ਤੌਰ ‘ਤੇ ਜਬਰ-ਜਨਾਹ ਕੀਤਾ ਗਿਆ, ਜਦੋਂ ਕਿ ਵਿਦਿਅਕ ਸੰਸਥਾ ਦੇ ਦੋ ਸੀਨੀਅਰ ਵਿਦਿਆਰਥੀਆਂ ਨੇ ਇਸ ਕਾਰੇ ਵਿਚ ਮੁੱਖ ਮੁਲਜ਼ਮ ਦੀ ਮਦਦ ਕੀਤੀ। ਇਹ ਜਾਣਕਾਰੀ ਇੱਕ ਪੁਲੀਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਦਿੱਤੀ ਹੈ। ਪੁਲੀਸ ਵੱਲੋਂ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਨ੍ਹਾਂ ਨੂੰ ਚਾਰ ਦਿਨਾਂ ਲਈ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੁਲੀਸ ਨੇ ਕਿਹਾ ਕਿ ਪੀੜਤ ਦਾ ਨਿਆਂਇਕ ਮੈਜਿਸਟਰੇਟ ਦੇ ਸਾਹਮਣੇ ਗੁਪਤ ਬਿਆਨ ਲੈਣ ਦੀ ਪ੍ਰਕਿਰਿਆ ਵੀ ਚੱਲ ਰਹੀ ਸੀ। ਸਾਊਥ ਕਲਕੱਤਾ ਲਾਅ ਕਾਲਜ ਵਿੱਚ ਹੋਈ ਇਸ ਭਿਆਨਕ ਘਟਨਾ ਨੇ ਪਿਛਲੇ ਸਾਲ ਅਗਸਤ ਵਿੱਚ ਸ਼ਹਿਰ ਦੇ ਆਰਜੀ ਕਰ ਮੈਡੀਕਲ ਕਾਲਜ ਦੇ ਅੰਦਰ ਇੱਕ ਇੰਟਰਨ ਨਾਲ ਬਲਾਤਕਾਰ ਅਤੇ ਕਤਲ ਦੀ ਘਟਨਾ ਦੀਆਂ ਭਿਆਨਕ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ, ਜਿਸ ਕਾਰਨ ਸਿਆਸੀ ਤੌਰ ’ਤੇ ਵੀ ਭਾਰੀ ਹਲਚਲ ਪੈਦਾ ਹੋ ਗਈ ਸੀ। ਕਾਲਜ ਦੇ ਸੂਤਰਾਂ ਨੇ ਦੱਸਿਆ ਕਿ ਹਾਲ ਹੀ ਵਿੱਚ ਵਾਪਰੀ ਘਟਨਾ ਦਾ ਮੁੱਖ ਮੁਲਜ਼ਮ ਕਾਲਜ ਦਾ ਇੱਕ ਸਾਬਕਾ ਵਿਦਿਆਰਥੀ ਹੈ ਅਤੇ ਹੈਰਾਨੀਜਨਕ ਢੰਗ ਨਾਲ ਉਹ ਅਲੀਪੁਰ ਪੁਲੀਸ ਅਤੇ ਸੈਸ਼ਨ ਅਦਾਲਤ ਵਿਚ ਕ੍ਰਿਮੀਨਲ ਵਕੀਲ ਵਜੋਂ ਪ੍ਰੈਕਟਿਸ ਕਰ ਰਿਹਾ ਹੈ। ਪੁਲੀਸ ਨੇ ਪੁਸ਼ਟੀ ਕੀਤੀ ਕਿ ਦੂਜੇ ਦੋਵੇਂ ਮੁਲਜ਼ਮ ਸੰਸਥਾ ਦੇ ਹੀ ਵਿਦਿਆਰਥੀ ਹਨ ਅਤੇ ਪੀੜਤਾ ਦੇ ਸੀਨੀਅਰ ਹਨ।

# ਮਜੀਠੀਆ ਦੀਆਂ ਮੁਸ਼ਕਲਾਂ ਵਧੀਆਂ; ਪੁਲਿਸ ਨੂੰ ਧਮਕਾਉਣ ਦੇ ਦੋਸ਼ ਹੇਠ ਕੇਸ ਦਰਜ ਕਰਨ ਦੀ ਤਿਆਰੀ

**ਮੁਹਾਲੀ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜੀਲੈਂਸ ਵੱਲੋਂ ਬੀਤੇ ਦਿਨੀਂ ਡਰੱਗ ਮਨੀ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਅਕਾਲੀ ਆਗੂ ਬਿਕਰਮ ਮਜੀਠੀਆ ਦੀਆਂ ਮੁਸ਼ਕਲਾਂ ਵਧਣ ਲੱਗੀਆਂ ਹਨ। ਪੁਲੀਸ ਨੇ ਅਕਾਲੀ ਆਗੂ ਖਿਲਾਫ਼ ਇੱਕ ਹੋਰ ਐੱਫਆਈਆਰ ਦਰਜ ਕਰਨ ਦੀ ਤਿਆਰੀ ਖਿੱਚ ਲਈ ਹੈ। ਮਜੀਠੀਆ ਦੇ ਘਰ ’ਤੇ ਛਾਪੇਮਾਰੀ ਦੌਰਾਨ ਉਨ੍ਹਾਂ ਦੇ ਸਮਰਥਕਾਂ ਨੇ ਕਥਿਤ ਤੌਰ ’ਤੇ ਪੁਲੀਸ ਵਿਰੁੱਧ ਹਿੰਸਾ ਭੜਕਾਈ, ਜਿਸ ਕਾਰਨ ਕਈ ਗੰਭੀਰ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਜਾਂਚ ਟੀਮ ਨੇ ਮਜੀਠੀਆ ’ਤੇ ਵਿਜੀਲੈਂਸ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ, ਧੱਕਾ-ਮੁੱਕੀ, ਸਬੂਤਾਂ ਨੂੰ ਨਸ਼ਟ ਕਰਨ ਦੀ ਸਾਜ਼ਿਸ਼ ਘੜਨ ਅਤੇ ਆਪਣੇ ਸਮਰਥਕਾਂ ਨੂੰ ਪੁਲੀਸ ’ਤੇ ਹਮਲੇ ਲਈ ਉਕਸਾਉਣ ਦਾ ਦੋਸ਼ ਲਗਾਇਆ ਹੈ। ਵਿਜੀਲੈਂਸ ਟੀਮ ਨੂੰ ਜਾਣਕਾਰੀ ਮਿਲੀ ਸੀ ਕਿ ਮਜੀਠੀਆ ਦੇ ਘਰ ’ਤੇ ਕੇਸ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਮੌਜੂਦ ਹਨ। ਵਿਜੀਲੈਂਸ ਟੀਮ ਦੀ ਸ਼ਿਕਾਇਤ ਮੁਤਾਬਕ ਮਜੀਠੀਆ ਦੇ ਸਮਰਥਕਾਂ ਨੂੰ ਵਿਜੀਲੈਂਸ ਟੀਮ ਵੱਲੋਂ ਕੀਤੀ ਜਾਂਚ ਵਿਚ ਅੜਿੱਕਾ ਪਾਉਣ ਲਈ ਉਕਸਾਇਆ ਗਿਆ ਅਤੇ ਟੀਮ ’ਤੇ ਹਮਲਾ ਇਸ ਲਈ ਕੀਤਾ ਗਿਆ ਤਾਂ ਜੋ ਉਨ੍ਹਾਂ ਨੂੰ ਮਹੱਤਵਪੂਰਨ ਸਬੂਤ ਇਕੱਠੇ ਕਰਨ ਤੋਂ ਰੋਕਿਆ ਜਾ ਸਕੇ।



ਇਹ ਜਾਇਦਾਦ ਕਥਿਤ 540 ਕਰੋੜ ਦੇ ਡਰੱਗ ਮਨੀ ਨਾਲ ਜੁੜੇ ਇੱਕ ਮਾਮਲੇ ਦੀ ਜਾਂਚ ਨਾਲ ਸਬੰਧਤ ਹੈ। ਦੱਸਿਆ ਜਾਂਦਾ ਹੈ ਕਿ ਮਜੀਠੀਆ ਦੀ ਇਸੇ ਰਿਹਾਇਸ਼ ’ਤੇ ਕੌਮਾਂਤਰੀ ਨਸ਼ਾ ਤਸਕਰ ਠਹਿਰਦੇ ਸਨ, ਜਿੱਥੇ ਮਜੀਠੀਆ ਦੇ ਸਮਰਥਕਾਂ ਨੇ ਵਿਜੀਲੈਂਸ ਟੀਮ ਦੀ ਜਾਂਚ ਵਿੱਚ ਅੜਿੱਕਾ ਪਾਇਆ ਸੀ।

ਇਸ ਤੋਂ ਪਹਿਲਾਂ ਵੀਰਵਾਰ ਨੂੰ ਮੁਹਾਲੀ ਦੀ ਅਦਾਲਤ ਵਿੱਚ ਵਿਜੀਲੈਂਸ ਵੱਲੋਂ ਪੇਸ਼ ਹੋਏ ਵਕੀਲ ਫੈਰੀ ਸੋਫਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਜਾਗਰ ਕੀਤਾ ਸੀ ਕਿ ਬਿਕਰਮ ਮਜੀਠੀਆ ਵੱਲੋਂ ਆਪਣੀ ਰਿਹਾਇਸ਼ ਵਿਖੇ ਵਿਜੀਲੈਂਸ ਅਧਿਕਾਰੀਆਂ ਦੀ ਟੀਮ ਨੂੰ ਧਮਕੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਸੀ ਕਿ ਇਹ ਸਾਰਾ ਮਾਮਲਾ ਮਾਨਯੋਗ ਅਦਾਲਤ ਵਿੱਚ ਵੀ ਰੱਖਿਆ ਗਿਆ ਹੈ।

ਵਕੀਲ ਫੈਰੀ ਸੋਫਤ ਵੱਲੋਂ ਇਹ ਵੀ ਕਿਹਾ ਗਿਆ ਸੀ ਕਿ ਸ੍ਰੀ ਮਜੀਠੀਆ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਸੋਸ਼ਲ ਮੀਡੀਆ ਉੱਤੇ ਆਪਣੀਆਂ ਪੋਸਟਾਂ ਵਿੱਚ ਅਜਿਹੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਅਤੇ ਉਨ੍ਹਾਂ ਦਾਅਵਾ ਵੀ ਕੀਤਾ ਸੀ ਕਿ ਇਸ ਮਾਮਲੇ ਨੂੰ ਮਾਣਯੋਗ ਅਦਾਲਤ ਨੇ ਗੰਭੀਰਤਾ ਨਾਲ ਸੁਣਿਆ ਹੈ।

# ਹਾਈ ਕੋਰਟ ਨੇ ਆਸਾਰਾਮ ਦੀ ਅੰਤਰਿਮ ਜ਼ਮਾਨਤ 7 ਜੁਲਾਈ ਤੱਕ ਵਧਾਈ



**ਅਹਿਮਦਾਬਾਦ, 28 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਸਵੈ-ਘੋਸ਼ਿਤ ਸੰਤ ਆਸਾਰਾਮ ਨੂੰ 2013 ਦੇ ਜਬਰ ਜਨਾਹ ਕੇਸ ਵਿੱਚ ਮਿਲੀ ਅੰਤ੍ਰਿਮ ਜ਼ਮਾਨਤ ਨੂੰ 7 ਜੁਲਾਈ ਤੱਕ ਵਧਾ ਦਿੱਤੀ ਹੈ। ਇਸ ਕੇਸ ਵਿਚ ਉਹ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜਸਟਿਸ ਇਲੇਸ਼ ਵੋਰਾ ਅਤੇ ਸੰਦੀਪ ਭੱਟ ਦੀ ਡਿਵੀਜ਼ਨ ਬੈਂਚ ਨੇ ਅਰਜ਼ੀ ਦੀ ਸੁਣਵਾਈ ਦੌਰਾਨ 28 ਮਾਰਚ ਨੂੰ ਤਿੰਨ ਮਹੀਨਿਆਂ ਲਈ ਦਿੱਤੀ ਗਈ ਅੰਤਰਿਮ ਜ਼ਮਾਨਤ ਵਿੱਚ ਇਹ ਵਾਧਾ ਕੀਤਾ ਕੀਤਾ ਹੈ।

86 ਸਾਲਾ ਆਸਾਰਾਮ ਮੈਡੀਕਲ ਆਧਾਰ ’ਤੇ ਜ਼ਮਾਨਤ ’ਤੇ ਹੈ।

# ਤਰਨ ਤਾਰਨ ਤੋਂ ਵਿਧਾਇਕ ਡਾ.ਕਸ਼ਮੀਰ ਸਿੰਘ ਸੋਹਲ ਦਾ ਦੇਹਾਂਤ



**ਚੰਡੀਗੜ੍ਹ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨ ਤਾਰਨ ਅਸੈਂਬਲੀ ਹਲਕੇ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ(66) ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ, ਜਿਸ ਕਰਕੇ ਉਹ ਸਿਆਸੀ ਸਰਗਰਮੀਆਂ ਤੋਂ ਦੂਰ ਸਨ।

ਉਨ੍ਹਾਂ ਅੰਮ੍ਰਿਤਸਰ ਦੇ ਐਸਕੋਰਟ ਹਸਪਤਾਲ ਵਿਚ ਆਖਰੀ ਸਾਹ ਲਏ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਨਵਜੋਤ ਕੌਰ ਹੁੰਦਲ, ਇੱਕ ਪੁੱਤਰ ਅਤੇ ਧੀ ਹਨ। ਉਨ੍ਹਾਂ ਦੇ ਦੋਵੇਂ ਬੱਚੇ ਡਾਕਟਰ ਹਨ। ਉਨ੍ਹਾਂ 2022 ਦੀ ਚੋਣ ਵਿੱਚ ਅਕਾਲੀ ਦਲ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਅਤੇ ਕਾਂਗਰਸ ਪਾਰਟੀ ਦੇ ਡਾ. ਧਰਮਵੀਰ ਅਗਨੀਹੋਤਰੀ ਨੂੰ ਹਰਾਇਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ ’ਤੇ ਇਕ ਪੋਸਟ ਵਿਚ ਸੋਹਲ ਦੇ ਦੇਹਾਂਤ ’ਤੇ ਦੁੱਖ ਜਤਾਇਆ ਹੈ।

# ਪੀ.ਐਸ.ਪੀ.ਸੀ.ਐਲ. ਡਾਇਰੈਕਟਰ ਜਸਬੀਰ ਸਿੰਘ ਸੂਰ ਸਿੰਘ ਨੇ ਕਿਹਾ, ਤਰਸ ਦੇ ਆਧਾਰ ’ਤੇ ਨੌਕਰੀਆਂ ਦੇ ਪੈਂਡਿੰਗ ਮਾਮਲੇ ਜਲਦ ਨਿਪਟਾਓ

**ਰੋਜ਼ਾਨਾ ਪ੍ਰਗਤੀ ਦੀ ਨਿਗਰਾਨੀ ਦਾ ਐਲਾਨ; HR ਵਿਭਾਗ ਨੂੰ ਯੋਗ ਕੇਸਾਂ ’ਤੇ ਤੇਜ਼ੀ ਨਾਲ ਕੰਮ ਕਰਨ ਦੇ ਨਿਰਦੇਸ਼**

**ਚੰਡੀਗੜ੍ਹ/ਪਟਿਆਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ (ਪ੍ਰਸ਼ਾਸਨ) ਜਸਬੀਰ ਸਿੰਘ ਸੂਰ ਸਿੰਘ ਨੇ ਸ਼ੁੱਕਰਵਾਰ ਨੂੰ ਪਟਿਆਲਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਜ਼ੋਨਾਂ ਵਿੱਚ ਤਰਸ ਦੇ ਆਧਾਰ ’ਤੇ ਪੈਂਡਿੰਗ ਪਏ ਨੌਕਰੀਆਂ ਦੇ ਮਾਮਲਿਆਂ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਸਾਰੇ ਜ਼ੋਨਾਂ ਦੇ ਮੁੱਖ ਦਫ਼ਤਰਾਂ ਦੇ ਸੀਨੀਅਰ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਦਾ ਮੁੱਖ ਮਕਸਦ ਪ੍ਰਕਿਰਿਆ ਨੂੰ ਤੇਜ਼ ਕਰਨਾ ਅਤੇ ਯੋਗ ਬਿਨੈਕਾਰਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨਾ ਸੀ।



ਮੀਟਿੰਗ ਦੌਰਾਨ, ਡਾਇਰੈਕਟਰ ਸੂਰ ਸਿੰਘ ਨੇ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਵਿੱਚ ਤਰਸ ਦੇ ਆਧਾਰ ’ਤੇ ਨੌਕਰੀਆਂ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਨ੍ਹਾਂ ਮਾਮਲਿਆਂ ਨੂੰ ਪਹਿਲ ਦੇ ਆਧਾਰ ’ਤੇ ਨਿਪਟਾਉਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਕਾਫੀ ਗਿਣਤੀ ਵਿੱਚ ਅਸਾਮੀਆਂ ਖਾਲੀ ਹਨ, ਜਿਨ੍ਹਾਂ ਨੂੰ ਯੋਗ ਬਿਨੈਕਾਰਾਂ ਦੀ ਸਹਾਇਤਾ ਲਈ ਤੁਰੰਤ ਭਰਿਆ ਜਾ ਸਕਦਾ ਹੈ।

ਉਨ੍ਹਾਂ ਨੇ ਖਾਸ ਤੌਰ ’ਤੇ ਮਨੁੱਖੀ ਸਰੋਤ ਵਿਭਾਗ ਨੂੰ ਪੈਂਡਿੰਗ ਮਾਮਲਿਆਂ ਨੂੰ ਖਤਮ ਕਰਨ ਲਈ ਤੇਜ਼ੀ ਨਾਲ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, “ਤਰਸ ਦੇ ਆਧਾਰ ’ਤੇ ਨੌਕਰੀਆਂ ਦੀ ਮੰਗ ਕਰਨ ਵਾਲੇ ਬਿਨੈਕਾਰਾਂ ਨੇ ਮੁਸ਼ਕਲ ਸਮਿਆਂ ਵਿੱਚ ਬਹੁਤ ਹਿੰਮਤ ਦਿਖਾਈ ਹੈ। ਇਹ ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਦੇ ਕੇਸਾਂ ’ਤੇ ਕੁਸ਼ਲਤਾ ਨਾਲ ਕੰਮ ਕਰੀਏ ਅਤੇ ਉਨ੍ਹਾਂ ਨੂੰ ਉਹ ਮੌਕੇ ਮਿਲਣ ਜਿਨ੍ਹਾਂ ਦੇ ਉਹ ਹੱਕਦਾਰ ਹਨ।

ਜਵਾਬਦੇਹੀ ਅਤੇ ਕੰਮ ਵਿੱਚ ਤੇਜ਼ੀ ਲਿਆਉਣ ਲਈ, ਡਾਇਰੈਕਟਰ ਸੂਰ ਸਿੰਘ ਨੇ ਐਲਾਨ ਕੀਤਾ ਕਿ ਉਹ ਇਨ੍ਹਾਂ ਮਾਮਲਿਆਂ ਦੀ ਪ੍ਰਗਤੀ ਦੀ ਰੋਜ਼ਾਨਾ ਨਿਗਰਾਨੀ ਕਰਨਗੇ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਦੇਰੀ ਜਾਂ ਲਾਪਰਵਾਹੀ ਤੋਂ ਬਚਣ ਦੀ ਚੇਤਾਵਨੀ ਦਿੱਤੀ, ਨਾਲ ਹੀ ਕਿਹਾ ਕਿ ਲੋੜ ਪੈਣ ’ਤੇ ਸਖਤ ਜਵਾਬਦੇਹੀ ਲਾਗੂ ਕੀਤੀ ਜਾਵੇਗੀ।

ਉਨ੍ਹਾਂ ਨੇ ਜ਼ੋਨਲ ਮੁਖੀਆਂ ਅਤੇ ਕਰਮਚਾਰੀਆਂ ਨੂੰ ਮਿਸ਼ਨ-ਮੋਡ ਪਹੁੰਚ ਅਪਣਾਉਣ ਅਤੇ ਸਾਰੀਆਂ ਸਬੰਧਤ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਵਿਭਾਗੀ ਤਾਲਮੇਲ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਇੱਕ ਪਾਰਦਰਸ਼ੀ ਅਤੇ ਸਮਾਂਬੱਧ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੌਜੂਦਾ ਨੀਤੀਆਂ ਅਨੁਸਾਰ ਸਿਰਫ ਅਸਲੀ ਅਤੇ ਯੋਗ ਉਮੀਦਵਾਰਾਂ ਨੂੰ ਹੀ ਨਿਯੁਕਤ ਕੀਤਾ ਜਾਵੇ।

ਡਾਇਰੈਕਟਰ (ਪ੍ਰਸ਼ਾਸਨ) ਜਸਬੀਰ ਸਿੰਘ ਸੂਰ ਸਿੰਘ ਨੇ ਸਰਕਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਪੰਜਾਬ ਦੇ ਮੁੱਖ ਮੰਤਰੀ ਮਾਨਯੋਗ ਸ. ਭਗਵੰਤ ਸਿੰਘ ਮਾਨ ਦੇ ਲਗਾਤਾਰ ਸਮਰਥਨ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਪ੍ਰਗਤੀਸ਼ੀਲ ਅਤੇ ਲੋਕ-ਪੱਖੀ ਪਹੁੰਚ ਨੇ ਨਾ ਸਿਰਫ ਤਰਸ ਦੇ ਆਧਾਰ ’ਤੇ ਨੀਤੀਆਂ ਨੂੰ ਮਜ਼ਬੂਤ ਕੀਤਾ ਹੈ, ਬਲਕਿ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ’ਤੇ ਵੀ ਧਿਆਨ ਕੇਂਦ੍ਰਿਤ ਕੀਤਾ ਹੈ। ਉਨ੍ਹਾਂ ਕਿਹਾ, “ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਕੋਈ ਵੀ ਯੋਗ ਪਰਿਵਾਰ ਸਹਾਇਤਾ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਨੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਿਰੰਤਰ ਮਾਰਗਦਰਸ਼ਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਕਰਮਚਾਰੀ ਭਲਾਈ ਪ੍ਰਤੀ ਵਚਨਬੱਧਤਾ ਸੰਗਠਨ ਨੂੰ ਪ੍ਰੇਰਿਤ ਕਰਦੀ ਹੈ। ਉਨ੍ਹਾਂ ਕਿਹਾ, “ਬਿਜਲੀ ਮੰਤਰੀ ਦੀ ਦੂਰਅੰਦੇਸ਼ੀ ਅਗਵਾਈ ਹੇਠ, PSPCL ਨੇ ਮਹੱਤਵਪੂਰਨ HR ਮਾਮਲਿਆਂ, ਜਿਸ ਵਿੱਚ ਤਰਸ ਦੇ ਆਧਾਰ ’ਤੇ ਨੌਕਰੀਆਂ ਸ਼ਾਮਲ ਹਨ, ਨੂੰ ਹੱਲ ਕਰਨ ਲਈ ਸਰਗਰਮ ਕਦਮ ਚੁੱਕੇ ਹਨ। ਕਰਮਚਾਰੀਆਂ ਦੇ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ’ਤੇ ਉਨ੍ਹਾਂ ਦਾ ਨਿਰੰਤਰ ਜ਼ੋਰ ਸਾਨੂੰ ਨਵੇਂ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ।

ਮੀਟਿੰਗ ਸਾਰੇ ਜ਼ੋਨਲ ਨੁਮਾਇੰਦਿਆਂ ਦੀ ਤਰਫੋਂ ਪੈਂਡਿੰਗ ਕੇਸਾਂ ਨੂੰ ਤੇਜ਼ ਕਰਨ ਅਤੇ PSPCL ਦੇ ਤਰਸ ਭਰੇ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦੀ ਪੱਕੀ ਸਮੂਹਿਕ ਵਚਨਬੱਧਤਾ ਨਾਲ ਸਮਾਪਤ ਹੋਈ।

# ਵਿਜੀਲੈਂਸ ਕਾਰਵਾਈ ’ਤੇ ਸਵਾਲ ਲਾਲਪੁਰਾ ਨੇ ਪੁੱਛਿਆ: ਕੀ ਭਗਵੰਤ ਮਾਨ ਦੀ ਸਰਕਾਰ ਤਿੰਨ ਸਾਲਾਂ ਤੋਂ ਸੁੱਤੀ ਪਈ ਸੀ ?

**ਰੂਪ ਨਗਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਸੰਸਦੀ ਬੋਰਡ ਦੇ ਮੈਂਬਰ ਡਾ. ਇਕਬਾਲ ਸਿੰਘ ਲਾਲਪੁਰਾ ਨੇ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ’ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ, ਜੇਕਰ ਸਰਕਾਰ ਕੋਲ ਕੋਈ ਠੋਸ ਅਤੇ ਜਾਇਜ਼ ਸਬੂਤ ਹਨ, ਤਾਂ ਇਸਨੂੰ ਜਨਤਕ ਕਿਉਂ ਨਹੀਂ ਕੀਤਾ ਗਿਆ ? ਅਤੇ ਜੇਕਰ ਕੋਈ ਸਬੂਤ ਨਹੀਂ ਹੈ, ਤਾਂ ਇਹ ਗ੍ਰਿਫ਼ਤਾਰੀ ਸਿਰਫ਼ ਸਿਆਸੀ ਬਦਲੇ ਦੀ ਪ੍ਰਤੀਕ ਹੈ।



ਉਨ੍ਹਾਂ ਤਿੱਖਾ ਸਵਾਲ ਕੀਤਾ, ਸਰਕਾਰ ਤਿੰਨ ਸਾਲਾਂ ਤੱਕ ਚੁੱਪ ਕਿਉਂ ਰਹੀ ? ਕੀ ਉਦੋਂ ਕਾਨੂੰਨ ਸੁੱਤਾ ਪਿਆ ਸੀ ਅਤੇ ਹੁਣ ਚੋਣ ਰਾਜਨੀਤੀ ਦੇ ਦਬਾਅ ਹੇਠ ਅਚਾਨਕ ਜਾਗ ਗਿਆ ਹੈ ? ਡਾ. ਲਾਲਪੁਰਾ ਨੇ ਇਹ ਵੀ ਯਾਦ ਦਿਵਾਇਆ ਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇੱਕ ਵਾਰ ਮਜੀਠੀਆ ਤੋਂ ਮੁਆਫੀ ਮੰਗੀ ਸੀ – ਤਾਂ ਹੁਣ ਇਹ ਅਚਾਨਕ ਕਾਰਵਾਈ ਕਿਉਂ ?

ਡਾ. ਲਾਲਪੁਰਾ ਨੇ ਕਿਹਾ ਕਿ ਹੁਣ ਤੱਕ ਕਈ ਐਸ.ਆਈ.ਟੀ. ਬਣਾਈਆਂ ਗਈਆਂ ਹਨ, ਪਰ ਕੋਈ ਭਰੋਸੇਯੋਗ ਅਤੇ ਪਾਰਦਰਸ਼ੀ ਸਬੂਤ ਸਾਹਮਣੇ ਨਹੀਂ ਆਏ ਹਨ।

ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਵਿੱਚ ਵਿਰੋਧੀ ਧਿਰ ਨੂੰ ਦਬਾਉਣ ਲਈ ਕਾਨੂੰਨ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨਾ ਸਿਰਫ਼ ਮੁੱਖ ਮੰਤਰੀ ਵਜੋਂ, ਸਗੋਂ ਗ੍ਰਹਿ ਮੰਤਰੀ ਵਜੋਂ ਵੀ ਅਸਫਲ ਰਹੇ ਹਨ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਅੱਜ ਪੰਜਾਬ ਦੀ ਸਥਿਤੀ 1975 ਦੀ ਐਮਰਜੈਂਸੀ ਵਰਗੀ ਹੈ – ਜਿੱਥੇ ਸਰਕਾਰ ਦਾ ਅਸਲ ਉਦੇਸ਼ ਵਿਰੋਧੀ ਧਿਰ ਨੂੰ ਡਰਾਉਣਾ ਅਤੇ ਕੁਚਲਣਾ ਹੈ। ਡਾ. ਲਾਲਪੁਰਾ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਰਾਜਨੀਤਿਕ ਤੌਰ ’ਤੇ ਪ੍ਰੇਰਿਤ ਕਾਰਵਾਈ ਲੋਕਤੰਤਰ ਨੂੰ ਕਮਜ਼ੋਰ ਕਰਦੀ ਹੈ। ਨਿਆਂ ਹੋਣਾ ਚਾਹੀਦਾ ਹੈ – ਸਖ਼ਤੀ ਅਤੇ ਨਿਰਪੱਖਤਾ ਨਾਲ, ਪਰ ਬਿਨਾਂ ਕਿਸੇ ਪੱਖਪਾਤ ਦੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਬਿਕਰਮ ਸਿੰਘ ਮਜੀਠੀਆ ਦੋਸ਼ੀ ਹੈ, ਤਾਂ ਉਸਨੂੰ ਸਭ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ – ਕਾਨੂੰਨ ਸਾਰਿਆਂ ’ਤੇ ਬਰਾਬਰ ਲਾਗੂ ਹੋਣਾ ਚਾਹੀਦਾ ਹੈ। ਪਰ ਉਨ੍ਹਾਂ ਇੱਕ ਮਹੱਤਵਪੂਰਨ ਸਵਾਲ ਉਠਾਇਆ: ਆਮ ਆਦਮੀ ਪਾਰਟੀ ਦੇ ਚਾਰ ਵਿਧਾਇਕਾਂ ਵਿਰੁੱਧ ਹੁਣ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ਜਿਨ੍ਹਾਂ ’ਤੇ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਗਏ ਹਨ ? ਕੀ ਕਾਨੂੰਨ ਸਿਰਫ਼ ਵਿਰੋਧੀ ਧਿਰ ਲਈ ਹੈ ਅਤੇ ਸੱਤਾਧਾਰੀ ਧਿਰ ਨੂੰ ਛੋਟ ਹੈ ? ਇਹ ਦੋਹਰਾ ਮਾਪਦੰਡ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਹੈ ਅਤੇ ਨਿਆਂ ਪ੍ਰਣਾਲੀ ਦੀ ਨਿਰਪੱਖਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

# ਗੈਂਗਸਟਰ ਭਗਵਾਨਪੁਰੀਆ ਦੇ ਪਰਿਵਾਰ ’ਤੇ ਹੋਏ ਜਾਨਲੇਵਾ ਹਮਲੇ ਦੀ CCTV ਫੁਟੇਜ ਆਈ ਸਾਹਮਣੇ

**ਬਟਾਲਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਅਤੇ ਚਚੇਰੇ ਭਰਾ ਨੂੰ ਵੀਰਵਾਰ ਦੇਰ ਰਾਤ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਪੁਲੀਸ ਸੂਤਰਾਂ ਦਾ ਦਾਅਵਾ ਹੈ ਕਿ ਭਗਵਾਨਪੁਰੀਆ ਦੀ ਮਾਂ ਹਰਜੀਤ ਕੌਰ, ਜੋ ਬਟਾਲਾ-ਡੇਰਾ ਬਾਬਾ ਨਾਨਕ ਰੋਡ ‘ਤੇ ਸਥਿਤ ਭਗਵਾਨਪੁਰੀਆ ਦੇ ਜੱਦੀ ਪਿੰਡ ਭਗਵਾਨਪੁਰ ਦੀ ਸਾਬਕਾ ਸਰਪੰਚ ਸੀ ਅਤੇ ਉਸ ਦਾ ਭਤੀਜਾ ਕਰਨਵੀਰ ਸਿੰਘ ਬਟਾਲਾ-ਕਾਦੀਆਂ ਰੋਡ ‘ਤੇ ਆਪਣੀ ਰਿਹਾਇਸ਼ ਦੇ ਸਾਹਮਣੇ ਆਪਣੀ ਐਸਯੂਵੀ ਵਿੱਚ ਬੈਠੇ ਹੀ ਸਨ ਕਿ ਦੋ ਵਿਅਕਤੀ ਮੋਟਰਸਾਈਕਲ ‘ਤੇ ਆਏ ਅਤੇ ਉਨ੍ਹਾਂ ‘ਤੇ ਗੋਲੀਆਂ ਚਲਾ ਦਿੱਤੀਆਂ।

ਹਮਲਾਵਰ ਗੱਡੀ ਦੇ ਨੇੜੇ ਆਏ ਅਤੇ ਭੱਜਣ ਤੋਂ ਪਹਿਲਾਂ ਲਗਭਗ 15 ਗੋਲੀਆਂ ਚਲਾਈਆਂ। ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਨੇ ਇਸ ਘਟਨਾ ਨੂੰ ਕੈਦ ਕਰ ਲਿਆ। ਸ਼ਹਿਰ ਦੇ ਸਭ ਤੋਂ ਰੁਝੇਵੇਂ ਵਾਲੇ ਇਲਾਕਿਆਂ ਵਿੱਚੋਂ ਇੱਕ ਇਸ ਸੜਕ ਉੱਤੇ ਕੀਤੀ ਗਈ ਗੋਲੀਬਾਰੀ ਦੀ ਇੱਕ ਵੀਡੀਓ ਜਲਦੀ ਹੀ ਵਾਇਰਲ ਹੋ ਗਈ ਹੈ।

ਪੁਲਿਸ ਨੇ ਮੁਲਜ਼ਮਾਂ ਨੂੰ ਫੜਨ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਰਾਹਗੀਰਾਂ ਨੇ ਦੋਵਾਂ ਜ਼ਖਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਤਾਂ ਤੁਰੰਤ ਪੁਲੀਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ ਗਿਆ।

ਕਰਨਵੀਰ ਹਸਪਤਾਲ ਜਾਂਦੇ ਸਮੇਂ ਰਸਤੇ ਵਿੱਚ ਹੀ ਦਮ ਤੋੜ ਗਿਆ। ਹਰਜੀਤ ਕੌਰ, ਜਿਸ ਨੂੰ ਡਾਕਟਰਾਂ ਨੇ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਰੈਫਰ ਕੀਤਾ ਸੀ, ਦੀ ਵੀ ਰਾਹ ਵਿੱਚ ਹੀ ਮੌਤ ਹੋ ਗਈ।

ਗੋਲੀਬਾਰੀ ਤੋਂ ਕੁਝ ਘੰਟਿਆਂ ਬਾਅਦ ਇੱਕ ਸੋਸ਼ਲ ਮੀਡੀਆ ਪੋਸਟ ਸਾਹਮਣੇ ਆਈ ਜਿਸ ਵਿੱਚ ਦਵਿੰਦਰ ਬੰਬੀਹਾ ਗੈਂਗ ਨੇ ਅਪਰਾਧ ਦੀ ਜ਼ਿੰਮੇਵਾਰੀ ਲਈ ਹੈ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਬੰਬੀਹਾ ਦੇ ਅੱਧਾ ਦਰਜਨ ਤੋਂ ਵੱਧ ਸਾਥੀ ਅਤੇ ਦੋਸਤ ਹਨ, ਜਿਨ੍ਹਾਂ ਵਿੱਚ ਕੁਝ ਵਿਦੇਸ਼ ਵਿੱਚ ਰਹਿੰਦੇ ਹਨ ਅਤੇ ਕੁਝ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜੋ ਉਸਦੇ ਗੈਂਗ ਨੂੰ ਚਲਾ ਰਹੇ ਹਨ ਅਤੇ ਸੋਸ਼ਲ ਮੀਡੀਆ ‘ਤੇ ਆਪਣੀਆਂ ਗਤੀਵਿਧੀਆਂ ਨੂੰ ਨਿਯਮਿਤ ਤੌਰ ‘ਤੇ ਅਪਡੇਟ ਕਰ ਰਹੇ ਹਨ।

ਬੰਬੀਹਾ ਦੇ ਗੈਂਗ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੇ ਗੁਰਪ੍ਰੀਤ ਸਿੰਘ ਉਰਫ਼ ਗੋਰਾ ਬਰਿਆਰ ਦੇ ਕਤਲ ਦਾ ਬਦਲਾ ਲੈਣ ਲਈ ਦੋਵਾਂ ਨੂੰ ਗੋਲੀ ਮਾਰ ਦਿੱਤੀ ਹੈ। ਮਈ ਵਿੱਚ ਭਗਵਾਨਪੁਰੀਆ ਗੈਂਗ ਦੇ ਮੈਂਬਰਾਂ ਨੇ ਘੁਮਾਣ-ਸ੍ਰੀਹਰਗੋਬਿੰਦਪੁਰ ਸੜਕ ‘ਤੇ ਇੱਕ ਪੈਟਰੋਲ ਪੰਪ ਦੇ ਨੇੜੇ ਹੋਈ ਗੋਲੀਬਾਰੀ ਵਿੱਚ ਉਸ ਨੂੰ ਮਾਰ ਦਿੱਤਾ ਸੀ।

# ਪੰਜਾਬੀ ਲੋਕਧਾਰਾ ਦੇ ਮੁੱਢਲੇ ਵਿਗਿਆਨੀ



ਜੋਗਿੰਦਰ ਸਿੰਘ ਕੈਰੋਂ (ਡਾ.)
ਮੋਬਾਈਲ : 97804-51372

## ਡਾ.ਵਣਜਾਰਾ ਬੇਦੀ



ਡਾ. ਵਣਜਾਰਾ ਬੇਦੀ ਦਾ ਜਨਮ ਸੁੰਦਰ ਸਿੰਘ ਦੇ ਘਰ ਧਿਆਨ ਕੋਟ ਵਿਚ ਹੋਇਆ। ਜੋ ਕਲਕੱਤੇ ਵਿਖੇ ਨੌਕਰੀ ਕਰਦੇ ਸਨ। ਉਨ੍ਹਾਂ ਦਾ ਜਨਮ 28 ਨਵੰਬਰ, 1924 ਨੂੰ ਹੋਇਆ ਪਰੰਤੂ ਸਰਟੀਫ਼ਿਕੇਟਾਂ ਅਨੁਸਾਰ ਉਨ੍ਹਾਂ ਦਾ ਜਨਮ 1 ਅਪ੍ਰੈਲ, 1925 ਦਰਜ ਹੈ।

ਉਹ ਆਪ ਲਿਖਦੇ ਹਨ ਕਿ 'ਮੈਨੂੰ ਮਾਣ ਹੈ ਗੁਰੂ ਨਾਨਕ ਦੀ ਕੁਲ ਵਿਚ ਜਨਮ ਲੈਣ ਦਾ, ਜੋ ਨਾ ਤਾਂ ਕਿਸੇ ਵਿਸ਼ਨੂੰ ਤੋਂ ਦੇਵ-ਅੰਸ਼ ਲੋਕ ਧਰਤੀ ਉੱਤੇ ਆਏ ਸਨ ਅਤੇ ਨਾ ਹੀ ਕਿਸੇ ਰਾਜੇ ਦੇ ਘਰ ਜਨਮੇ ਸਨ, ਉਹ ਤਾਂ ਲੋਕਾਂ ਵਿੱਚੋਂ ਸਨ ਤੇ ਉਨ੍ਹਾਂ ਵਿੱਚੋਂ ਹੀ ਉਠਕੇ ਮਨੁੱਖ ਤੋਂ ਗੁਰੂ, ਗੁਰੂ ਤੋਂ ਵਾਹਿਗੁਰੂ, ਭਾਵ ਸ੍ਰਿਸ਼ਟੀ ਦੇ ਸਿਰਜਣਹਾਰ ਤੇ ਬ੍ਰਹਿਮੰਡਾਂ ਦੀ ਮੂਲ ਸ਼ਕਤੀ ਬਣ ਗਏ ਸਨ। ਉਨ੍ਹਾਂ ਨੇ ਦੇਵੀ-ਦੇਵਤਿਆਂ ਨੂੰ ਨਹੀਂ, ਮਨੁੱਖ ਨੂੰ ਵਡਿਆਇਆ ਹੈ।'

ਡਾ. ਵਣਜਾਰਾ ਬੇਦੀ ਹੋਰਾਂ ਦੀ ਬਹੁਤੀ ਜਾਣ-ਪਛਾਣ ਦੀ ਲੋੜ ਨਹੀਂ। ਇਕ ਤਾਂ ਇਸ ਕਰਕੇ ਕਿ ਲੋਕ ਧਾਰਾ ਨਾਲ ਸਬੰਧਿਤ ਹਰ ਵਿਅਕਤੀ ਉਨ੍ਹਾਂ ਬਾਰੇ ਜਾਣ ਦਾ ਹੈ। ਦੂਜਾ ਇਸ ਕਰਕੇ ਵੀ ਕਿ ਉਨ੍ਹਾਂ ਨੇ ਆਪਣੀ ਜੀਵਨੀ ਨਾਲ ਸਬੰਧਿਤ ਚਾਰ ਪੁਸਤਕਾਂ ਸਵੈ-ਜੀਵਨੀ ਦੇ ਰੂਪ ਵਿਚ, ਅੱਧੀ ਮਿੱਟੀ ਅੱਧਾ ਸੋਨਾ (1979), ਮੇਰੇ ਰਾਹਾਂ ਦੇ ਰੰਗ (1982), ਮੇਰਾ ਨਾਨਕਾ ਪਿੰਡ (1984), ਗਲੀਏ ਚਿੱਕੜ ਦੂਰਿ ਘਰੁ (1985) ਛਪਵਾਈਆਂ ਹਨ।

ਇਨ੍ਹਾਂ ਪੁਸਤਕਾਂ ਵਿਚ ਉਨ੍ਹਾਂ ਨੇ ਆਪਣੀ ਜੀਵਨੀ ਨਾਲ ਸਬੰਧਿਤ ਵੇਰਵਿਆਂ ਨੂੰ ਬੜੀ ਬਾਰੀਕੀ ਅਤੇ ਵਿਸ਼ਾਲਤਾ ਨਾਲ ਪੇਸ਼ ਕੀਤਾ ਹੈ। ਫਿਰ ਵੀ ਇਸ ਪੁਸਤਕ ਦੀ ਲੋੜ ਮੁਤਾਬਕ ਅਸੀਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਦੇਣਾ ਜ਼ਰੂਰੀ ਸਮਝਦੇ ਹਾਂ। ਭਾਵੇਂ ਇਹ ਜਾਣਕਾਰੀ ਵੀ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਉੱਪਰ ਹੀ ਆਧਾਰਤ ਹੈ।

ਡਾ.ਵਣਜਾਰਾ ਬੇਦੀ ਨੂੰ ਬਚਪਨ ਵਿਚ ਹੀ ਲੋਕ-ਕਹਾਣੀਆਂ ਸੁਣਨ ਦਾ ਅਤੇ ਰਾਸ ਲੀਲਾ ਜਾਂ ਨਟ-ਨਟੀ ਦੇ ਤਮਾਸ਼ੇ ਵੇਖਣ ਦਾ ਬਹੁਤ ਸ਼ੌਕ ਸੀ। ਡਾ.ਵਣਜਾਰਾ ਬੇਦੀ ਦਾ ਕੰਮ ਤਕਰੀਬਨ ਲੋਕਧਾਰਾ ਦੀਆਂ ਸਾਰੀਆਂ ਵੰਨਗੀਆਂ ਉੱਪਰ ਮਿਲਦਾ ਹੈ ਪਰੰਤੂ ਉਨ੍ਹਾਂ ਦੇ ਸਾਰੇ ਕਾਰਜ ਉੱਪਰ ਧਿਆਨ ਮਾਰਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਲੋਕ-ਕਹਾਣੀਆਂ ਉੱਪਰ ਉਨ੍ਹਾਂ ਦਾ ਕਾਰਜ ਬੜਾ ਵਿਗਿਆਨਕ ਅਤੇ ਇਤਿਹਾਸਕ ਭਾਂਤ ਦਾ ਹੈ। ਉਨ੍ਹਾਂ ਨੇ ਜਿੱਥੇ ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਕਹਾਣੀਆਂ ਨੂੰ ਇਕੱਤਰ ਕਰਨ ਅਤੇ ਪਰਿਭਾਸ਼ਤ ਕਰਨ ਵਿਚ ਯੋਗਦਾਨ ਪਾਇਆ ਹੈ ਉੱਥੇ ਉਨ੍ਹਾਂ ਨੇ ਲੋਕ ਕਹਾਣੀਆਂ ਦੀ ਵਰਗ ਵੰਡੀ ਕੀਤੀ ਹੈ।

ਡਾ.ਵਣਜਾਰਾ ਬੇਦੀ ਦੀ ਲੋਕਧਾਰਾਈ ਸ਼ਾਸਤਰੀ ਵਜੋਂ ਉਨ੍ਹਾਂ ਦੀ ਸੂਝ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਲੋਕ ਸਾਹਿਤ ਦੀ ਜਿਹੜੀ ਵੰਨਗੀ ਜਾਂ ਰੂਪ ਜਿਸ ਪਾਸੋਂ ਵੀ ਸੁਣਿਆਂ ਉਸ ਦਾ ਵੇਰਵਾ ਜ਼ਰੂਰ ਦਿੱਤਾ ਹੈ। ਡਾ. ਵਣਜਾਰਾ ਬੇਦੀ ਸਰੀਰਕ ਤੌਰ 'ਤੇ ਭਾਵੇ ਸਾਡੇ ਤੋਂ ਵਿਛੜ ਗਏ ਹਨ ਪਰੰਤੂ ਉਹ ਆਪਣੇ ਲੋਕਧਾਰਾ ਦੇ ਮਹਾਨ ਕਾਰਜ ਕਰਕੇ ਸਦਾ ਹੀ ਸਾਡੀ ਯਾਦ ਵਿਚ ਬਣੇ ਰਹਿਣਗੇ। •

## ਡਾ.ਮਹਿੰਦਰ ਸਿੰਘ ਰੰਧਾਵਾ



ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ ਸਤੰਬਰ 1908 ਨੂੰ ਆਪਣੇ ਭਰਾ ਰਾਜਿੰਦਰ ਸਿੰਘ ਦੇ ਨਾਲ ਹੀ ਸ਼ੇਰ ਸਿੰਘ ਤਹਿਸੀਲਦਾਰ ਦੇ ਘਰ ਹੋਇਆ। ਇੰਜ ਮਹਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਦੋਵੇਂ ਜੌੜੇ ਭਰਾ ਸਨ। ਕੁਝ ਦੇਰ ਇਹ ਆਪਣੇ ਜੱਦੀ ਪਿੰਡ ਹੀ ਰਹੇ ਪ੍ਰੰਤੂ ਇਨ੍ਹਾਂ ਦੇ ਪਿਤਾ ਸ਼ੇਰ ਸਿੰਘ, ਜਿਹੜੇ ਕਿ ਉਸ ਸਮੇਂ ਤਹਿਸੀਲਦਾਰ ਸਨ, ਦੀ ਬਦਲੀ ਜਦ ਕਰਤਾਰਪੁਰ ਹੋ ਗਈ ਤਾਂ ਇਹ ਦੋਵੇਂ ਭਰਾ ਵੀ ਉਨ੍ਹਾਂ ਦੇ ਨਾਲ ਹੀ ਕਰਤਾਰਪੁਰ ਆ ਗਏ। ਜਿੱਥੇ ਦੋਹਾਂ ਭਰਾਵਾਂ ਨੂੰ ਗੌਰਮਿੰਟ ਹਾਈ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ।

1946 ਤੋਂ 1948 ਤਕ ਆਪ ਦਿੱਲੀ ਦੇ ਡਿਪਟੀ ਕਮਿਸ਼ਨਰ ਰਹੇ। ਅਕਤੂਬਰ, 1948 ਨੂੰ ਉਹ ਪੰਜਾਬ ਪਰਤ ਆਏ ਅਤੇ ਅੰਬਾਲੇ ਦੇ ਡਿਪਟੀ ਕਮਿਸ਼ਨਰ ਨਿਯੁਕਤ ਹੋਏ। ਇੱਥੇ ਆਪਣੇ ਪਾਕਿਸਤਾਨੀ ਪੰਜਾਬ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਵਸੇਬੇ ਲਈ ਬੜਾ ਕੰਮ ਕੀਤਾ। ਉਸ ਤੋਂ ਬਾਅਦ ਆਪ ਪੰਜਾਬ ਦੇ ਵਿਕਾਸ ਕਮਿਸ਼ਨਰ ਲੱਗ ਗਏ। ਉਨ੍ਹਾਂ ਨੇ ਆਪਣੀਆਂ ਕਈ ਸਕੀਮਾਂ ਨਾਲ ਪੰਜਾਬ ਨੂੰ ਵਿਕਾਸ ਦੇ ਰਾਹ ਪਾਇਆ। ਇਸੇ ਸਮੇਂ ਹੀ ਆਪ ਦੀ ਮੁਲਾਕਾਤ ਪਰਤਾਪ ਸਿੰਘ ਕੈਰੋਂ ਨਾਲ ਹੋਈ। ਆਪ ਦੀ ਸੂਝ ਅਤੇ ਮਿਹਨਤ ਨੇ ਸ. ਕੈਰੋਂ ਉੱਪਰ ਬੜਾ ਚੰਗਾ ਪ੍ਰਭਾਵ ਪਾਇਆ ਅਤੇ ਜਦ ਪਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਮਹੱਤਵਪੂਰਨ ਅਹੁਦਿਆਂ ਉੱਪਰ ਲਗਾ ਕੇ ਚੰਗੇ-ਚੰਗੇ ਕੰਮ ਕਰਵਾਏ। ਇਹੋ ਸਮਾਂ ਸੀ ਜਦ ਉਨ੍ਹਾਂ ਨੇ ਪੰਜਾਬ, ਹਰਿਆਣਾ, ਕਾਂਗੜਾ ਤੇ ਕੁੱਲੂ ਦੇ ਲੋਕ-ਗੀਤ ਇਕੱਠੇ ਕਰਨ ਦਾ ਮਨ ਬਣਾਇਆ। 'ਕੁੱਲੂ ਦੇ ਲੋਕ ਗੀਤ' ਡਾ. ਰੰਧਾਵਾ ਨੇ ਨਵੰਬਰ 1955 ਵਿਚ ਪ੍ਰਕਾਸ਼ਿਤ ਕਰਵਾਈ। ਇਸ ਪੁਸਤਕ ਦਾ ਪੈਟਰਨ ਵੀ ਉਨ੍ਹਾਂ ਨੇ 'ਕਾਂਗੜੇ ਦੇ ਲੋਕ-ਗੀਤ' ਪੁਸਤਕ ਵਰਗਾ ਹੀ ਰੱਖਿਆ। 'ਹਰਿਆਣੇ ਦੇ ਲੋਕ-ਗੀਤ' ਉਨ੍ਹਾਂ ਦੀ ਇਕ ਹੋਰ ਪੁਸਤਕ ਹੈ। ਇਹ ਪੁਸਤਕ ਵੀ ਇਸੇ ਸਮੇਂ ਹੀ ਪ੍ਰਕਾਸ਼ਿਤ ਹੋਈ ਲੱਗਦੀ ਹੈ। ਇਸ ਪੁਸਤਕ ਨੂੰ ਵੀ ਪਹਿਲੀਆਂ ਪੁਸਤਕਾਂ ਦੀ ਵਿਧੀ ਵਾਂਗ ਹੀ ਤਿਆਰ ਕੀਤਾ ਗਿਆ ਹੈ। 1960 ਵਿਚ ਹੀ 'ਪੰਜਾਬ' ਨਾਂ ਦੀ ਪੁਸਤਕ, ਜਿਸ ਦੇ ਮੁੱਖ ਸੰਪਾਦਕ ਡਾ. ਮਹਿੰਦਰ ਸਿੰਘ ਰੰਧਾਵਾ ਸਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਉਨ੍ਹਾਂ ਦੀ ਯੋਗ ਅਗਵਾਈ ਵਿਚ ਛਾਪੀ ਗਈ। 1963 ਵਿਚ ਇਨ੍ਹਾਂ ਨੇ 'ਕਾਂਗੜਾ ਕਲਾ, ਲੋਕ ਤੇ ਗੀਤ' ਨਾਂ ਦੀ ਪੁਸਤਕ ਸਾਹਿਤ ਅਕਾਦਮੀ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ।

ਸਮੁੱਚੇ ਰੂਪ ਵਿਚ ਡਾ.ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਲੋਕਧਾਰਾ ਦੀ ਦੇਣ ਨੂੰ ਨਕਾਰਿਆ ਨਹੀ ਜਾ ਸਕਦਾ। ਉਨ੍ਹਾਂ ਨੇ ਵੱਡੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਨਾਲ ਸੰਬੰਧਿਤ ਲੋਕ-ਗੀਤਾਂ ਨੂੰ ਇਕੱਤਰ ਵੀ ਕੀਤਾ ਅਤੇ ਇਨ੍ਹਾਂ ਲੋਕ-ਗੀਤਾਂ ਦੇ ਸੰਗ੍ਰਹਿਆਂ ਦੇ ਮੁੱਢਲੇ ਪੰਨਿਆਂ ਵਿਚ ਲੋਕ-ਗੀਤਾਂ ਨੂੰ ਪਰਿਭਾਸ਼ਤ ਕਰਨ ਦਾ ਯਤਨ ਵੀ ਕੀਤਾ। ਉਨ੍ਹਾਂ ਦੀ ਇਹ ਵੀ ਖ਼ੂਬੀ ਰਹੀ ਕਿ ਉਨ੍ਹਾਂ ਨੇ ਇਨ੍ਹਾਂ ਲੋਕ-ਗੀਤਾਂ ਨੂੰ ਅਪਾਣੇ ਢੰਗ ਨਾਲ ਵਰਗੀ ਕ੍ਰਿਤ ਵੀ ਕੀਤਾ। •

## ਦੇਵਿੰਦਰ ਸਤਿਆਰਥੀ

*ਸਾਹਿਤ ਜਗਤ ਵਿਚ ਕਿੰਨੇ ਹੀ ਮਾਣ ਸਨਮਾਨ ਆਏ ਤੇ ਗਏ। ਉਸ ਨੇ ਮਾਨਤਾ ਲਈ ਕਿਸੇ ਅੱਗੇ ਵੀ ਹੱਥ ਨਹੀਂ ਅੱਡੇ। ਸਾਰੀ ਉਮਰ ਕੇਵਲ ਇਕ ਹੀ ਭੀਖ ਮੰਗੀ ਹੈ ਤੇ ਉਹ ਹੈ ਗੀਤਾਂ ਦੀ...*



ਦੇਵਿੰਦਰ ਸਤਿਆਰਥੀ ਦੇ ਪਿਤਾ ਜੀ ਨਹਿਰ ਦੇ ਮਹਿਕਮੇ ਦੀ ਠੇਕੇਦਾਰੀ ਕਰ ਦੇ ਸਨ ਅਤੇ ਉਹ ਆਪਣੇ ਇਸ ਫਿਰਤੂ ਮੁੰਡੇ ਨੂੰ ਵੀ ਠੇਕੇਦਾਰੀ ਵਿਚ ਲਾਉਣਾ ਚਾਹੁੰਦੇ ਸਨ। ਪ੍ਰੰਤੂ ਉਨ੍ਹਾਂ ਦੀ ਮਾਂ ਨੂੰ ਤਾਂ ਕਿਸੇ ਜੋਤਸ਼ੀ ਨੇ ਇਨ੍ਹਾਂ ਦੇ ਬਚਪਨ ਵਿਚ ਹੀ ਦੱਸ ਦਿੱਤਾ ਸੀ, 'ਤੇਰੇ ਪੁੱਤਰ ਦੇ ਪੈਰਾਂ ਵਿਚ ਚੱਕਰ ਏ, ਉਹ ਕਿਤੇ ਇਕ ਥਾਂ ਟਿਕ ਨਹੀਂ ਸਕੇਗਾ। ਪੈਰਾਂ ਦਾ ਚੱਕਰ ਬੜਾ ਪ੍ਰਬਲ ਹੁੰਦਾ ਹੈ ਤੇ ਜਿਸ ਦੇ ਪੈਰਾਂ ਵਿਚ ਕੁਦਰਤ ਚੱਕਰ ਪਾ ਦੇਵੇ, ਉਹ ਇਕ ਉਡਾਰੂ ਪੰਖੇਰੂ ਬਣ ਜਾਂਦਾ ਹੈ। ਉਹ ਉੱਡਦਾ ਹੈ ਦੂਰ-ਦੂਰ।'ਜਦੋਂ ਪਹਿਲੀ ਵਾਰ ਉਹ ਥਾਂ-ਥਾਂ ਦੀ ਮੁਸਾਫ਼ਰੀ ਪਿੱਛੋਂ ਢਾਈ ਤਿੰਨ ਸਾਲ ਬਾਅਦ ਖ਼ਾਨਾ ਬਦੋਸ਼ਾਂ ਦੀ ਜ਼ਿੰਦਗੀ ਗੁਜ਼ਾਰ ਕੇ ਘਰ ਮੁੜਿਆ ਤਾਂ ਘਰ ਵਾਲਿਆਂ ਨੇ ਇਹ ਸੋਚ ਕੇ ਉਸ ਦਾ ਵਿਆਹ ਕਰ ਦਿੱਤਾ ਕਿ ਘਰ-ਪਿਆਰ ਦੀ ਡੋਰ ਨਾਲ ਇਹ ਘਰ ਵਿਚ ਬੱਝ ਜਾਵੇਗਾ ਅਤੇ ਨਿੱਤ ਦੀ ਖ਼ਾਨਾ-ਬਦੋਸ਼ੀ ਤੋ ਮੂੰਹ ਮੋੜ ਲਵੇਗਾ।

ਦੇਵਿੰਦਰ ਸਤਿਆਰਥੀ ਨੂੰ ਲੋਕ ਗੀਤ ਇਕੱਤਰ ਕਰਨ ਦਾ ਖ਼ਿਆਲ 1924 ਵਿਚ ਆਇਆ। ਉਨ੍ਹਾਂ ਦਾ ਇਹ ਸ਼ੌਕ ਏਨਾ ਵੱਧ ਗਿਆ ਕਿ 1927 ਵਿਚ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਲੋਕ-ਗੀਤ ਇਕੱਠੇ ਕਰਨ ਨਿਕਲ ਤੁਰੇ। ਵਿਆਹ ਤੋਂ ਬਾਅਦ ਇਨ੍ਹਾਂ ਨੇ ਆਪਣੇ ਪਿਤਾ ਕੋਲੋਂ ਕੁਝ ਦੇਰ ਆਪਣੀ ਪਤਨੀ ਨਾਲ ਲਾਹੌਰ ਰਹਿਣ ਦੀ ਇਜਾਜ਼ਤ ਲੈ ਲਈ। ਲਾਹੌਰ ਵੀ ਉਹ ਆਪਣੀ ਪਤਨੀ ਨੂੰ ਵਿਛੋੜੇ ਦਾ ਉਹ ਗੀਤ ਸੁਨਾਉਣ ਲਈ ਜ਼ੋਰ ਦੇਂਦੇ ਰਹੇ, ਜਿਹੜਾ ਪਹਿਲੀ ਵਾਰ ਸਹੁਰੇ ਗਿਆਂ ਉਨ੍ਹਾਂ ਨੇ ਕੁੜੀਆਂ ਨੂੰ ਗਾਉਂਦਿਆਂ ਸੁਣਿਆ ਸੀ। ਗਾਉਣ ਵਾਲੀਆਂ ਕੁੜੀਆਂ ਵਿਚ ਉਹ ਦੀ ਵਹੁਟੀ ਰਾਣੋਂ ਵੀ ਸੀ। ਜਿਸ ਨੂੰ ਉਹ, ਉਹ ਗੀਤ ਸੁਣਾਉਣ ਲਈ ਕਹਿੰਦੇ, ਜਿਹੜਾ ਉਨ੍ਹਾਂ ਨੇ ਕੁੜੀਆਂ ਨਾਲ ਰਲਕੇ ਗਾਇਆ ਸੀ :

*ਦੀਵਾ ਬਲੇ ਸਾਰੀ ਰਾਤ*
*ਮੇਰਿਆ ਬਾਲਮਾ*
*ਬੱਤੀਆਂ ਬਣਾ ਰੱਖਦੀ।*

ਅਜੇ ਉਨ੍ਹਾਂ ਨੇ ਕੁਝ ਮਹੀਨੇ ਹੀ ਆਪਣੀ ਨਵ-ਵਿਆਹੀ ਵਹੁਟੀ ਨਾਲ ਗੁਜ਼ਾਰੇ ਸਨ ਕਿ ਮਨ ਵਿਚ ਮੁੜ ਪਹਾੜੀ ਪਿੰਡਾਂ ਦੇ ਗੀਤ ਗੂੰਜਣ ਲੱਗ ਪਏ। ਉਨ੍ਹਾਂ ਨੂੰ ਇੰਜ ਲੱਗਦਾ ਜਿਵੇਂ ਉਹ ਲੋਕ-ਗੀਤ ਉਨ੍ਹਾਂ ਨੂੰ ਦਰਦ-ਭਰੀਆਂ ਆਵਾਜ਼ਾਂ ਮਾਰ ਰਹੇ ਹੋਣ। ਉਹ ਆਪਣੀ ਘਰਵਾਲੀ ਨੂੰ ਵੀ ਆਪਣੇ ਸਫ਼ਰਾਂ ਦੀ ਹਮਸਫ਼ਰ ਬਨਾਉਣਾ ਚਾਹੁੰਦੇ ਸਨ, ਪਰੰਤੂ ਪਰਿਵਾਰਕ ਮਾਹੌਲ ਇਹ ਇਜਾਜ਼ਤ ਨਹੀਂ ਸੀ ਦੇਂਦਾ। ਇਕ ਦਿਨ ਜਦੋਂ ਉਨ੍ਹਾਂ ਨੇ ਘਰੋਂ ਚੋਰੀ ਭੱਜਣ ਦਾ ਮਨ ਬਣਾ ਲਿਆ ਸੀ । ਭੱਜਣ ਤੋਂ ਦੋ-ਤਿੰਨ ਘੰਟੇ ਪਹਿਲਾਂ ਉਨ੍ਹਾਂ ਸੁਣਿਆ ਰਾਣੋਂ ਲੋਕ-ਗੀਤ ਦੇ ਇਹ ਬੋਲ ਗੁਣਗੁਣਾ ਰਹੀ ਸੀ :

*ਜੇ ਉਠ ਚਲਿਓਂ ਚਾਕਰੀ*
*ਨੀਲੇ ਘੋੜੇ ਵਾਲਿਆ*
*ਸਾਨੂੰ ਬੋਝੇ ਪਾ*
*ਜਿੱਥੇ ਆਵੇ ਰਾਤੜੀ*
*ਸਾਨੂੰ ਕੱਢ ਕਲੇਜੜੇ ਲਈ ਲਾ।*

ਲੋਕ ਗੀਤਾਂ ਦੀ ਹੂਕ ਨੂੰ ਇਹ ਦਰਦੀਲਾ ਗੀਤ ਵੀ ਰੋਕ ਨਾ ਸਕਿਆ ਅਤੇ ਲੋਕ-ਗੀਤਾਂ ਦਾ ਇਹ ਵਣਜਾਰਾ ਘਰ ਤੋਂ ਭੱਜ ਕੇ ਡਲਹੌਜ਼ੀ ਦੇ ਪਿੰਡਾਂ ਵਿਚ ਪਹੁੰਚ ਗਿਆ, ਉੱਥੇ ਚੰਬੇ ਦੇ ਗੱਦੀ ਭੇਡਾਂ ਚਰਾਉਂਦੇ ਲੋਕ ਗੀਤ ਗਾਉਂਦੇ ਸਨ। ਧਰਮਸ਼ਾਲਾ ਅਤੇ ਪਾਲਮ ਪੁਰ ਦੀ ਸੈਰ ਵੀ ਉਨ੍ਹਾਂ ਲਈ ਬੜੀ ਸੁਆਦਲੀ ਰਹੀ। ਫਿਰਦੇ-ਫਿਰਾਉਂਦੇ ਉਹ ਮੰਡੀ ਹੁੰਦੇ ਹੋਏ ਕੁੱਲੂ ਪਹੁੰਚ ਗਏ, ਇੱਥੇ ਉਹ ਲਿਖਣ ਦੇ ਨਾਲ-ਨਾਲ ਫ਼ੋਟੋਗ੍ਰਾਫ ਦਾ ਸ਼ੌਕ ਵੀ ਪੂਰਾ ਕਰਦੇ ਰਹੇ। ਕੁੱਲੂ ਤੋਂ ਪੈਦਲ ਹੀ ਉਹ ਸ਼ਿਮਲੇ ਪਹੁੰਚ ਗਏ। ਕੁਝ ਦਿਨ ਉੱਥੇ ਰਹਿਕੇ ਉਹ ਸਿੱਧੇ ਸ਼ਾਂਤੀ ਨਿਕੇਤਨ ਜਾ ਪਹੁੰਚੇ ਅਤੇ ਉਸ ਤੋਂ ਬਾਅਦ ਸਿੱਧੇ ਆਸਾਮ ਚਲੇ ਗਏ। ਇਨਸਾਨ ਵਜੋਂ ਸਤਿਆਰਥੀ ਹਰ ਪਹਿਲੂ ਤੋਂ ਰੱਜਿਆ ਪੁੱਜਿਆ ਹੈ।

ਸਾਹਿਤ ਜਗਤ ਵਿਚ ਕਿਨੇ ਹੀ ਮਾਣ ਸਨਮਾਨ ਆਏ ਤੇ ਗਏ। ਉਸ ਨੇ ਮਾਨਤਾ ਲਈ ਕਿਸੇ ਅੱਗੇ ਵੀ ਹੱਥ ਨਹੀਂ ਅੱਡੇ। ਸਾਰੀ ਉਮਰ ਕੇਵਲ ਇਕ ਹੀ ਭੀਖ ਮੰਗੀ ਹੈ ਤੇ ਉਹ ਹੈ ਸਰੋਤਿਆਂ ਦੀ। ਉਸ ਨੂੰ ਹਰ ਤਰ੍ਹਾਂ ਦਾ ਸਰੋਤਾ ਪ੍ਰਵਾਨ ਹੈ। ਉਹ ਘੋੜੇ ਨੂੰ ਕਥਾ ਸੁਣਾ ਸਕਦਾ ਹੈ ਤੇ ਪੌਦੇ ਨੂੰ ਕਵਿਤਾ। ਦੇਵਿੰਦਰ ਸਤਿਆਰਥੀ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਰਹੇ ਪਰੰਤੂ ਉਨ੍ਹਾਂ ਦੀ ਹੋਂਦ ਲੋਕ-ਗੀਤਾਂ ਦੇ ਰੂਪ ਵਿਚ ਹਮੇਸ਼ਾਂ ਲਈ ਸਾਡੀ ਰੂਹ ਨੂੰ ਸਰਸ਼ਾਰ ਕਰਦੀ ਰਹੇਗੀ। ਪੰਜਾਬੀ ਲੋਕਧਾਰਾ ਨੂੰ ਸਤਿਆਰਥੀ ਵਰਗੇ ਮਹਾਨ ਸਪੂਤ ਉਪਰ ਹਮੇਸ਼ਾਂ ਮਾਣ ਰਹੇਗਾ। •

## ਗਿਆਨੀ ਗੁਰਦਿੱਤ ਸਿੰਘ



*ਗਿਆਨੀ ਗੁਰਦਿੱਤ ਸਿੰਘ ਸਾਹਿਤਕਾਰ, ਪੱਤਰਕਾਰ, ਗੁਰਬਾਣੀ ਵਿਦਵਾਨ ਅਤੇ ਲੋਕਧਾਰਾ ਸ਼ਾਸਤਰੀ ਸਨ। ਉਹ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਖੋਜਕਾਰ ਦੇ ਵਿਸ਼ਾਲ ਕਾਰਜ ਵਿਚ ਸਾਰੀ ਉਮਰ ਰਮੇ ਰਹੇ...*

ਗਿਆਨੀ ਗੁਰਦਿੱਤ ਸਿੰਘ ਦਾ ਜਨਮ 24 ਫਰਵਰੀ 1923 ਨੂੰ ਮਲੇਰਕੋਟਲਾ ਦੀ ਰਿਆਸਤ ਦੇ ਪਿੰਡ ਮਿੱਠੇਵਾਲ ਵਿਚ ਹੋਇਆ। ਗਿਆਨੀ ਹੋਰਾਂ ਨੇ ਆਪਣੇ ਪਿੰਡ ਮਿੱਠੇਵਾਲ ਨੂੰ 'ਮੇਰਾ ਪਿੰਡ' ਪੁਸਤਕ ਰਾਹੀ ਪੰਜਾਬੀ ਇਤਿਹਾਸ ਅਤੇ ਸਾਹਿਤ ਵਿਚ ਸਦਾ ਲਈ ਅਮਰ ਕਰ ਦਿੱਤਾ ਹੈ।

ਆਪ ਜੀ ਨੇ 1945 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਦੀ ਡਿਗਰੀ ਹਾਸਲ ਕੀਤੀ। ਗਿਆਨੀ ਕਰਨ ਤੋਂ ਦੋ ਸਾਲ ਬਾਅਦ ਹੀ ਆਪ ਪੱਤਰਕਾਰੀ ਦੇ ਖੇਤਰ ਵਿਚ ਆ ਗਏ। ਗਿਆਨੀ ਗੁਰਦਿੱਤ ਸਿੰਘਜੀ ਅੰਦਰ ਸੱਭਿਆਚਾਰ ਅਤੇ ਲੋਕਧਾਰਾ ਪ੍ਰਤੀ ਮੋਹ ਤਾਂ ਭਾਵੇ ਪਹਿਲਾਂ ਹੀ ਸੀ। ਪਰ 'ਮੇਰਾ ਪਿੰਡ' ਪੁਸਤਕ ਜਿਸ ਵਿਚ ਉਨ੍ਹਾਂ ਨੇ ਆਪਣੇ ਪਿੰਡ ਨੂੰ ਆਧਾਰ ਬਣਾ ਕੇ ਪੰਜਾਬ ਦੇ ਸਾਰੇ ਪਿੰਡਾਂ ਦਾ ਮੂੰਹ-ਮੁਹਾਂਦਰਾ ਉਲੀਕ ਦਿੱਤਾ। ਇਸ ਵਿੱਚੋਂ ਪੰਜਾਬ ਦੇ ਸਾਰੇ ਪਿੰਡਾਂ ਦੇ ਦਰਸ਼ਨ ਹੋ ਜਾਂਦੇ ਹਨ। ਇਹ ਪੁਸਤਕ 1961 ਵਿਚ ਪਹਿਲੀ ਵਾਰ ਛਪੀ ਤੇ ਬਹੁਤ ਮਕਬੂਲ ਹੋਈ। ਇਸ ਕਿਤਾਬ ਵਿਚ ਉਨ੍ਹਾਂ ਪੇਂਡੂ ਜੀਵਨ ਦੀ ਝਲਕ ਪੇਸ਼ ਕੀਤੀ ਹੈ। ਮੇਰਾ ਪਿੰਡ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਇਸ ਦੀ ਬੋਲੀ, ਸ਼ੈਲੀ ਨਿਵੇਕਲੀ ਹੈ ਅਤੇ ਇਹ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਤੰਗੀਆਂ, ਵਹਿਮਾਂ-ਭਰਮਾਂ ਤੇ ਲੋਪ ਹੋ ਰਹੇ ਪੱਖਾਂ ਦੀ ਰੌਚਿਕ ਪਰ ਪ੍ਰਮਾਣਿਕ ਪੇਸ਼ਕਾਰੀ ਹੈ।

ਪੱਤਰਕਾਰੀ ਦੇ ਖੇਤਰ ਵਿਚ ਵੀ ਆਪ ਜੀ ਦਾ ਵਿਸ਼ੇਸ਼ ਯੋਗਦਾਨ ਹੈ। 1947 ਵਿਚ ਉਨ੍ਹਾਂ ਨੇ ਪਟਿਆਲੇ ਤੋਂ 'ਪ੍ਰਕਾਸ਼' ਨਾਮ ਦਾ ਅਖ਼ਬਾਰ ਸ਼ੁਰੂ ਕੀਤਾ ਜਿਹੜਾ 1961 ਤਕ ਰੋਜ਼ਾਨਾ ਅਖ਼ਬਾਰ ਵੱਜੋਂ ਛਪਦਾ ਰਿਹਾ ਅਤੇ ਉਸ ਤੋਂ ਬਾਅਦ 1978 ਤਕ ਸਪਤਾਹਿਕ ਪੱਤ੍ਰਿਕਾ ਦੇ ਰੂਪ ਵਿਚ ਪ੍ਰਕਾਸ਼ਿਤ ਹੁੰਦਾ ਰਿਹਾ। ਉਨ੍ਹਾਂ ਨੇ ਇਕ ਸਾਹਿਤਕ ਮੈਗਜ਼ੀਨ 'ਜੀਵਨ ਸੰਦੇਸ਼' 1953 ਵਿਚ ਸੰਪਾਦਿਤ ਕਰਨਾ ਸ਼ੁਰੂ ਕੀਤਾ। ਉਨ੍ਹਾਂ ਦਾ ਸਬੰਧ 'ਸਿੰਘ ਸਭਾ ਪੱਤ੍ਰਿਕਾ' ਨਾਲ ਵੀ ਰਿਹਾ ਜਿਹੜਾ ਕਿ ਅੰਮ੍ਰਿਤਸਰ, ਦਿੱਲੀ ਅਤੇ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੁੰਦਾ ਰਿਹਾ ਹੈ। •

## ਡਾ.ਕਰਨੈਲ ਸਿੰਘ ਥਿੰਦ



ਡਾ. ਕਰਨੈਲ ਸਿੰਘ ਥਿੰਦ ਦਾ ਜਨਮ ਪਾਕਿਸਤਾਨੀ ਪੰਜਾਬ, ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰਬਰ 288 ਜੇਬੀ ਵਿਚ 12 ਅਪ੍ਰੈਲ, 1929 ਨੂੰ ਕਿਸਾਨ ਘਰਾਨੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਨ ਸਿੰਘ ਥਿੰਦ ਅਤੇ ਮਾਤਾ ਦਾ ਨਾਂ ਅਨੰਦ ਕੌਰ ਸੀ।

1953 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਐਮਏ ਪੰਜਾਬੀ ਦੀ ਡਿਗਰੀ ਹਾਸਲ ਕਰਕੇ ਜਨਵਰੀ 1955 ਤੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਪੜ੍ਹਾਉਣਾ ਸ਼ੁਰੂ ਕੀਤਾ। 1962 ਤੋਂ ਬੀਏ ਵਿਚ ਖ਼ਾਲਸਾ ਕਾਲਜ ਵਿਚ ਹੀ ਮੈਂ ਥਿੰਦ ਸਾਹਿਬ ਦਾ ਵਿਦਿਆਰਥੀ ਰਿਹਾ ਸੀ। ਡਾ. ਥਿੰਦ ਹੋਰਾਂ 1971 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਲੋਕਧਾਰਾ ਵਿਚ ਡਾਕਟ੍ਰੇਟਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਗਾਈਡ ਡਾ. ਤਾਰਨ ਸਿੰਘ ਸਨ। 1973 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿਭਾਗ ਵਿਚ ਬਤੌਰ ਰੀਡਰ ਨਿਯੁਕਤ ਹੋਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਮੇਂ-ਸਮੇਂ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫ਼ੈਸਰ ਤੇ ਮੁਖੀ ਅਤੇ ਰਜਿਸਟਰਾਰ ਦੇ ਤੌਰ 'ਤੇ ਕੰਮ ਕਰ ਦੇ ਰਹੇ। 1989 ਵਿਚ ਯੂਨੀਵਰਸਿਟੀ ਤੋਂ ਰਿਟਾਇਰ ਹੋ ਕੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਦੇ ਡਾਇਰੈਕਟਰ ਲੱਗ ਗਏ। ਡਾ.ਕਰਨੈਲ ਸਿੰਘ ਥਿੰਦ ਜਿੱਥੇ ਵੱਖ ਵੱਖ ਯੂਨੀਵਰਸਿਟੀਆਂ ਨਾਲ ਬਤੌਰ ਮੈਂਬਰ ਸਿੰਡੀਕੇਟ, ਸੈਨੇਟ ਮੈਂਬਰ, ਅਕਾਦਮਿਕ ਕੌਂਸਲ ਮੈਂਬਰ, ਚੈਅਰਮੇਨ ਪੰਜਾਬੀ ਬੋਰਡ ਅਤੇ ਡੀਨ ਭਾਸ਼ਾ ਫ਼ੈਕਲਟੀ ਵਜੋਂ ਜੁੜੇ ਰਹੇ ਹਨ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜੀਵਨ ਮੈਂਬਰ ਹਨ।

1973 ਵਿਚ ਡਾ. ਕਰਨੈਲ ਸਿੰਘ ਥਿੰਦ ਦੀ ਪੁਸਤਕ 'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ' ਛੱਪੀ। ਪਹਿਲੀ ਵਾਰ ਇਸ ਪੁਸਤਕ ਵਿਚ ਲੋਕਧਾਰਾ/ ਲੋਕਯਾਨ ਨੂੰ ਪਰਿਭਾਸ਼ਤ ਕਰਨ ਅਤੇ ਇਸ ਦੀਆਂ ਵੰਨਗੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਖੇਤਰ ਨਿਸ਼ਚਿੱਤ ਕਰਨ ਦਾ ਯਤਨ ਕੀਤਾ ਗਿਆ।

'ਪੰਜਾਬ ਦਾ ਲੋਕ ਵਿਰਸਾ' (ਭਾਗਦੂਜਾ), ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਹੋ ਚੁੱਕਾ ਹੈ। ਲੋਕਯਾਨ ਤੋਂ ਇਲਾਵਾ ਡਾ. ਥਿੰਦ ਹੋਰਾਂ ਦੀ ਵਿਸ਼ੇਸ਼ਤਾ ਦਾ ਦੂਜਾ ਖੇਤਰ ਪਾਕਿਸਤਾਨ ਵਿਚ ਰਚਿਆ ਗਿਆ ਪੰਜਾਬੀ ਸਾਹਿਤ ਹੈ। ਇਸ ਸਬੰਧ ਵਿਚ ਪੰਜਾਬੀ ਯੂਨੀਵਰਸਿਟੀ ਦੁਆਰਾ ਉਨ੍ਹਾਂ ਦੀ ਹੁਣੇ ਹੁਣੇ ਛਪੀ ਪੁਸਤਕ 'ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ' ਖ਼ਾਸ ਵਰਨਣ ਯੋਗ ਹੈ।

ਇਸ ਪੁਸਤਕ ਦਾ ਪਹਿਲਾ ਅਧਿਆਇ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨਾਲ ਸਬੰਧਿਤ ਹੈ ਅਤੇ ਅੰਤਲਾ ਲੇਖ ਪਾਕਿਸਤਾਨੀ ਮੂਲ ਦੇ ਬਦੇਸ਼ਾਂ ਵਿਚ ਰਹਿੰਦੇ ਪੰਜਾਬੀ ਲੋਕਾਂ ਬਾਰੇ ਜਾਣਕਾਰੀ ਦੇਂਦਾ ਹੈ। •

## ਸੁਖਦੇਵ ਮਾਦਪੁਰੀ



ਪੁਨੀਤ ਕੌਰ
ਮੋਬਾਈਲ : 90562-18720

*ਮਾਦਪੁਰੀ ਬਚਪਨ ਤੋਂ ਹੀ ਲੋਕ ਸਾਹਿਤ ਨਾਲ ਜੁੜੇ ਹੋਏ ਸਨ ਜਾਂ ਕਹੋ ਉਨ੍ਹਾਂ ਨੂੰ ਗੁੜ੍ਹਤੀ ਹੀ ਲੋਕ ਸਾਹਿਤ ਦੀ ਮਿਲੀ। ਬੇਬੇ ਵਲੋਂ ਗਾਏ ਜਾਂਦੇ ਲੰਬੇ ਗੀਤ ਉਸ ਦੇ ਦਿਲ ਨੂੰ ਧੂ ਪਾਉਂਦੇ ਸਨ...*



ਸੁਖਦੇਵ ਮਾਦਪੁਰੀ ਦਾ ਜਨਮ 12 ਜੂਨ 1935 ਨੂੰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਪਿੰਡ ਮਾਦਪੁਰ, ਦਇਆ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੇ ਉਦਰੋਂ ਹੋਇਆ। ਦੋਨੋਂ ਅਨਪੜ੍ਹ ਸਨ ਪਰ ਮਿਹਨਤੀ, ਸਿਰੜੀ, ਸੂਝਵਾਨ ਅਤੇ ਸਬਰ ਸੰਤੋਖ ਵਾਲ ਸਨ। ਪਛੜਿਆ ਹੋਇਆ ਇਲਾਕਾ ਹੋਣ ਕਰਕੇ ਪਿੰਡ ਵੀ ਸੁਖ ਸਹੂਲਤਾਂ ਤੋਂ ਬਾਂਝਾ ਸੀ। ਹਰ ਪਾਸੇ ਅਨਪੜ੍ਹਤਾ ਦਾ ਪਸਾਰਾ। ਬਹੁਤੇ ਲੋਕਾਂ ਵਾਂਗ ਉਸ ਦਾ ਪਰਿਵਾਰ ਵੀ ਖੇਤੀਬਾੜੀ ਤੇ ਨਿਰਭਰ ਸੀ। ਪਰ ਬੇਬੇ ਨੇ ਅਮਦਾਦੀ ਪ੍ਰਾਇਮਰੀ ਸਕੂਲ ਮਾਦਪੁਰ ਵਿਖੇ ਉਸ ਨੂੰ ਦਾਖ਼ਲ ਕਰਵਾ ਦਿੱਤਾ। ਉਸ ਦਾ ਪੜ੍ਹਾਈ ਦਾ ਮਾਧਿਅਮ ਉਰਦੂ ਸੀ। ਖ਼ਾਲਸਾ ਹਾਈ ਜਸਪਾਲੋਂ ਤੋਂ ਦਸਵੀਂ ਪਾਸ ਕੀਤੀ। ਪੜ੍ਹਾਈ ਦੇ ਨਾਲ-ਨਾਲ ਬਾਪੂ ਨਾਲ ਖੇਤੀ ਦੇ ਕੰਮ 'ਚ ਹੱਥ ਵਟਾਉਂਦਾ, ਹਰ ਕੰਮ ਨੂੰ ਬੜੀ ਲਗਨ ਨਾਲ ਕਰਦਾ ਰਿਹਾ ਉਹ।

ਸੁਖਦੇਵ ਮਾਦਪੁਰੀ 1954 'ਚ ਜੀਬੀਟੀ ਕਰ ਕੇ ਪ੍ਰਾਇਮਰੀ ਅਧਿਆਪਕ ਲੱਗ ਗਏ। ਇੱਥੇ ਉਨ੍ਹਾਂ ਸਕੂਲ ਦੇ ਬੱਚਿਆਂ ਲਈ ਬਾਲ ਸਾਹਿਤ ਦਾ ਸਿਰਜਣ ਸ਼ੁਰੂ ਕਰ ਦਿੱਤਾ। ਲੁਧਿਆਣੇ ਤੋਂ ਲਾਹੌਰ ਬੁੱਕ ਸ਼ਾਪ ਵੱਲੋਂ ਬੱਚਿਆਂ ਵਾਸਤੇ 'ਬਾਲ ਦਰਬਾਰ' ਨਾਂ ਦਾ ਰਸਾਲਾ ਪ੍ਰਕਾਸ਼ਿਤ ਹੁੰਦਾ ਸੀ। ਅਜਾਇਬ ਚਿੱਤਰਕਾਰ ਇਸ ਦੇ ਸੰਪਾਦਕ ਸਨ। ਜਿਨ੍ਹਾਂ ਨੇ ਉਸ ਪਾਸੋਂ ਬਹੁਤ ਸਾਰੀਆਂ ਕਹਾਣੀਆਂ ਤੇ ਲੇਖ ਲਿਖਵਾਏ। ਉਸ ਸਮੇਂ ਨਵਤੇਜ ਸਿੰਘ 'ਬਾਲ ਸੰਦੇਸ਼' ਦੇ ਸੰਪਾਦਕ ਸਨ ਜਿਨ੍ਹਾਂ ਨੇ ਵੀ ਬਾਲ ਸਾਹਿਤ ਲਿਖਣ ਲਈ ਉਸ ਨੂੰ ਪ੍ਰੇਰਿਆ।

ਉਹ ਬਚਪਨ ਤੋਂ ਹੀ ਲੋਕ ਸਾਹਿਤ ਨਾਲ ਜੁੜਿਆਂ ਹੋਇਆ ਸੀ ਜਾਂ ਕਹੋ ਗੁੜ੍ਹਤੀ ਹੀ ਲੋਕ ਸਾਹਿਤ ਦੀ ਮਿਲੀ। ਬੇਬੇ ਅਕਸਰ ਚੱਕੀ ਪੀਹਦਿਆਂ ਤੇ ਚਰਖਾ ਕੱਤਦਿਆਂ ਲੰਬੇ ਗੀਤ ਗਾਉਂਦੀ ਰਹਿਦੀ ਸੀ। ਇਹ ਗੀਤ ਉਸ ਦੇ ਦਿਲ ਨੂੰ ਧੂ ਪਾਉਂਦੇ, ਜੋ ਸੁਤੇ-ਸਿੱਧ ਉਸ ਦੇ ਮਨ ਮਸਤਕ ਵਿਚ ਵਸ ਗਏ। ਬਾਪੂ ਨੂੰ ਬਹੁਤ ਸਾਰੀਆਂ ਕਲੀਆਂ ਅਤੇ ਦੋਹੇ ਯਾਦ ਸਨ, ਉਹ ਖੇਤਾਂ ਵਿਚ ਕੰਮ ਕਰਦਿਆਂ ਲੰਬੀਆਂ ਹੇਕਾਂ ਲਾ ਕੇ ਗਾਉਂਦਾ ਹੁੰਦਾ ਸੀ। ਇਸ ਤਰ੍ਹਾਂ ਉਸ ਦੀ ਅੰਤਰ-ਆਤਮਾ ਨੇ ਲੋਕ ਗੀਤਾਂ ਨੂੰ ਇਕੱਠਾ ਕਰਨ ਲਈ ਪ੍ਰੇਰਿਆ। ਹੁਣ ਵੀ ਜਿੱਥੋਂ-ਕਿਤੇ ਪਤਾ ਲੱਗਦਾ ਬੇਬੇ, ਮਾਈ ਜਾਂ ਕਿਸੇ ਮੁਟਿਆਰ ਪਾਸੋਂ ਗੀਤ, ਕਹਾਣੀਆਂ ਸੁਣ ਕੇ ਉਹ ਲਿਖ ਲੈਂਦਾ ਹੈ। ਜੇ ਇਸ ਤਰ੍ਹਾਂ ਵੀ ਕਹਿ ਲਈਏ ਕਿ ਪੰਜਾਬੀ ਸੱਭਿਆਚਾਰ ਦੇ ਲੋਪ ਹੋ ਰਹੇ ਤੱਤਾਂ, ਲੋਕ ਬੁਝਾਰਤਾਂ, ਲੋਕ ਕਹਾਣੀਆਂ, ਲੋਕ ਗੀਤ, ਬਾਲ ਗੀਤ, ਲੋਕ ਨਾਚਾਂ ਆਦਿ ਨੂੰ ਉਸ ਨੇ ਆਪਣੀਆਂ ਪੁਸਤਕਾਂ ਵਿਚ ਸਾਂਭਣ ਦਾ ਯਤਨ ਕੀਤਾ ਹੈ ਤਾਂ ਗਲਤ ਨਹੀਂ ਹੋਵੇਗਾ। ਉਨ੍ਹਾਂ ਦਾ ਪਹਿਲਾ ਸੰਗ੍ਰਹਿ 'ਲੋਕ ਬੁਝਾਰਤਾਂ' 1956 ਵਿਚ ਛਪਿਆ। ਇਸ ਮਗਰੋਂ ਅਗਲਾ ਸੰਗ੍ਰਹਿ 'ਪੰਜਾਬੀ ਬੁਝਾਰਤਾਂ' ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1979 ਵਿਚ ਪ੍ਰਕਾਸ਼ਿਤ ਕੀਤਾ। 'ਪੰਜਾਬੀ ਸਭਿਆਚਾਰ ਦੀ ਆਰਸੀ' ਉਸ ਦੀ ਇਕ ਅਜਿਹੀ ਰਚਨਾ ਹੈ, ਜਿਸ ਵਿਚ ਪੰਜਾਬੀ ਸਭਿਆਚਾਰ ਅਤੇ ਲੋਕ ਵਿਰਸੇ ਦੇ ਭਿੰਨ-ਭਿੰਨ ਅੰਗਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪੰਜਾਬੀਆਂ ਦੇ ਮਨੋਰੰਜਨ ਦੇ ਸਾਧਨਾਂ, ਲੋਕ ਸਾਹਿਤ ਦੇ ਵਿਭਿੰਨ ਰੂਪਾਂ, ਮੇਲਿਆਂ, ਲੋਕ ਨਾਚਾਂ, ਤਿਉਹਾਰਾਂ ਅਤੇ ਰਸਮਾਂ ਰਿਵਾਜਾਂ ਬਾਰੇ ਪਾਠਕ ਇਸ ਰਚਨਾ ਦੁਆਰਾ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ' ਦੀ ਜੀਵਨੀ ਪੰਜਾਬ ਸਰਕਾਰ ਨੇ ਉਨ੍ਹਾਂ ਤੋਂ ਲਿਖਵਾਈ ਤੇ ਇਕ ਨਾਟਕ 'ਪ੍ਰਾਇਆ ਧਨ' ਜੋ ਇਸਤਰੀ ਸਭਾ ਦੁਆਰਾ ਲਿਖਵਾਇਆ ਗਿਆ ਤੇ ਇਹ ਖੇਡਿਆ ਵੀ ਗਿਆ ਸੀ। ਇਸ ਨਾਟਕ ਔਰਤਾਂ ਦੇ ਹੱਕਾਂ ਲਈ ਲਿਖਿਆ ਗਿਆ ਸੀ। ਜਿਸ ਦਾ ਵਿਸ਼ਾ ਔਰਤਾਂ ਨੂੰ ਜਾਇਦਾਦ ਵਿੱਚੋਂ ਹੱਕ ਮਿਲਣਾ ਬਾਰੇ ਸੀ। ਮਾਲਵੇ ਵਿਚ ਕਲੀਆਂ ਲਾਉਣ ਦਾ ਬਹੁਤ ਰਿਵਾਜ ਰਿਹਾ ਹੈ, ਕਲੀਆਂ ਦਾ ਅਜੇ ਤਕ ਕੋਈ ਸੰਗ੍ਰਹਿ ਨਹੀਂ ਛਪਿਆ। ਲੋਕ ਦੋਹੇ ਅਤੇ ਮਾਹੀਆ ਕਾਵਿ ਰੂਪ ਵੀ ਵਿਖਰਿਆ ਪਿਆ ਹੈ। 'ਕੱਲਰ ਦੀਵਾ ਮੱਚਦਾ' ਪੁਸਤਕ ਵਿਚ ਉਸ ਨੇ ਦੋਹੇ ਅਤੇ ਮਾਹੀਆ ਕਾਵਿ ਰੂਪ ਨੂੰ ਸਾਂਭਣ ਦਾ ਯਤਨ ਕੀਤਾ ਹੈ। ਲੋਕ ਦੋਹੇ ਪੰਜਾਬੀ ਲੋਕ ਸਾਹਿਤ ਦੇ ਅਨਮੋਲ ਮੋਤੀ ਹਨ। ਜਿਨ੍ਹਾਂ ਵਿਚ ਪੰਜਾਬ ਦੀ ਸਦਾਚਾਰਕ, ਦਾਰਸ਼ਨਿਕ ਅਤੇ ਰੁਮਾਂਚਕ ਜ਼ਿੰਦਗੀ ਧੜਕਦੀ ਹੈ। ਲੋਕ ਦੋਹੇ ਵਾਂਗ ਹੀ 'ਮਾਹੀਆ' ਪੰਜਾਬੀ ਦਾ ਹਰਮਨ ਪਿਆਰਾ ਛੋਟੇ ਆਕਾਰ ਦਾ ਕਾਵਿ ਰੂਪ ਹੈ, ਜੋ ਪੰਜਾਬ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚ ਰਚਿਆ ਮਿਲਦਾ ਹੈ।ਲੋਕ ਗਾਥਾਵਾਂ ਵਿਚ ਮੱਧਕਾਲ ਦੇ ਕਿੱਸਿਆਂ, ਵਾਰਾਂ ਤੇ ਜੰਗਨਾਮਿਆਂ ਦੇ ਬਿਰਤਾਂਤਕ-ਕਾਵਿ ਰਾਂਹੀ ਪੰਜਾਬੀ ਲੋਕ ਮਾਨਸ ਵਿਚ ਵਸੇ ਲੋਕ ਨਾਇਕਾਂ ਨੂੰ ਪਹਿਲੀ ਵਾਰ ਕਵਿਤਾ ਤੋਂ ਵਾਰਤਕ ਵਿਚ ਪੇਸ਼ ਕਰ ਕੇ ਇਕ ਵਿਲੱਖਣ ਕਾਰਜ ਕੀਤਾ ਹੈ। 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਪੁਸਤਕ 'ਚ ਸੁਖਦੇਵ ਮਾਦਪੁਰੀ ਦਾ ਇਕ ਹੋਰ ਸ਼ਲਾਘਾਯੋਗ ਕਾਰਜ ਹੈ। ਪੇਂਡੂ ਜੀਵਨ ਵਿੱਚੋਂ ਲੋਪ ਹੋ ਰਹੀਆਂ 77 ਵਿਰਾਸਤੀ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਖੇਡਾਂ ਨਾਲ ਸੰਬੰਧਿਤ ਸ਼ਬਦਾਵਲੀ, ਖੇਡ ਕਾਰਜ ਵਿਧੀ ਅਤੇ ਸਭਿਆਚਾਰਕ ਮੁੱਲ-ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਸੁਖਦੇਵ ਮਾਦਪੁਰੀ ਲੋਕਧਾਰਾ ਦੇ ਉਨ੍ਹਾਂ ਪੱਖਾਂ ਦਾ ਅਧਿਐਨ ਕਰਦੇ ਹਨ, ਜਿਨ੍ਹਾਂ ਤੇ ਸਾਨੂੰ ਹੁਣ ਤਕ ਬਹੁਤ ਘੱਟ ਕਾਰਜ ਹੋਇਆ ਮਿਲਦਾ ਹੈ। ਜਿਵੇਂ ਲੋਕ ਬੁਝਾਰਤਾਂ, ਲੋਕ ਖੇਡਾਂ, ਲੋਕ ਅਖਾਣ, ਲੋਕ ਗਾਥਾਵਾਂ ਆਦਿ। ਇਹ ਲੋਕ ਸਾਹਿਤ ਮਾਲਵਾ ਖੇਤਰ ਵਿਚ ਅਗਰਸਰ ਲੋਕਧਾਰਾ ਦੀ ਅਮੀਰ ਪਰੰਪਰਾ, ਸੱਭਿਆਚਾਰ ਅਤੇ ਲੋਕ ਮਾਨਸ ਦੀ ਤਰਜ਼ਮਾਨੀ ਕਰਦਾ ਹੈ। ਸੁਖਦੇਵ ਮਾਦਪੁਰੀ ਨੇ ਇਹ ਲੋਕਧਾਰਾਈ ਸਮੱਗਰੀ ਨੂੰ ਇਕੱਤਰ, ਸੰਪਾਦਿਤ ਤੇ ਅਧਿਐਨ ਕਰ ਕੇ ਲੋਕਧਾਰਾ ਵਿਚ ਵਡਮੁੱਲਾ ਯੋਗਦਾਨ ਪਾਇਆ। ਜਿਹੜਾ ਕਾਰਜ ਉਸ ਨੂੰ ਲੋਕਧਾਰਾ ਸ਼ਾਸਤਰੀ ਚਿੰਤਕ ਵਜੋਂ ਸਥਾਪਿਤ ਕਰਦਾ ਹੈ। ਮਾਦਪੁਰੀ ਦੀਆਂ ਰਚਨਾਵਾਂ ਦੀ ਖਾਸੀਅਤ ਇਹ ਹੈ ਕਿ ਉਸ ਨੇ ਲੋਕ ਸਾਹਿਤ ਨੂੰ ਜਿਵੇਂ ਲੋਕਾਂ ਕੋਲੋਂ ਸੁਣਿਆਂ ਉਸ ਨੂੰ ਉਸੇ ਤਰ੍ਹਾਂ ਲੋਕ ਭਾਸ਼ਾ ਵਿਚ ਕਲਮਬੱਧ ਕੀਤਾ। ਜੋ ਪ੍ਰਮਾਣਕਿਤਾ ਦੇ ਆਧਾਰ ਦਾ ਪ੍ਰਮਾਣ ਹੈ। •

### ਗ਼ਜ਼ਲ





ਗੋਡੇ ਗੋਡੇ ਧੁੱਪ ਚੜ੍ਹੀ ਹੈ।
ਕਿਉਂ ਕਰ ਨੈਣੀਂ ਨੀਂਦ ਅੜੀ ਹੈ।

ਅੱਖਾਂ ਬਦਲੇ ਸੁਪਨੇ ਦੇਵੋ,
ਸ਼ਾਸਕ ਨੀਤੀ ਇੰਝ ਘੜੀ ਹੈ।

ਗੂੜ੍ਹੀ ਨੀਂਦਰ ਸ਼ਾਇਰ ਨ ਲੋਚਣ,
ਇਕ ਝਪਕੀ ਪਲ ਝੱਟ ਬੜੀ ਹੈ।

ਕਿੰਜ ਸ਼ਹੀਦੀ ਪਾਈ ਜਾਂਦੀ,
ਖ਼ੁਦ ਜਾਮਨ ਸਰਹਿੰਦ ਗੜ੍ਹੀ ਹੈ।

ਹੁਸਨ ਸਮੂਰਤ, ਸੁੰਦਰ ਸੂਰਤ,
ਅੱਲ੍ਹੜ ਕਾਦਰ ਆਪ ਘੜੀ ਹੈ।

ਜਾਬਰ ਆਖੇ ਸੀਸ ਝੁਕਾਓ,
ਨਾਬਰ ਪੱਲੇ ਅਣਖ ਬੜੀ ਹੈ।

ਪੱਥਰ 'ਚੋਂ ਭਗਵਾਨ ਦੀ ਮੂਰਤ,
ਕਿਰਤੀ ਸੰਦਾਂ ਨਾਲ ਘੜੀ ਹੈ।

ਨੈਣ ਨਿਰਾਸੇ, ਦੀਦ ਹਿਰਾਸੇ,
ਚੀਕ ਲਬਾਂ 'ਤੇ ਆਣ ਖੜ੍ਹੀ ਹੈ।

ਉਸ ਨੂੰ ਕੌਣ ਮਿਟਾ ਸਕਦਾ ਹੈ,
ਮੱਥੇ ਪੱਕੀ ਸੋਚ ਜੜੀ ਹੈ।

ਮਾਣ ਕਰੇਂ ਹਥਿਆਰਾਂ ਦਾ ਤੂੰ,
ਅਪਣੇ ਹੱਥੀਂ ਕਲਮ ਫੜੀ ਹੈ।

ਰਾਜਾ ! ਤੇਰੇ ਜਬਰ ਦੀ ਨਿਸਬਤ,
ਸਾਡੀ ਧੌਣ 'ਚ ਵੱਧ ਤੜ੍ਹੀ ਹੈ।

ਪੁੱਠੇ ਕਾਰੇ, ਬੰਦਾ ਕਰਦਾ,
ਸੂਲ਼ੀ ਸਾਰੀ ਧਰਤ ਚੜ੍ਹੀ ਹੈ।

ਅੱਟਣ ਵਾਲੇ ਹੱਥਾਂ 'ਸੂਫ਼ੀ',
ਅਪਣੀ ਕਿਸਮਤ ਆਪ ਘੜੀ ਹੈ।

• ਅਮਰ 'ਸੂਫ਼ੀ',
ਮੋਬਾਈਲ : 98555 43660

### ਕਵਿਤਾ



ਉਹ ਕੁੜੀ ਮੇਰੀ ਜਾਂ ਵਰਗੀ ਸੀ
ਆਉਂਦੇ ਜਾਂਦੇ ਸਾਹ ਵਰਗੀ ਸੀ।

ਪੌਣਾਂ ਵਿਚ ਰਸ ਘੋਲ਼ਦੀ
ਜਦ ਵੀ ਮੂੰਹੋਂ ਬੋਲਦੀ
ਸੋਹਣੀ ਆਪਣੇ ਨਾਂ ਵਰਗੀ ਸੀ।
ਆਉਂਦੇ ਜਾਂਦੇ ...

ਕਲੋਲ ਵੱਟਾਂ 'ਤੇ ਕਰਦੀ ਸੀ
ਪੱਬ ਪੋਲੇ-ਪੋਲੇ ਧਰਦੀ ਸੀ
ਠੰਢੀ-ਠੰਢੀ ਵਾਅ ਵਰਗੀ ਸੀ।
ਆਉਂਦੇ ਜਾਂਦੇ ...

ਗੁੱਸਾ ਰਤਾ ਨਾ ਕਰਦੀ ਸੀ
ਕਦੇਂ ਕਦਾਈ ਲੜਦੀ ਸੀ
ਨਾ ਨਾ ਉਹ ਦੀ ਹਾਂ ਵਰਗੀ ਸੀ।
ਆਉਂਦੇ ਜਾਂਦੇ ...

ਮਾੜਾ ਨਾ ਉਹ ਚਾਹੁੰਦੀ ਸੀ
ਗਲਤ ਗੱਲ ਤੇ ਸਮਝਾਉਂਦੀ ਸੀ
ਲੱਗਦੀ ਮੈਨੂੰ ਮਾਂ ਵਰਗੀ ਸੀ।
ਆਉਂਦੇ ਜਾਂਦੇ ...

ਬੜਾ ਹੀ ਯਾਦ ਆਉਂਦੀ ਆ
ਖੌਰੇ ਕਿੱਥੇ ਖੋ ਗਈ ਆ
ਮੇਰੀ ਸੱਜੀ ਬਾਂਹ ਵਰਗੀ ਸੀ
ਆਉਂਦੇ ਜਾਂਦੇ ..

• ਕਮਲ ਸੇਖੋਂ

### ਗੀਤ



ਨਾ ਵੱਢੀਏ , ਨਾ ਕੱਟੀਏ ਸੋਹਣੇ ਰੁੱਖਾਂ ਨੂੰ
'ਵਾਜ਼ ਮਾਰ ਕੇ ਨਾ ਬੁਲਾਈਏ ਦੁੱਖਾਂ ਨੂੰ
ਨਾ ਵੱਢੀਏ , ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਪੀ ਲੈਂਦੇ ਇਹ ਧੂੰਏ ਵਰਗੀਆਂ ਜ਼ਹਿਰਾਂ ਨੂੰ
ਰੱਖਦੇ ਸੋਹਣਾ ਸਾਫ਼ ਇਹ ਪਿੰਡਾਂ ਸ਼ਹਿਰਾਂ ਨੂੰ
ਦਿੰਦੇ ਸੋਹਣਾ ਵਾਤਾਵਰਨ ਮਨੁੱਖਾਂ ਨੂੰ
ਨਾ ਵੱਢੀਏ ,ਨਾ ਕੱਟੀਏ ਸੋਹਣੇ ਰੁੱਖਾਂ ...।

ਧੁੱਪ, ਗਰਮੀ ਵਿਚ ਦਿੰਦੇ ਮੀਂਹ ਤੇ ਛਾਵਾਂ ਨੇ
ਬਣ ਕੇ ਮਿੱਤਰ ਵੰਡਦੇ ਸੀਤ ਹਵਾਵਾਂ ਨੇ
ਦਿੰਦੇ ਹਾਸੇ, ਖੇੜੇ ਸਾਡੇ ਮੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ....।

ਰੁੱਖਾਂ ਬਾਝੋਂ ਸਾਉਣ ਮਹੀਨਾ ਸੁੱਕ ਜਾਣਾ
ਤੀਆਂ, ਗਿੱਧੇ,ਪੀਂਘਾਂ, ਤ੍ਰਿੰਝਣ, ਮੁੱਕ ਜਾਣਾ
ਹੱਥੀਂ ਮਾਰ-ਮੁਕਾਈਏ ਨਾ ਸਭ ਸੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਦੇਸ਼ ਦਾ ਇਹ ਵਡਮੁੱਲਾ ਧਨ ਵਧਾਉਣਾ ਹੈ
ਕਰੀਏ ਵਾਅਦਾ ਇਕ-ਇਕ ਰੁੱਖ ਲਗਾਉਣਾ ਹੈ
ਆਜੋ ਮਾਰੀਏ ਮਿਰਗ ਤ੍ਰਿਸ਼ਨੀ ਭੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ...।

ਜਸਵਿੰਦਰ ਫਗਵਾੜਾ ਸਾਂਝ ਪੁਰਾਣੀ ਹੈ
ਰੁੱਖ ਧਰਤੀ ਵਿਚ ਸਾਂਭੀ ਬੈਠੇ ਪਾਣੀ ਹੈ
ਦੇਣ ਬਹਾਰਾਂ ਧਰਤੀ ਮਾਂ ਦੀਆਂ ਕੁੱਖਾਂ ਨੂੰ
ਨਾ ਵੱਢੀਏ, ਨਾ ਕੱਟੀਏ ਸੋਹਣੇ ਰੁੱਖਾਂ ਨੂੰ
'ਵਾਜ਼ ਮਾਰ ਕੇ ਨਾ ਬੁਲਾਈਏ ਦੁੱਖਾਂ ਨੂੰ...।

• ਜਸਵਿੰਦਰ ਕੌਰ ਫਗਵਾੜਾ
ਮੋਬਾਈਲ : 94171-35083

### ਮਿੰਨੀ ਕਹਾਣੀ

## ਰੱਬ

ਟੈਸਟ ਦੀ ਰਿਪੋਰਟ ਆਉਣ ਵਾਲੀ ਸੀ। ਅਮਨ ਦਿਲ ਵਿਚ ਡਰ ਜਿਹਾ ਲੈ ਕੇ ਆਪਣੀ ਸੱਸ ਨਾਲ ਆਉਣ ਵਾਲੀ ਖ਼ਬਰ ਦਾ ਇੰਤਜ਼ਾਰ ਕਰ ਰਹੀ ਸੀ। ਅਚਾਨਕ ਡਾਕਟਰ ਆਈ ਤੇ ਢਿੱਲੇ ਜਹੇ ਮੂੰਹ ਨਾਲ ਗਰਭ 'ਚ ਕੁੜੀ ਹੋਣ ਦੀ ਗੱਲ ਕਹਿ ਗਈ। ਕਮਰੇ 'ਚ ਸੰਨਾਟਾ ਛਾ ਗਿਆ।

ਜੇਰਾ ਜਿਹਾ ਕਰ ਕੇ ਅਮਨ ਦੀ ਸੱਸ ਨੇ ਡਾਕਟਰ ਨੂੰ ਇਸ਼ਾਰਾ ਕੀਤਾ ਤਾਂ ਅਮਨ ਦਾ ਰੋਮ ਰੋਮ ਕੁਰਲਾ ਉੱਠਿਆ 'ਬੀਜੀ, ਜਿਹੜੇ ਰੱਬ ਦੇ ਅੱਗੇ ਆਪਾਂ ਸਵੇਰੇ ਨੱਕ ਰਗੜ ਕੇ ਆਏ ਆਂ? ਕੀ ਇਹ ਸਭ ਸਹੀ ਹੋਵੇ, ਉਸ ਤਾਂ ਇਹ ਨੀਂ ਕਿਹਾ ਕਿ ਧੀ ਨੂੰ ਕੁੱਖ 'ਚ ਮਰਵਾ ਦਿਉ, ਹੋ ਸਕਦਾ ਆਪਣਾ ਚੰਗਾ ਏਸੇ 'ਚ ਹੀ ਹੋਵੇ'? ਅਮਨ ਨੇ ਤਰਲਾ ਜਿਹਾ ਪਾਇਆ। 'ਚੁੱਪ ਕਰ ਨੀਂ, ਜੇ ਤੇਰਾ ਰੱਬ ਐਡਾ ਸੱਚਾ ਹੁੰਦਾ ਤਾਂ ਕੋਈ ਚੱਜ ਦੀ ਖ਼ਬਰ ਨਾ ਆਉਂਦੀ'? ਏਨਾ ਕਹਿ ਕੇ ਓਹ ਡਾਕਟਰ ਨਾਲ ਸਲਾਹ ਕਰਨ ਲੱਗ ਪਈ।ਅਮਨ ਦੀ ਸੱਸ ਜੋ ਸਵੇਰੇ ਰੱਬ ਤੇ ਡੋਰੀਆਂ ਸੁੱਟ ਰਹੀ ਸੀ, ਹੁਣ ਆਪ ਰੱਬ ਬਣ ਕੇ ਹੁਕਮ ਚਲਾ ਰਹੀ ਸੀ।

• ਅਰਸ਼ ਸਿੱਧੂ, ਮੋਬਾਈਲ : 94642-15070

ਭਿੰਡੀ 'ਚ ਭਰਪੂਰ ਮਾਤਰਾ 'ਚ ਮਿਨਰਲਜ਼, ਫਾਈਬਰ ਤੇ ਵਿਟਾਮਿਨ ਹੁੰਦੇ ਹਨ, ਜੋ ਚਮੜੀ ਨੂੰ ਖ਼ੂਬਸੂਰਤ ਬਣਾਈ ਰੱਖਦੇ ਹਨ...



# ਭਿੰਡੀ ਨਾਲ ਘਟਾਓ ਭਾਰ

ਗਰਮੀਆਂ 'ਚ ਭਿੰਡੀ ਖਾਣਾ ਬੱਚਿਆਂ ਨੂੰ ਹੀ ਨਹੀਂ, ਵੱਡਿਆਂ ਨੂੰ ਵੀ ਬਹੁਤ ਪਸੰਦ ਹੈ। ਭਿੰਡੀ ਖਾਣ ਲਈ ਹੀ ਸੁਆਦੀ ਨਹੀਂ, ਬਲਕਿ ਸਿਹਤ ਲਈ ਵੀ ਬਹੁਤ ਫ਼ਾਇਦੇਮੰਦ ਹੈ। ਇਸ 'ਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਪ੍ਰੋਟੀਨ, ਫੈਟ, ਫਾਈਬਰ, ਕਾਰਬੋਹਾਈਡ੍ਰੇਟ, ਕੈਲਸ਼ੀਅਮ, ਫਾਸਫੋਰਸ, ਆਇਰਨ, ਮੈਗਨੀਸ਼ੀਅਮ, ਸੋਡੀਅਮ ਤੇ ਕਾਪਰ ਸਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਇਸ ਦੀ ਵਰਤੋਂ ਚਮੜੀ ਦੀ ਸੁੰਦਰਤਾ ਤੇ ਵਾਲਾਂ ਨੂੰ ਖ਼ੂਬਸੂਰਤ ਤੇ ਚਮਕਦਾਰ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਇਸ ਲਈ ਭਿੰਡੀ ਨੂੰ ਪੌਸ਼ਟਿਕ ਸ਼ਬਜ਼ੀ ਮੰਨਿਆ ਜਾਂਦਾ ਹੈ।

### ਕੈਂਸਰ

*ਜੇ ਤੁਸੀਂ ਚਾਹੁੰਦੇ ਹੋ ਤਾਂ ਕੈਂਸਰ ਤੁਹਾਡੇ ਤੋਂ ਦੂਰ ਰਹੇ ਤਾਂ ਭਿੰਡੀ ਨੂੰ ਆਪਣੀ ਖ਼ੁਰਾਕ 'ਚ ਸ਼ਾਮਿਲ ਕਰੋ। ਇਹ ਅੰਤੜੀਆਂ 'ਚ ਮੌਜੂਦ ਟਾਕਸੀਨ ਨੂੰ ਬਾਹਰ ਕੱਢਣ 'ਚ ਮਦਦਗਾਰ ਹੁੰਦੀ ਹੈ, ਜਿਸ ਨਾਲ ਅੰਤੜੀਆਂ ਸਿਹਤਮੰਦ ਤੇ ਬਿਹਤਰ ਤਰੀਕੇ ਨਾਲ ਕੰਮ ਕਰਨ ਲਗਦੀਆਂ ਹਨ।*



### ਸ਼ੂਗਰ

ਭਿੰਡੀ ਡਾਇਬਟੀਜ਼ ਦੇ ਰੋਗੀਆਂ ਲਈ ਬੇਹੱਦ ਫ਼ਾਇਦੇਮੰਦ ਹੈ। ਭਿੰਡੀ 'ਚ ਪਾਇਆ ਜਾਣ ਵਾਲਾ ਯੂਗੇਨੋਲ ਤੱਤ ਡਾਇਬਟੀਜ਼ ਲਈ ਫ਼ਾਇਦੇਮੰਦ ਹੈ। ਇਹ ਖ਼ੂਨ ਵਿਚ ਸ਼ੂਗਰ ਦਾ ਪੱਧਰ ਵਧਣ ਤੋਂ ਰੋਕਦਾ ਹੈ, ਜਿਸ ਨਾਲ ਡਾਇਬਟੀਜ਼ ਦਾ ਖ਼ਤਰਾ ਘਟਦਾ ਹੈ।

### ਦਿਲ ਦੇ ਰੋਗ

ਭਿੰਡੀ ਨਾ ਸਿਰਫ਼ ਤੁਹਾਨੂੰ ਡਾਇਬਟੀਜ਼ ਤੋਂ ਬਚਾਉਂਦੀ ਹੈ, ਬਲਕਿ ਤੁਹਾਡੇ ਦਿਲ ਲਈ ਵੀ ਕਾਰਗਰ ਹੈ। ਭਿੰਡੀ ਹਾਈ ਕੋਲੈਸਟਰੋਲ ਨੂੰ ਕੰਟਰੋਲ ਕਰਨ ਦਾ ਸਭ ਤੋਂ ਵਧੀਆ ਉਪਾਅ ਹੈ। ਇਸ 'ਚ ਮੌਜੂਦ ਪੈਕਟਿਨ ਨਾਂ ਦਾ ਤੱਤ ਕੋਲੈਸਟਰੋਲ ਨੂੰ ਘੱਟ ਕਰਨ 'ਚ ਮਦਦਗਾਰ ਹੈ। ਇਸ ਤੋਂ ਇਲਾਵਾ ਘੁਲਣਸ਼ੀਲ ਫਾਈਬਰ ਖ਼ੂਨ 'ਚ ਕੋਲੈਸਟਰੋਲ ਨੂੰ ਕੰਟਰੋਲ ਕਰਦਾ ਹੈ, ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਘੱਟ ਹੁੰਦਾ ਹੈ।

### ਅਨੀਮੀਆ

ਜ਼ਿਆਦਾਤਰ ਭਾਰਤੀ ਔਰਤਾਂ 'ਚ ਆਇਰਨ ਦੀ ਕਮੀ ਹੁੰਦੀ ਹੈ ਪਰ ਹੁਣ ਪਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ, ਕਿਉਂਕਿ ਭਿੰਡੀ 'ਚ ਮੌਜੂਦ ਆਇਰਨ ਸਾਡੇ ਸਰੀਰ 'ਚ ਇਸ ਦੀ ਕਮੀ ਨੂੰ ਦੂਰ ਕਰਦਾ ਹੈ। ਇਹ ਖ਼ੂਨ 'ਚ ਹੀਮੋਗਲੋਬਿਨ ਦਾ ਨਿਰਮਾਣ ਕਰਦਾ ਹੈ, ਜਿਸ ਨਾਲ ਅਨੀਮੀਆ ਤੋਂ ਬਚਾਅ ਰਹਿੰਦਾ ਹੈ। ਜੇ ਤੁਹਾਡੇ ਸਰੀਰ 'ਚ ਖ਼ੂਨ ਦੀ ਕਮੀ ਹੈ ਤਾਂ ਇਸ ਨੂੰ ਪੂਰਾ ਕਰਨ ਲਈ ਖ਼ੁਰਾਕ 'ਚ ਭਿੰਡੀ ਨੂੰ ਜ਼ਰੂਰ ਸ਼ਾਮਿਲ ਕਰੋ।

### ਇਮਿਊਨ ਸਿਸਟਮ

ਭਿੰਡੀ 'ਚ ਵਿਟਾਮਿਨ-ਸੀ ਦੇ ਨਾਲ-ਨਾਲ ਜ਼ਿਆਦਾ ਮਾਤਰਾ 'ਚ ਐਂਟੀਆਕਸੀਡੈਂਟਸ ਹੁੰਦੇ ਹਨ। ਇਸ ਤੋਂ ਇਲਾਵਾ ਇਸ ਵਿਚਲੇ ਹੋਰ ਮਹੱਤਵਪੂਰਨ ਤੱਤ ਕੈਲਸ਼ੀਅਮ, ਆਇਰਨ ਤੇ ਮੈਗਨੀਜ਼ ਹਾਨੀਕਾਰਕ ਫਰੀ ਰੈਡੀਕਲਜ਼ ਤੋਂ ਤੁਹਾਡੀ ਸੁਰੱਖਿਆ ਕਰਦੇ ਹਨ, ਜਿਸ ਨਾਲ ਤੁਹਾਡਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ ਤੇ ਤੁਹਾਡੇ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਮਿਲਦੀ ਹੈ।

### ਅੱਖਾਂ ਲਈ ਕਾਰਗਰ

ਅੱਖਾਂ ਲਈ ਵਿਟਾਮਿਨ-ਏ ਤੇ ਬੀਟਾ ਕੈਰੋਟੀਨ ਨੂੰ ਬਹੁਤ ਵਧੀਆ ਮੰਨਿਆ ਜਾਂਦਾ ਹੈ। ਭਿੰਡੀ 'ਚ ਇਹ ਦੋਵੇਂ ਚੀਜ਼ਾਂ ਭਰਪੂਰ ਮਾਤਰਾ 'ਚ ਹੁੰਦੀਆਂ ਹਨ, ਭਾਵ ਭਿੰਡੀ ਅੱਖਾਂ ਅਤੇ ਨਜ਼ਰ ਸਬੰਧੀ ਸਮੱਸਿਆਵਾਂ ਲਈ ਵੀ ਫ਼ਾਇਦੇਮੰਦ ਹੈ।

### ਭਾਰ ਘੱਟ ਕਰਨ 'ਚ ਸਹਾਈ

ਭਾਰ ਘੱਟ ਕਰਨ ਲਈ ਭਿੰਡੀ ਨੂੰ ਆਪਣੀ ਖ਼ੁਰਾਕ 'ਚ ਸ਼ਾਮਿਲ ਕਰੋ। ਇਸ 'ਚ ਭਰਪੂਰ ਮਾਤਰਾ 'ਚ ਫਾਈਬਰ ਦੀ ਮੌਜੂਦਗੀ ਤੁਹਾਨੂੰ ਲੰਮੇ ਸਮੇਂ ਤਕ ਪੇਟ ਭਰੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ, ਜਿਸ ਨਾਲ ਤੁਸੀਂ ਵਾਰ-ਵਾਰ ਖਾਣ ਦੀ ਆਦਤ ਤੋਂ ਬਚ ਜਾਂਦੇ ਹੋ। ਇਸ ਤੋਂ ਇਲਾਵਾ ਭਿੰਡੀ 'ਚ ਕੈਲੋਰੀ ਦੀ ਮਾਤਰਾ ਬਿਲਕੁਲ ਨਹੀਂ ਹੁੰਦੀ। ਇਸ ਲਈ ਭਿੰਡੀ ਨੂੰ ਭਾਰ ਘੱਟ ਕਰਨ ਲਈ ਵਧੀਆ ਮੰਨਿਆ ਜਾਂਦਾ ਹੈ।

### ਚਮੜੀ ਤੇ ਵਾਲਾਂ ਲਈ ਫ਼ਾਇਦੇਮੰਦ

ਇਸ 'ਚ ਭਰਪੂਰ ਮਾਤਰਾ 'ਚ ਮਿਨਰਲਜ਼, ਫਾਈਬਰ ਤੇ ਵਿਟਾਮਿਨ ਹੁੰਦੇ ਹਨ, ਜੋ ਤੁਹਾਡੀ ਚਮੜੀ ਨੂੰ ਖ਼ੂਬਸੂਰਤ ਬਣਾਈ ਰੱਖਦੇ ਹਨ। ਇਹ ਵਾਲਾਂ ਲਈ ਵੀ ਫ਼ਾਇਦੇਮੰਦ ਹਨ। ਭਿੰਡੀ ਵਾਲਾਂ 'ਚੋਂ ਵਾਧੂ ਤੇਲ ਬਾਹਰ ਕੱਢਣ ਲਈ ਉਪਯੋਗੀ ਹੁੰਦੀ ਹੈ। ਇਸ 'ਚ ਮੌਜੂਦ ਵਿਟਾਮਿਨ ਤੇ ਫਾਈਬਰ ਵਾਲਾਂ 'ਚੋਂ ਵਾਧੂ ਤੇਲ ਨੂੰ ਸੋਖ ਲੈਂਦੇ ਹਨ। •

---

ਔਸਟੀਓਪਰੋਸਿਸ ਕਾਰਨ ਫਰੈਕਚਰ ਦੀ ਦਰ ਔਰਤਾਂ 'ਚ ਮਰਦਾਂ ਨਾਲੋਂ ਦੁੱਗਣੀ ਹੈ। ਵਧਦੀ ਉਮਰ ਨਾਲ ਹੱਡੀਆਂ ਕਮਜ਼ੋਰ ਹੁੰਦੀਆਂ ਰਹਿੰਦੀਆਂ ਹਨ। ਮਰਦਾਂ 'ਚ 75 ਸਾਲ ਤੋਂ ਵਡੇਰੀ ਉਮਰ 'ਚ ਇਹ ਖ਼ਤਰਾ ਵਧਦਾ ਹੈ...

# ਹੱਡੀਆਂ ਨੂੰ ਖੋਰਨ ਵਾਲਾ ਰੋਗ ਔਸਟੀਓਪਰੋਸਿਸ



ਡਾ. ਮਨਜੀਤ ਬੱਲ
98728-43491



ਔਸਟੀਓਪਰੋਸਿਸ ਦੇ ਸ਼ਾਬਦਿਕ ਅਰਥ ਹਨ 'ਹੱਡੀਆਂ ਦੀ ਘਣਤਾ ਘਟ ਜਾਣਾ'। ਇਸ ਦੌਰਾਨ ਹੱਡੀਆਂ ਖੁਰ ਕੇ ਅੰਦਰੋਂ ਪੋਲੀਆਂ ਹੋ ਜਾਂਦੀਆਂ ਹਨ ਤੇ ਹੱਡੀ ਟੁੱਟਣ (ਫਰੈਕਚਰ) ਦਾ ਖ਼ਤਰਾ ਵਧ ਜਾਂਦਾ ਹੈ। ਵਧੇਰੇ ਕੇਸਾਂ 'ਚ ਕੈਲਸ਼ੀਅਮ, ਫਾਸਫੋਰਸ ਤੇ ਹੋਰ ਖਣਿਜਾਂ ਦਾ ਸਰੀਰ 'ਚ ਪੱਧਰ ਘਟਣ ਕਰਕੇ ਹੱਡੀਆਂ ਦੀ ਘਣਤਾ ਘਟ ਜਾਂਦੀ ਹੈ ਤੇ ਇਹ ਕਮਜ਼ੋਰ ਹੋ ਜਾਂਦੀਆਂ ਹਨ। ਇਹ ਸਮੱਸਿਆ ਮੁੱਖ ਤੌਰ 'ਤੇ ਔਰਤਾਂ 'ਚ ਹੁੰਦੀ ਹੈ, ਫਿਰ ਵੀ ਕੁਝ ਫ਼ੀਸਦੀ ਮਰਦ ਇਸ ਦੀ ਲਪੇਟ 'ਚ ਆਉਂਦੇ ਹਨ।

### ਅਲਾਮਤਾਂ

ਪਿੱਠ 'ਚ ਦਰਦ, ਕੁੱਬ ਨਿਕਲ ਆਉਣਾ, ਸਮਾਂ ਪਾ ਕੇ ਕੱਦ ਘਟ ਜਾਣਾ, ਰੀੜ੍ਹ ਦੀ ਹੱਡੀ ਦੇ ਮਣਕੇ ਫਿੱਸ ਜਾਣਾ, ਗੁੱਟ, ਹੱਡੀ ਦਾ ਟੁੱਟ ਜਾਣਾ, ਚੂਲ੍ਹੇ ਜਾਂ ਹੋਰ ਜੋੜਾਂ ਦੀਆਂ ਹੱਡੀਆਂ ਟੁੱਟ ਸਕਦੀਆਂ ਹਨ। ਨਾਰਮਲ ਹੱਡੀ ਨੂੰ ਦੇਖੀਏ ਤਾਂ ਇਹ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਵਾਂਗ ਦਿਖਾਈ ਦਿੰਦੀ ਹੈ। ਔਸਟੀਓਪਰੋਸਿਸ ਵਾਲੀ ਹੱਡੀ ਅੰਦਰੋਂ ਬਹੁਤ ਜ਼ਿਆਦਾ ਖ਼ਾਲੀ ਹੋ ਜਾਂਦੀ ਹੈ। ਹੱਡੀਆਂ ਦੀ ਘਣਤਾ ਜਾਂ ਤਾਕਤ ਜਾਂ ਇਸ ਦਾ ਠੋਸ ਹੋਣਾ ਇਸ ਵਿਚਲੇ ਖਣਿਜਾਂ 'ਤੇ ਨਿਰਭਰ ਕਰਦੀ ਹੈ। ਜਦੋਂ ਇਨ੍ਹਾਂ ਖਣਿਜਾਂ ਦੀ ਮਾਤਰਾ ਘਟ ਜਾਂਦੀ ਹੈ ਤਾਂ ਹੱਡੀਆਂ ਦੀ ਕਮਜ਼ੋਰੀ, ਕੁੱਬ ਤੇ ਫਰੈਕਚਰ ਹੋਣ ਲਗਦੇ ਹਨ।

ਭਾਵੇਂ ਇਸ ਬਾਰੇ ਅਜੇ ਇਸ ਦੇ ਅਸਲ ਕਾਰਨਾਂ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ ਪਰ ਫਿਰ ਵੀ ਇਹ ਗੱਲ ਸਾਫ਼ ਹੈ ਕਿ ਹੱਡੀ ਦੇ ਅੰਦਰ ਨਿਰੰਤਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ, ਨਵੀਂ ਹੱਡੀ ਬਣਦੀ ਰਹਿੰਦੀ ਹੈ ਤੇ ਪੁਰਾਣੀ ਖੁਰਦੀ ਰਹਿੰਦੀ ਹੈ। ਇਸ ਵਿਧੀ ਨੂੰ ਰੀਮਾਡਲਿੰਗ ਕਹਿੰਦੇ ਹਨ, ਜਿਸ ਦਾ ਇਕ ਚੱਕਰ ਦੋ ਤੋਂ ਤਿੰਨ ਮਹੀਨਿਆਂ 'ਚ ਪੂਰਾ ਹੁੰਦਾ ਹੈ। ਨਵੀਂ ਹੱਡੀ ਬਣਨ ਦਾ ਕੰਮ ਪੁਰਾਣੀ ਦੇ ਖੁਰਨ ਨਾਲੋਂ ਤੇਜ਼ੀ ਨਾਲ ਹੁੰਦਾ ਹੈ। ਇਸ ਲਈ ਅਕਸਰ ਹੱਡੀਆਂ ਦਾ ਆਕਾਰ ਤੇ ਘਣਤਾ ਵਧਦੀ ਜਾਂਦੀ ਹੈ। ਰੀਮਾਡਲਿੰਗ ਦਾ ਸਿਖ਼ਰ 30-35 ਸਾਲ ਦੀ ਉਮਰ 'ਚ ਹੁੰਦਾ ਹੈ। ਇਸ ਤੋਂ ਰੀਮਾਡਲਿੰਗ ਦੀ ਵਿਧੀ 'ਚ ਖੁਰਨਾ ਵਧੇਰੇ ਤੇ ਬਣਨਾ ਘਟ ਜਾਂਦਾ ਹੈ। ਔਰਤਾਂ 'ਚ ਮਾਹਵਾਰੀ ਬੰਦ ਹੋਣ (ਮੀਨੋਪਾਜ਼) ਵੇਲੇ ਜਦੋਂ ਔਰਤਾਂ ਵਾਲੇ ਹਾਰਮੋਨ (ਐਸਟਰੋਜਨ) ਘਟ ਜਾਂਦੇ ਹਨ ਤਾਂ ਹੱਡੀਆਂ ਦਾ ਖੁਰਨਾ ਅਚਾਨਕ ਵਧ ਜਾਂਦਾ ਹੈ। ਔਸਟੀਓਪਰੋਸਿਸ ਦੇ ਹੋਰ ਵੀ ਕਈ ਕਾਰਨ ਹੁੰਦੇ ਹਨ ਪਰ ਔਰਤਾਂ 'ਚ ਮੀਨੋਪਾਜ਼ ਵੇਲੇ ਐਸਟਰੋਜਨ ਹਾਰਮੋਨ ਦਾ ਘਟਣਾ ਮੁੱਖ ਕਾਰਨ ਹੈ। ਹੱਡੀਆਂ ਦਾ ਖੁਰਨਾ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ 30-35 ਸਾਲ ਦੀ ਉਮਰ 'ਚ ਜਦ ਇਨ੍ਹਾਂ ਦਾ ਬਣਨਾ ਬੁਲੰਦੀ 'ਤੇ ਸੀ, ਉਦੋਂ ਕਿੰਨੀਆਂ ਕੁ ਹੱਡੀਆਂ ਬਣੀਆਂ ਸਨ ਉਸ ਸਮੇਂ ਸਾਡੇ ਸਰੀਰ ਵਿਚ ਕਿੰਨਾ ਕੁ ਵਿਟਾਮਿਨ-ਡੀ, ਕੈਲਸ਼ੀਅਮ, ਫਾਸਫੋਰਸ ਤੇ ਹੋਰ ਖਣਿਜ ਪਦਾਰਥ ਜਮ੍ਹਾਂ ਹੋਏ ਸਨ। ਭੋਜਨ 'ਚ ਕੈਲਸ਼ੀਅਮ ਅਤੇ ਵਿਟਾਮਿਨ-ਡੀ ਲੈਣ ਦੇ ਨਾਲ-ਨਾਲ ਵਰਜਿਸ਼ ਵੀ ਬਹੁਤ ਜ਼ਰੂਰੀ ਹੈ ਤਾਂ ਕਿ ਭੋਜਨ ਜ਼ਰੀਏ ਲਿਆ ਗਿਆ ਕੈਲਸ਼ੀਅਮ ਸਰੀਰ 'ਚ ਜਜ਼ਬ ਹੋ ਸਕੇ।

### ਖ਼ਤਰੇ ਵਾਲੇ ਹਾਲਾਤ

ਔਸਟੀਓਪਰੋਸਿਸ ਕਾਰਨ ਫਰੈਕਚਰ ਦੀ ਦਰ ਔਰਤਾਂ 'ਚ ਮਰਦਾਂ ਨਾਲੋਂ ਦੁੱਗਣੀ ਹੈ। ਵਧਦੀ ਉਮਰ ਨਾਲ ਹੱਡੀਆਂ ਕਮਜ਼ੋਰ ਹੁੰਦੀਆਂ ਰਹਿੰਦੀਆਂ ਹਨ। ਮਰਦਾਂ 'ਚ 75 ਸਾਲ ਤੋਂ ਵਡੇਰੀ ਉਮਰ 'ਚ ਇਹ ਖ਼ਤਰਾ ਵਧਦਾ ਹੈ, ਜਦਕਿ ਔਰਤਾਂ 'ਚ 45-50 ਸਾਲ ਦੀ ਉਮਰ 'ਚ ਇਹ ਖ਼ਤਰਾ ਵਧ ਜਾਂਦਾ ਹੈ। ਦੱਖਣ-ਪੂਰਬੀ ਏਸ਼ੀਆ ਦੇ ਲੋਕਾਂ ਤੇ ਗੋਰਿਆਂ 'ਚ ਦੂਸਰੇ ਖੇਤਰਾਂ ਦੇ ਮੁਕਬਾਲੇ ਇਹ ਖ਼ਤਰਾ ਵਧੇਰੇ ਹੁੰਦਾ ਹੈ। ਹੱਡੀਆਂ ਖੁਰਨ ਦੀ ਬਿਮਾਰੀ (ਔਸਟੀਓਪਰੋਸਿਸ) ਨੂੰ ਦੋ ਵਰਗਾਂ 'ਚ ਵੰਡਿਆ ਜਾ ਸਕਦਾ ਹੈ।





### ਪ੍ਰਾਇਮਰੀ

**ਪ੍ਰਾਇਮਰੀ ਟਾਈਪ 1 :** ਔਰਤਾਂ 'ਚ ਮੀਨੋਪਾਜ਼ ਤੋਂ ਬਾਅਦ ਹੁੰਦੀ ਹੈ।

**ਪ੍ਰਾਇਮਰੀ ਟਾਈਪ 2 :** ਬੁਢਾਪੇ ਵੇਲੇ ਔਸਟੀਓਪਰੋਸਿਸ, ਜੋ 75 ਸਾਲ ਤੋਂ ਵਡੇਰੀ ਉਮਰ ਦੇ ਮਰਦਾਂ ਤੇ ਔਰਤਾਂ 'ਚ 1:2 ਦੀ ਅਨੁਪਾਤ 'ਚ ਹੁੰਦੀ ਹੈ।

### ਸੈਕੰਡਰੀ

ਇਹ ਕਿਸੇ ਵੀ ਤਰ੍ਹਾਂ ਦੀਆਂ ਦਵਾਈਆਂ, ਖ਼ਾਸ ਕਰਕੇ 'ਸਟੀਰਾਇਡਜ਼' ਵਰਗ ਦੀਆਂ ਦਵਾਈਆਂ ਦੀ ਲੰਬੇ ਸਮੇਂ ਤਕ ਵਰਤੋਂ ਕਰਨ ਨਾਲ ਕਿਸੇ ਵੀ ਉਮਰ 'ਚ ਹੋ ਸਕਦੀ ਹੈ।

### ਕੀ ਹੈ ਹੱਡੀ ਦੀ ਘਣਤਾ ?

ਘਣਤਾ ਜਾਂ ਡੈਨਸਿਟੀ ਇਕ ਮੈਡੀਕਲ ਸ਼ਬਦ ਹੈ, ਜਿਸ ਦਾ ਅਰਥ ਹੈ ਹੱਡੀ ਦੇ ਪ੍ਰਤੀ ਸਕੁਏਅਰ ਸੈਂਟੀਮੀਟਰ 'ਚ ਕਿੰਨਾ ਖਣਿਜ ਹੈ। ਇਸ ਦਾ ਟੈਸਟ ਔਸਟੀਓਪਰੋਸਿਸ ਜਾਂ ਹੱਡੀ ਟੁੱਟਣ ਦਾ ਖ਼ਤਰਾ ਦੇਖਣ ਲਈ ਕੀਤਾ ਜਾਂਦਾ ਹੈ। ਇਸ 'ਚ ਵਰਤੀ ਜਾਂਦੀ ਮਸ਼ੀਨ ਨੂੰ ਡੈਨਸਿਟੋ ਮੀਟਰ ਆਖ਼ਦੇ ਹਨ, ਜੋ ਰੇਡੀਆਲੋਜਿਸਟ ਜਾਂ ਨਿਊਕਲੀਅਰ ਮੈਡੀਸਨ ਵਾਲੇ ਡਾਕਟਰ ਕਰਦੇ ਹਨ। ਆਮ ਤੌਰ 'ਤੇ ਇਹ ਟੈਸਟ ਲੱਕ ਦੇ ਹੇਠਾਂ, ਰੀੜ੍ਹ ਦੀ ਹੱਡੀ 'ਤੇ ਕੀਤਾ ਜਾਂਦਾ ਹੈ ਤੇ ਕਈ ਵਾਰ ਗੁੱਟ ਤੋਂ ਉੱਪਰ, ਬਾਂਹ ਦੀ ਹੱਡੀ 'ਤੇ ਵੀ ਕੀਤਾ ਜਾਂਦਾ ਹੈ।

### ਬਚਾਅ

ਔਸਟੀਓਪਰੋਸਿਸ ਤੋਂ ਬਚਣ ਲਈ ਹੱਡੀਆਂ ਨੂੰ ਤਾਕਤਵਰ ਬਣਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਬਚਪਨ ਤੇ ਕਿਸ਼ੋਰ ਅਵਸਥਾ ਦੌਰਾਨ ਕੀਤੀ ਗਈ ਇਹ ਕੋਸ਼ਿਸ਼ ਔਸਟੀਓਪਰੋਸਿਸ ਤੋਂ ਬਚਣ ਦਾ ਸਭ ਤੋਂ ਵਧੀਆ ਢੰਗ ਹੈ, ਕਿਉਂਕਿ ਜਿਵੇਂ-ਜਿਵੇਂ ਉਮਰ ਵਧਦੀ ਹੈ, ਓਨੀ ਤੇਜ਼ੀ ਨਾਲ ਹੱਡੀਆਂ ਦੀ ਮਜ਼ਬੂਤੀ ਨਹੀਂ ਵਧਦੀ ਤੇ ਮੀਨੋਪਾਜ਼ ਤੋਂ ਬਾਅਦ ਹੱਡੀਆਂ ਖ਼ੁਰਨੀਆਂ ਸ਼ੁਰੂ ਹੋ ਜਾਂਦੀਆਂ ਹਨ। ਫਿਰ ਵੀ ਕੁਝ ਸਾਵਧਾਨੀਆਂ ਵਰਤ ਕੇ ਹੱਡੀਆਂ ਦੇ ਖੁਰਨ ਦੀ ਗਤੀ ਨੂੰ ਘਟਾਇਆ ਜਾ ਸਕਦਾ ਹੈ।

**ਕੈਲਸ਼ੀਅਮ :** ਹੱਡੀਆਂ ਨੂੰ ਠੀਕ-ਠਾਕ ਰੱਖਣ ਲਈ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਭੋਜਨ 'ਚ ਲੋੜੀਂਦੀ ਮਾਤਰਾ 'ਚ ਕੈਲਸ਼ੀਅਮ ਹੋਣਾ ਚਾਹੀਦਾ ਹੈ। ਇਸ ਲਈ ਕੈਲਸ਼ੀਅਮ ਦੀਆਂ ਗੋਲੀਆਂ ਵੀ ਲਈਆਂ ਜਾ ਸਕਦੀਆਂ ਹਨ। ਉਮਰ ਅਨੁਸਾਰ 9-18 ਸਾਲ ਤਕ 1300 ਮਿਲੀਗ੍ਰਾਮ, 19-50 ਸਾਲ ਤਕ 1000 ਮਿਲੀਗ੍ਰਾਮ ਤੇ 51 ਸਾਲ ਤੋਂ ਬਾਅਦ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਪਾਲਕ ਤੇ ਪਨੀਰ ਵਿਚ ਕਾਫ਼ੀ ਮਾਤਰਾ 'ਚ ਕੈਲਸ਼ੀਅਮ ਹੁੰਦਾ ਹੈ।

**ਵਿਟਾਮਿਨ-ਡੀ :** ਇਹ ਵਿਟਾਮਿਨ ਭੋਜਨ ਵਿਚਲੇ ਕੈਲਸ਼ੀਅਮ ਨੂੰ ਜਜ਼ਬ ਕਰਨ 'ਚ ਸਹਾਈ ਹੁੰਦੀ ਹੈ। ਸੂਰਜੀ ਦੀ ਰੋਸ਼ਨੀ ਨਾਲ ਇਹ ਚਮੜੀ 'ਚੋਂ ਪੈਦਾ ਹੁੰਦਾ ਹੈ। ਹਫ਼ਤੇ 'ਚ ਕਰੀਬ ਤਿੰਨ ਵਾਰ 10-15 ਮਿੰਟ ਹੱਥਾਂ, ਬਾਹਾਂ ਤੇ ਚਿਹਰੇ 'ਤੇ ਸੂਰਜ ਦੀ ਰੌਸ਼ਨੀ ਪੈਣ ਨਾਲ ਲੋੜੀਂਦੀ ਮਾਤਰਾ 'ਚ ਵਿਟਾਮਿਨ-ਡੀ ਮਿਲ ਜਾਂਦਾ ਹੈ। ਜ਼ਿਆਦਾ ਸਮਾਂ ਧੁੱਪ 'ਚ ਰਹਿਣਾ ਹੋਵੇ ਤਾਂ ਸਨਸਕਰੀਨ ਦੀ ਵਰਤੋਂ ਕਰੋ ਕਿਉਂਕਿ ਅਲਟਰਾ ਵਾਇਲਟ ਕਿਰਨਾਂ ਨਾਲ ਚਮੜੀ ਸਬੰਧੀ ਤਕਲੀਫ਼ਾਂ ਹੋਣ ਦਾ ਖ਼ਤਰਾ ਵਧ ਸਕਦਾ ਹੈ।

**ਸੰਤੁਲਿਤ ਭੋਜਨ :** ਸੰਤੁਲਿਤ ਭੋਜਨ 'ਚ ਕੈਲਸ਼ੀਅਮ ਤੇ ਵਿਟਾਮਿਨ-ਡੀ ਤੋਂ ਇਲਾਵਾ ਜ਼ਿੰਕ, ਮੈਗਨੀਸ਼ੀਅਮ, ਵਿਟਾਮਿਨ-ਸੀ ਵੀ ਜ਼ਰੂਰ ਲਵੋ। ਦੁੱਧ, ਦਹੀਂ, ਹਰੀਆਂ ਪੱਤੇਦਾਰ ਸਬਜ਼ੀਆਂ, ਮਟਰ, ਬ੍ਰੋਕਲੀ, ਸੰਤਰਾ, ਮੱਛੀ, ਬੀਨਜ਼ ਆਦਿ ਲਾਹੇਵੰਦ ਹਨ।

**ਚੁਸਤ ਰਹੋ :** ਚੁਸਤ ਰਹਿਣ ਨਾਲ ਹੱਡੀਆਂ ਦਾ ਖੁਰਨਾ ਘਟਦਾ ਹੈ, ਜਿਸ ਨਾਲ ਪੱਠਿਆਂ ਦੀ ਤਾਕਤ ਠੀਕ ਰਹਿੰਦੀ ਹੈ। ਥੋੜ੍ਹਾ-ਬਹੁਤ ਭਾਰ ਚੁੱਕਣ ਵਾਲੀ ਵਰਜ਼ਿਸ਼ ਕਰਦੇ ਰਹੋ ਤੇ ਪੱਠਿਆਂ ਦੀ ਹਿਲਜੁਲ ਰੱਖੋ, ਜਿਵੇਂ ਤੇਜ਼ ਸੈਰ, ਪੌੜੀਆਂ ਚੜ੍ਹਨਾ-ਉਤਰਨਾ, ਟੈਨਿਸ ਖੇਡਣਾ, ਯੋਗਾ ਆਦਿ।

**ਤੰਬਾਕੂਨੋਸ਼ੀ :** ਤੰਬਾਕੂਨੋਸ਼ੀ ਨਾਲ ਹੱਡੀਆਂ ਦੇ ਖੁਰਨ 'ਚ ਤੇਜ਼ੀ ਆਉਂਦੀ ਹੈ। ਮੀਨੋਪਾਜ਼ ਦੌਰਾਨ ਘਟਿਆ ਹੋਇਆ ਐਸਟਰੋਜਨ ਦਾ ਪੱਧਰ ਸਮੋਕਿੰਗ ਨਾਲ ਹੋਰ ਘਟਦਾ ਹੈ।

**ਸ਼ਰਾਬ :** ਸ਼ਰਾਬ ਕੈਲਸ਼ੀਅਮ ਦੇ ਸਰੀਰ ਵਿਚ ਜਜ਼ਬ ਹੋਣ 'ਚ ਰੁਕਾਵਟ ਪਾਉਂਦੀ ਹੈ।

**ਪੈਥਾਲੋਜੀਕਲ ਫਰੈਕਚਰ :** ਜੇ ਛੋਟੀ-ਮੋਟੀ ਸੱਟ ਨਾਲ ਹੱਡੀ ਟੁੱਟ ਜਾਵੇ ਤਾਂ ਇਸ ਨੂੰ 'ਪੈਥਾਲੋਜੀਕਲ ਫਰੈਕਚਰ' ਕਿਹਾ ਜਾਂਦਾ ਹੈ। ਆਸਟੀਓਪਰੋਸਿਸ ਇਸ ਦਾ ਇਕ ਕਾਰਨ ਹੈ।

ਹੱਡੀਆਂ ਦਾ ਕੈਂਸਰ, ਜੋ ਪ੍ਰਾਇਮਰੀ (ਮਾਇਲੋਮਾ, ਆਸਟੀਓ-ਜੈਨਿਕ ਸਾਰਕੋਮਾ, ਈਵਿੰਗ ਸਾਰਕੋਮਾ, ਕੌਂਡਰੋਸਾਰਕੋਮਾ) ਤੇ ਸੈਕੰਡਰੀ (ਗੁਰਦੇ, ਥਾਇਰਾਇਡ, ਗਦੂਦਾਂ, ਜਿਗਰ ਆਦਿ) ਹੋ ਸਕਦੇ ਹਨ। ਆਸਟੀਓਮਲੇਸੀਆ, ਆਸਟੀਓਜੈਨੇਸਿਸ ਇੰਪਰਫੈਕਟਾ, ਬੋਨ ਸਿਸਟ, ਹੱਡੀ ਦੀ ਟੀਬੀ ਜਾਂ ਹੋਰ ਇਨਫੈਕਸ਼ਨ ਆਦਿ ਇਸ ਦੇ ਹੋਰ ਅਹਿਮ ਕਾਰਨ ਹਨ। •

---



# ਨੁਕਸਾਨਦੇਹ ਹੈ ਠੰਢਾ ਪਾਣੀ

ਗਰਮੀ ਸ਼ੁਰੂ ਹੁੰਦਿਆਂ ਹੀ ਅਸੀਂ ਫਰਿੱਜ਼ ਦਾ ਠੰਢਾ ਪਾਣੀ ਪੀਣਾ ਸ਼ੁਰੂ ਕਰ ਦਿੰਦੇ ਹਾਂ। ਜੇ ਤੁਸੀਂ ਵੀ ਜ਼ਿਆਦਾ ਮਾਤਰਾ 'ਚ ਠੰਢਾ ਪਾਣੀ ਪੀਂਦੇ ਹੋ ਤਾਂ ਇਸ ਆਦਤ ਨੂੰ ਬਦਲ ਲਓ। ਇਸ ਨਾਲ ਸਰੀਰ ਦੀ ਕੈਲੋਰੀਜ ਬਹੁਤ ਜ਼ਿਆਦਾ ਮਾਤਰਾ 'ਚ ਬਰਨ ਹੋਣ ਲਗਦੀ ਹੈ, ਜਿਸ ਨਾਲ ਪਾਚਨ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਦਾ ਹੈ।

- ਜ਼ਿਆਦਾ ਠੰਢਾ ਪਾਣੀ ਪੀਣ ਨਾਲ ਸਰੀਰ ਨੂੰ ਖਾਣਾ ਹਜ਼ਮ ਕਰਨ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ।
- ਠੰਢੇ ਪਾਣੀ ਦੀ ਵਰਤੋਂ ਨਾਲ ਗਲਾ ਖ਼ਰਾਬ ਤੇ ਗਲੇ 'ਚ ਖਾਰਸ਼ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ ਤੇ ਇਨਫੈਕਸ਼ਨ ਦਾ ਖ਼ਤਰਾ ਰਹਿੰਦਾ ਹੈ।
- ਠੰਢਾ ਪਾਣੀ ਪੀਣ ਨਾਲ ਅੰਤੜੀਆਂ ਸਬੰਧੀ ਸਮੱਸਿਆ ਹੋ ਸਕਦੀ ਹੈ। ਇਸ ਲਈ ਜ਼ਿਆਦਾ ਠੰਢਾ ਪਾਣੀ ਪੀਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਜ਼ਿਆਦਾ ਠੰਢਾ ਪਾਣੀ ਪੀਣ ਨਾਲ ਸਰਦੀ ਜ਼ੁਕਾਮ ਹੋਣ ਦਾ ਖ਼ਤਰਾ ਰਹਿੰਦਾ ਹੈ।
- ਠੰਢੇ ਪਾਣੀ ਦੇ ਸੇਵਨ ਨਾਲ ਬਲੱਡ ਸੈੱਲਜ਼ ਸੁੰਗੜ ਜਾਂਦੇ ਹਨ, ਜਿਸ ਨਾਲ ਪਾਚਨ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ।ਅਤੇ ਭੋਜਨ ਦੀ ਪਾਚਣ ਕਿਰਿਆ ਠੀਕ ਤਰੀਕੇ ਨਾਲ ਕੰਮ ਨਹੀਂ ਕਰਦੀ।

• ਗੁਰਭਿੰਦਰ ਗੁਰੀ
99157-27311

---

# ਗਰਮੀ ਦੇ ਮੌਸਮ 'ਚ ਬੱਚਿਆਂ ਦੀ ਸੁਰੱਖਿਆ

ਗਰਮੀ ਦੇ ਮੌਸਮ 'ਚ ਜਿੱਥੇ ਕਹਿਰ ਦੀ ਗਰਮੀ ਪਰੇਸ਼ਾਨ ਕਰਦੀ ਹੈ, ਉੱਥੇ ਗਰਮੀ ਨਾਲ ਹੋਣ ਵਾਲੇ ਰੋਗ ਇਸ ਪਰੇਸ਼ਾਨੀ ਨੂੰ ਕਈ ਗੁਣਾਂ ਵਧਾ ਦਿੰਦੇ ਹਨ। ਬੱਚੇ ਇਨ੍ਹਾਂ ਰੋਗਾਂ ਦੇ ਸਭ ਤੋਂ ਵੱਧ ਅਤੇ ਸੌਖਾ ਸ਼ਿਕਾਰ ਬਣਦੇ ਹਨ, ਕਿਉਂਕਿ ਬੱਚੇ ਮੌਸਮ ਦੀ ਲੋੜ ਮੁਤਾਬਕ ਸਿਹਤ ਸਬੰਧੀ ਲੋੜੀਂਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਤੇ ਆਪਣੀ ਮੌਜ-ਮਸਤੀ 'ਚ ਖੇਡਦੇ ਰਹਿੰਦੇ ਹਨ। ਸਰੀਰ ਦਾ ਤਾਪਮਾਨ ਅਸਾਵਾਂ ਹੋਣ ਕਾਰਨ ਉਹ ਬਿਮਾਰੀਆਂ ਦੀ ਲਪੇਟ 'ਚ ਆ ਜਾਂਦੇ ਹਨ। ਲੂ ਲੱਗਣਾ, ਪਾਣੀ ਦੀ ਕਮੀ, ਨਕਸੀਰ ਫੁੱਟਣਾ ਆਦਿ ਸਮੱਸਿਆਵਾਂ ਸਹਿਜੇ ਹੀ ਬੱਚਿਆਂ ਨੂੰ ਘੇਰ ਲੈਂਦੀਆਂ ਹਨ। ਕੁਝ ਨੁਕਤਿਆਂ ਨੂੰ ਧਿਆਨ 'ਚ ਰੱਖ ਕੇ ਇਨ੍ਹਾਂ ਬਿਮਾਰੀਆਂ ਤੋਂ ਨਿਜਾਤ ਪਾਈ ਜਾ ਸਕਦੀ ਹੈ।



### ਪਾਣੀ ਦੀ ਕਮੀ

ਬੱਚੇ ਅਕਸਰ ਖੇਡਦੇ ਸਮੇਂ ਪਾਣੀ ਪੀਣਾ ਭੁੱਲ ਜਾਂਦੇ ਹਨ। ਗਰਮੀ 'ਚ ਖੇਡਦੇ ਸਮੇਂ ਸਰੀਰ 'ਚ ਮੌਜੂਦ ਪਾਣੀ ਪਸੀਨੇ ਰਾਹੀਂ ਬਾਹਰ ਨਿਕਲ ਜਾਂਦਾ ਹੈ। ਇਸ ਨਾਲ ਉਨ੍ਹਾਂ ਨੂੰ ਥਕਾਵਟ ਤੇ ਡੀਹਾਈਡ੍ਰੇਸ਼ਨ ਦੀ ਸਮੱਸਿਆ ਜ਼ਿਆਦਾ ਹੁੰਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਖੇਡਣ ਜਾਣ ਸਮੇਂ ਪਾਣੀ ਦੀ ਬੋਤਲ ਨਾਲ ਲਿਜਾਣ ਲਈ ਕਹਿਣ। ਜੇ ਉਹ ਬੱਚਿਆਂ ਦੇ ਨਾਲ ਹਨ ਤਾਂ ਉਨ੍ਹਾਂ ਨੂੰ ਥਕਾਵਟ ਹੋਣ 'ਤੇ ਨਾਰੀਅਲ ਪਾਣੀ, ਜੂਸ, ਲੱਸੀ ਜਾਂ ਹੋਰ ਤਰਲ ਪਦਾਰਥ ਆਦਿ ਦੇਣ।

### ਲੂ ਲੱਗਣਾ

ਜ਼ਿਆਦਾ ਦੇਰ ਧੁੱਪ 'ਚ ਰਹਿਣ ਜਾਂ ਖੇਡਣ ਨਾਲ ਕਈ ਵਾਰ ਬੱਚਿਆਂ ਦੇ ਸਰੀਰ 'ਤੇ ਲਾਲ ਨਿਸ਼ਾਨ ਹੋ ਜਾਂਦੇ ਹਨ, ਜਿਸ ਨਾਲ ਖਾਰਿਸ਼ ਹੁੰਦੀ ਹੈ। ਇਸ ਤੋਂ ਬਚਾਅ ਲਈ ਬੱਚਿਆਂ ਦੇ ਪੂਰੀ ਬਾਂਹ ਦੇ ਸੂਤੀ ਕੱਪੜੇ ਤੇ ਸਿਰ 'ਤੇ ਟੋਪੀ ਆਦਿ ਨਾਲ ਸਿਰ ਢਕ ਕੇ ਹੀ ਬਾਹਰ ਜਾਣ ਦਿਓ। ਬੱਚਿਆਂ ਦੇ ਸਰੀਰ 'ਤੇ ਸਨਸਕਰੀਨ ਆਦਿ ਲਗਾਓ।

### ਦਸਤ

ਦੂਸ਼ਿਤ ਪਾਣੀ ਅਤੇ ਭੋਜਨ ਨਾਲ ਬੱਚਿਆਂ 'ਚ ਉਲਟੀਆਂ ਤੇ ਦਸਤ ਦੀ ਸਮੱਸਿਆ ਆਮ ਹੋ ਜਾਂਦੀ ਹੈ। ਖ਼ਾਸ ਤੌਰ 'ਤੇ ਮਾਰਕੀਟ 'ਚ ਖੁੱਲ੍ਹੀਆਂ ਵਿਕਣ ਵਾਲੀਆਂ ਖਾਣਯੋਗ ਚੀਜ਼ਾਂ ਨਾਲ ਇਹ ਸਮੱਸਿਆ ਹੋ ਜਾਂਦੀ ਹੈ। ਇਸ ਲਈ ਬਾਹਰੀ ਚੀਜ਼ਾਂ ਖਾਣ ਤੋਂ ਪਰਹੇਜ਼ ਰੱਖੋ। ਘਰ ਦਾ ਬਣਿਆ ਤਾਜ਼ਾ ਭੋਜਨ ਖਾਓ। ਇਸ ਮੌਸਮ 'ਚ ਤਲਿਆ, ਮਸਾਲੇਦਾਰ ਤੇ ਭਾਰਾ ਭੋਜਨ ਖਾਣ ਤੋਂ ਬਚੋ ਅਤੇ ਨਾਰੀਅਲ ਤੇ ਨਿੰਬੂ ਪਾਣੀ ਜ਼ਿਆਦਾ ਪੀਓ।

### ਫੰਗਲ ਇਨਫੈਕਸ਼ਨ

ਸਰੀਰ ਦੇ ਅਜਿਹੇ ਹਿੱਸੇ, ਜਿਥੇ ਪਸੀਨੇ ਕਾਰਨ ਖਾਰਿਸ਼ ਤੇ ਲਾਲ ਧੱਬੇ ਬਣਨ ਲੱਗਦੇ ਹਨ, ਉੱਥੇ ਇਨਫੈਕਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ। ਖੇਡਣ ਤੋਂ ਤੁਰੰਤ ਬਾਅਦ ਨਹਾਉਣ ਦੀ ਬਜਾਏ ਕੁਝ ਦੇਰ ਰੁਕ ਕੇ ਠੰਢੇ ਪਾਣੀ ਨਾਲ ਨਹਾਓ ਤੇ ਪਸੀਨੇ ਵਾਲੇ ਕੱਪੜੇ ਬਦਲੋ। ਘਰੋਂ ਨਿਕਲਣ ਤੋਂ ਪਹਿਲਾਂ ਐਂਟੀਫੰਗਲ ਪਾਊਡਰ ਦੀ ਵਰਤੋ ਕਰੋ।

### ਅੱਖਾਂ 'ਚ ਜਲਣ

ਤੇਜ਼ ਧੁੱਪ ਕਾਰਨ ਅੱਖਾਂ 'ਚੋਂ ਪਾਣੀ ਨਿਕਲਣਾ, ਜਲਣ ਅਤੇ ਲਾਲੀ ਆਉਣ ਦੀ ਸ਼ਿਕਾਇਤ ਅਕਸਰ ਬੱਚਿਆਂ 'ਚ ਵੇਖਣ ਨੂੰ ਮਿਲਦੀ ਹੈ। ਇਸ ਤੋਂ ਰਾਹਤ ਲਈ ਸਨਗਲਾਸ ਤੇ ਛਤਰੀ ਦੀ ਵਰਤੋਂ ਕਰੋ। ਤੇਜ਼ ਧੁੱਪ ਤੋਂ ਐਲਰਜੀ ਹੈ ਤਾਂ ਠੰਢੇ ਵਾਤਾਵਰਨ 'ਚ ਹੀ ਬਾਹਰ ਨਿਕਲੋ।

### ਐਲਰਜੀ

ਗਰਮੀ 'ਚ ਕੁਝ ਐਲਰਜੀ ਕਰਨ ਵਾਲੇ ਕੀਟਾਣੂ ਸਰਗਰਮ ਹੋ ਜਾਂਦੇ ਹਨ। ਬੱਚਿਆਂ ਨੂੰ ਇਹ ਕੀਟਾਣੂ ਜਲਦੀ ਆਪਣੀ ਲਪੇਟ 'ਚ ਲੈਂਦੇ ਹਨ। ਇਸ ਲਈ ਬੱਚਿਆਂ ਨੂੰ ਸਰੀਰ ਢਕ ਕੇ ਹੀ ਬਾਹਰ ਜਾਣ ਦਿਓ। ਐਲਰਜੀ ਵਾਲੇ ਮਾਹੌਲ ਤੋਂ ਦੂਰ ਰੱਖੋ। •



---




# ਨਵਪ੍ਰਸੂਤਾਵਾਂ ਦੀਆਂ ਸਮੱਸਿਆਵਾਂ ਹੋਣਗੀਆਂ ਦੂਰ



ਡਾ. ਉਲਹਾਸ ਬੁਰਾਡੇ ਮਹਾਜਨ
ਭਾਰਤੀ ਯੋਗ ਅਤੇ ਪ੍ਰਬੰਧਨ ਸੰਗਠਨ,
ਮੁਰਥਲ, ਸੋਨੀਪਤ

ਜੀਵਨ ਜੀਉਣ ਦੀ ਇੱਛਾ ਸਾਰੇ ਪ੍ਰਾਣੀਆਂ ਦੇ ਵਿਚ ਹੁੰਦੀ ਹੈ। ਬੇਹਤਰ ਜੀਵਨ ਦੇ ਲਈ ਸਰੀਰ ਦਾ ਠੀਕ ਢੰਗ ਨਾਲ ਵਿਕਾਸ ਹੋਣਾ ਜ਼ਰੂਰੀ ਹੈ। ਇਹ ਵਿਕਾਸ ਤਾਂ ਹੀ ਸੰਭਵ ਹੈ, ਜਦ ਬੱਚੇ ਨੂੰ ਉੱਤਮ ਪੋਸ਼ਣ ਮਿਲੇ। ਨਵਜੰਮੇ ਬੱਚੇ ਨੂੰ ਇਹ ਪੋਸ਼ਣ ਮਾਂ ਦੇ ਦੁੱਧ ਤੋਂ ਮਿਲਦਾ ਹੈ। ਜਣੇਪਾ ਪੀੜਾ ਤੋਂ ਗੁਜ਼ਰਨ ਦੇ ਬਾਅਦ ਜਦ ਔਰਤ ਨੂੰ ਮਾਂ ਬਣਨ ਦਾ ਸੁੱਖ ਮਿਲਦਾ ਹੈ ਤਾਂ ਉਹ ਆਨੰਦ ਨਾਲ ਭਰ ਜਾਂਦੀ ਹੈ ਅਤੇ ਉਸਦੇ ਅੰਦਰ ਆਪਣੀ ਔਲਾਦ ਦੇ ਪ੍ਰਤੀ ਮੋਹ ਦੀ ਭਾਵਨਾ ਉਮੜਨ ਲੱਗਦੀ ਹੈ। ਇਸ ਸਥਿਤੀ ਵਿਚ ਮਾਂ ਦੇ ਸਰੀਰ ਵਿਚ ਕਈ ਰਸਾਇਣਿਕ ਪਰਿਵਰਤਨ ਹੁੰਦੇ ਹਨ, ਜਿਸ ਨਾਲ ਜਣੇਪੇ ਦੇ ਬਾਅਦ ਮਾਂ ਦੀ ਛਾਤੀ ਵਿਚ ਦੁੱਧ ਉਤਰ ਆਉਂਦਾ ਹੈ। ਪੋਸ਼ਕ ਤੱਤਾਂ ਨਾਲ ਭਰਪੂਰ ਇਹ ਦੁੱਧ ਨਵਜੰਮੇ ਬੱਚੇ ਦੇ ਲਈ ਜੀਵਨ ਦਾ ਆਧਾਰ ਹੁੰਦਾ ਹੈ।

ਕੁਦਰਤ ਨੇ ਸਾਰੇ ਪ੍ਰਾਣੀਆਂ ਦੇ ਸ਼ੁਰੂਆਤੀ ਜੀਵਨਕਾਲ ਦੇ ਲਈ ਪੋਸ਼ਣ ਦੀ ਵਿਵਸਥਾ ਕੀਤੀ ਹੈ, ਪਰ ਬਦਲਦੇ ਸਮੇਂ ਦੇ ਨਾਲ ਅਤੇ ਖਾਸ ਕਰਕੇ ਆਧੁਨਿਕ ਜੀਵਨਸ਼ੈਲੀ ਕਾਰਣ ਹੁਣ ਔਰਤਾਂ ਦੇ ਜੀਵਨ ਵਿਚ ਵੀ ਕਾਫ਼ੀ ਬਦਲਾਅ ਹੋਏ ਹਨ। ਉਨ੍ਹਾਂ ਦੇ ਭੋਜਨ ਕਰਨ ਦੇ ਤੌਰ-ਤਰੀਕਿਆਂ ਅਤੇ ਰਹਿਣ-ਸਹਿਣ ਵਿਚ ਬਦਲਾਅ ਆਇਆ ਹੈ। ਭੋਜਨ ਦੇ ਅਸੰਤੁਲਿਤ ਅਤੇ ਪੋਸ਼ਣ ਰਹਿਤ ਹੋਣ ਦੇ ਕਾਰਣ ਕੰਮ ਦੇ ਵੱਧੇ ਹੋਏ ਬੋਝ, ਰੁਝੇਵਿਆਂ ਅਤੇ ਸਬੰਧਾਂ ਵਿਚ ਤਣਾਅ ਕਾਰਨ ਔਰਤਾਂ ਵਿਚ ਹਾਰਮੋਨ ਜਨਿਤ ਕਈ ਬਦਲਾਅ ਹੋਏ ਹਨ। ਇਨ੍ਹਾਂ ਤਬਦੀਲੀਆਂ ਦਾ ਮਾਂ 'ਤੇ ਉਲਟ ਅਸਰ ਪੈਂਦਾ ਹੈ। ਇਸ ਦੇ ਚਲਦੇ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਨੂੰ ਛਾਤੀ ਦਾ ਦੁੱਧ ਪਿਲਾਉਣ ਦੌਰਾਨ ਕਈ ਸਰੀਰਕ ਅਤੇ ਭਾਵਨਾਤਮਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਸਮੱਸਿਆ ਹਨ -

- ਸ਼ੁਰੂਆਤੀ ਦਿਨਾਂ ਵਿਚ ਦੁੱਧ ਨਾ ਆਉਣਾ ਜਾਂ ਘੱਟ ਆਉਣਾ।
- ਛਾਤੀ ਦਾ ਪੂਰੀ ਤਰ੍ਹਾਂ ਵਿਕਸਿਤ ਨਾ ਹੋਣਾ ਜਾਂ ਛੋਟੇ ਆਕਾਰ ਦਾ ਹੋਣਾ।
- ਰਾਤ ਵਿਚ ਛੋਟੇ ਬੱਚਿਆਂ ਦੇ ਜਾਗਰਣ ਕਾਰਣ ਥਕਾਵਟ।
- ਜ਼ਿਆਦਾ ਸਮੇਂ ਤਕ ਬੱਚਿਆਂ ਨੂੰ ਦੁੱਧ ਪਿਲਾਉਣਾ।
- ਜਨਤਕ ਸਥਾਨਾਂ 'ਤੇ ਦੁੱਧ ਪਿਲਾਉਣ ਵਿਚ ਮੁਸ਼ਕਿਲਾਂ।
- ਨਵੇਂ ਅਤੇ ਅਸੁਵਿਧਾਜਨਕ ਕਪੜਿਆਂ ਨਾਲ ਬੱਚੇ ਨੂੰ ਦੁੱਧ ਪਿਆਉਣ ਵਿਚ ਹੋਣ ਵਾਲੀ ਪਰੇਸ਼ਾਨੀ।
- ਤਣਾਅ ਅਤੇ ਨਿਰਾਸ਼ਾ ਕਾਰਣ ਬੱਚੇ ਨਾਲ ਮੋਹ ਦੀ ਘਾਟ।

ਉੱਤਮ ਸਰੀਰਕ ਅਤੇ ਮਾਨਸਿਕ ਸਿਹਤ ਵਾਲੀ ਸੰਤਾਨ ਹੀ ਰਾਸ਼ਟਰ ਦੇ ਲਈ ਉਪਯੋਗੀ ਹੁੰਦੀ ਹੈ ਇਹ ਤਦ ਹੀ ਸੰਭਵ ਹੈ, ਜਦ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਖੁਦ ਸਰੀਰਕ ਅਤੇ ਮਾਨਸਿਕ ਰੂਪ ਵਿਚ ਸਿਹਤਮੰਦ ਹੋਵੇ। ਅਜਿਹੀ ਮਾਤਾ ਹੀ ਆਪਣੀ ਆਪਣੀ ਸੰਤਾਨ ਦੀ ਸਿਹਤ ਦਾ ਖਿਆਲ ਰੱਖ ਸਕਦੀ ਹੈ ਅਤੇ ਉਸਦੇ ਪ੍ਰਤੀ ਮੋਹ ਦੀ ਭਾਵਨਾ ਰੱਖ ਸਕਦੀ ਹੈ।

ਇੱਕ ਅਧਿਐਨ ਅਨੁਸਾਰ, ਬੱਚੇ ਦੇ ਜਨਮ ਦੇ ਤੁਰੰਤ ਬਾਅਦ ਤੋਂ ਲੈ ਕੇ ਬੱਚੇ ਨੂੰ ਛਾਤੀ ਦਾ ਦੁੱਧ ਪਿਲਾਉਣ ਜਾਰੀ ਰੱਖਣ ਤਕ ਦਾ ਸਫ਼ਲ ਮਾਂ ਦੇ ਲਈ ਸਭ ਤੋਂ ਚੁਣੌਤੀਪੂਰਣ ਹੁੰਦਾ ਹੈ। ਬਾਹਰੀ ਕਾਰਕ ਇਸ ਚੁਣੌਤੀ ਨੂੰ ਹੋਰ ਵਧਾ ਦਿੰਦੇ ਹਨ, ਜਿਸ ਨਾਲ ਮਾਂ 'ਤੇ ਗਹਿਰਾ ਅਸਰ ਪੈਂਦਾ ਹੈ, ਪਰ ਇਨ੍ਹਾਂ ਸਮੱਸਿਆਵਾਂ ਨੂੰ ਆਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਉਚਿਤ ਮਾਤਰਾ ਵਿਚ ਪੋਸ਼ਕ ਭੋਜਨ ਲੈਣ ਅਤੇ ਸ਼ਾਂਤ ਮਨੋਦਸ਼ਾ ਵਿਚ ਰਹਿਣ ਨਾਲ ਡਲਿਵਰੀ ਦੀਆਂ ਜ਼ਿਆਦਾਤਰ ਸਮੱਸਿਆਵਾਂ ਦਾ ਹੱਲ ਹੋ ਸਕਦ ਹੈ। ਜੇਕਰ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਨੂੰ ਕੋਈ ਸਮੱਸਿਆ ਹੁੰਦੀ ਹੈ ਤਾਂ ਉਸ ਨੂੰ ਡਾਕਟਰ ਕੋਲੋਂ ਸਲਾਹ ਲੈਣੀ ਚਾਹੀਦੀ ਹੈ।

---

# ਫਰੋਜ਼ਨ ਸ਼ੋਲਡਰ ਮੋਢਿਆਂ ਦਾ ਦਰਦ

ਡਾ. ਸੁਧੀਰ ਗੁਪਤਾ

ਆਧੁਨਿਕ ਜੀਵਨਸ਼ੈਲੀ ਨੇ ਸਿਹਤ ਨੂੰ ਕਈ ਪੱਧਰਾਂ 'ਤੇ ਨੁਕਸਾਨ ਪਹੁੰਚਾਇਆ ਹੈ। ਸਿਹਤ ਪ੍ਰਤੀ ਲਾਪਰਵਾਹੀ ਕਾਰਨ ਪਿੱਠ, ਕਮਰ, ਗਰਦਨ ਤੇ ਮੋਢਿਆਂ ਦੇ ਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਫਰੋਜ਼ਨ ਸ਼ੋਲਡਰ ਵੀ ਅਜਿਹੀ ਹੀ ਸਮੱਸਿਆ ਹੈ। ਭਾਰਤ 'ਚ ਲਗਪਗ 58 ਲੱਖ ਲੋਕ ਗਰਦਨ ਸਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਸ ਦਾ ਮੁੱਖ ਕਾਰਨ ਲੰਮੇ ਸਮੇਂ ਤਕ ਕੰਪਿਊਟਰ ਅੱਗੇ ਬੈਠਣਾ, ਸੈਰ ਤੇ ਕਸਰਤ ਲਈ ਸਮਾਂ ਨਾ ਕੱਢਣਾ। ਪੂਰਾ ਦਿਨ ਇੱਕੋ ਤਰੀਕੇ ਨਾਲ ਬੈਠੇ ਰਹਿਣ ਨਾਲ ਜੋੜ ਜਾਮ ਹੋਣ ਲਗਦੇ ਹਨ। ਫਰੋਜ਼ਨ ਸ਼ੋਲਡਰ ਹੋਣ ਪਿੱਛੇ ਅਸਲ ਕਾਰਨ ਕੀ ਹੈ, ਇਸ ਬਾਰੇ ਅਜੇ ਤਕ ਪਤਾ ਨਹੀਂ ਲੱਗ ਸਕਿਆ।

### ਆਮ ਅਲਾਮਤਾਂ

ਫਰੋਜ਼ਨ ਸ਼ੋਲਡਰ ਦੌਰਾਨ ਮੋਢੇ ਦੀਆਂ ਹੱਡੀਆਂ ਨੂੰ ਘੁਮਾਉਣਾ ਮੁਸ਼ਕਲ ਹੋ ਜਾਂਦਾ ਹੈ। ਮੈਡੀਕਲ ਭਾਸ਼ਾ 'ਚ ਇਸ ਦਰਦ ਨੂੰ 'ਐਡਹੈਸਿਵ ਕੈਪਸੂਲਾਇਟਿਸ' ਆਖਦੇ ਹਨ। ਹਰ ਜੋੜ ਦੇ ਬਾਹਰ ਇਕ ਕੈਪਸੂਲ ਹੁੰਦਾ ਹੈ। ਫਰੋਜ਼ਨ ਸ਼ੋਲਡਰ 'ਚ ਇਹ ਕੈਪਸੂਲ ਸਖ਼ਤ ਹੋ ਜਾਂਦਾ ਹੈ। ਇਹ ਦਰਦ ਹੌਲੀ-ਹੌਲੀ ਤੇ ਅਚਾਨਕ ਸ਼ੁਰੂ ਹੁੰਦਾ ਹੈ ਤੇ ਫਿਰ ਪੂਰੇ ਮੋਢੇ ਨੂੰ ਜਾਮ ਕਰ ਦਿੰਦਾ ਹੈ, ਜਿਵੇਂ ਡਰਾਈਵਿੰਗ ਜਾਂ ਕੋਈ ਘਰੇਲੂ ਕੰਮ ਕਰਦਿਆਂ ਅਚਾਨਕ ਇਹ ਦਰਦ ਸ਼ੁਰੂ ਹੋ ਸਕਦਾ ਹੈ।

ਇਸ ਤੋਂ ਗ੍ਰਸਤ 60 ਫ਼ੀਸਦੀ ਲੋਕ ਤਿੰਨ ਸਾਲ 'ਚ ਤੇ 90 ਫ਼ੀਸਦੀ ਲੋਕ ਸੱਤ ਸਾਲ 'ਚ ਆਪਣੇ ਆਪ ਠੀਕ ਹੋ ਜਾਂਦੇ ਹਨ। ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਨੂੰ ਇਹ ਸਮੱਸਿਆ ਜ਼ਿਆਦਾ ਹੁੰਦੀ ਹੈ। ਸੱਟ ਜਾਂ ਝਟਕੇ ਕਾਰਨ ਹੋਣ ਵਾਲਾ ਹਰ ਦਰਦ ਫਰੋਜ਼ਨ ਸ਼ੋਲਡਰ ਨਹੀਂ ਹੁੰਦਾ। ਇਹ ਸਮੱਸਿਆ 35 ਤੋਂ 70 ਸਾਲ ਦੀ ਉਮਰ 'ਚ ਜ਼ਿਆਦਾ ਹੁੰਦੀ ਹੈ। ਸ਼ੂਗਰ, ਥਾਇਰਾਇਡ, ਕਾਰਡਿਓ ਵੈਸਕੁਲਰ ਸਿਸਟਮ ਸਬੰਧੀ ਸਮੱਸਿਆਵਾਂ, ਟੀਬੀ ਤੇ ਪਾਰਨਕਿਸਨਜ਼ ਦੇ ਮਰੀਜ਼ਾਂ ਨੂੰ ਇਹ ਸਮੱਸਿਆ ਜ਼ਿਆਦਾ ਘੇਰਦੀ ਹੈ। 10 ਫ਼ੀਸਦੀ ਲੋਕ ਠੀਕ ਨਹੀਂ ਹੁੰਦੇ। ਉਨ੍ਹਾਂ ਦਾ ਇਲਾਜ ਸਰਜੀਕਲ ਤੇ ਨਾਨ-ਸਰਜੀਕਲ ਦੋਵਾਂ ਤਰੀਕਿਆਂ ਨਾਲ ਕੀਤਾ ਜਾਂਦਾ ਹੈ।

### ਜਾਂਚ ਤੇ ਇਲਾਜ

ਲੱਛਣਾਂ ਤੇ ਸਰੀਰਕ ਜਾਂਚ ਜ਼ਰੀਏ ਡਾਕਟਰ ਇਸ ਦੀ ਪਛਾਣ ਕਰਦੇ ਹਨ। ਮੁੱਢਲੀ ਜਾਂਚ ਦੌਰਾਨ ਡਾਕਟਰ ਮੋਢੇ ਤੇ ਬਾਂਹ ਦੇ ਕੁਝ ਖ਼ਾਸ ਹਿੱਸਿਆਂ 'ਤੇ ਦਬਾਅ ਦੇ ਕੇ ਦਰਦ ਦੀ ਤੀਬਰਤਾ ਨੂੰ ਦੇਖਦੇ ਹਨ। ਇਸ ਤੋਂ ਇਲਾਵਾ ਐਕਸਰੇ ਜਾਂ ਐੱਮਆਰਆਈ ਜਾਂਚ ਕਰਵਾਉਣ ਦੀ ਸਲਾਹ ਵੀ ਦਿੱਤੀ ਜਾਂਦੀ ਹੈ। ਸਮੱਸਿਆ ਦੀ ਗੰਭੀਰਤਾ ਨੂੰ ਦੇਖਦਿਆਂ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਦਰਦ ਰੋਕੂ ਦਵਾਈਆਂ ਨਾਲ ਪਹਿਲਾਂ ਦਰਦ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕਿ ਮਰੀਜ਼ ਮੋਢੇ ਨੂੰ ਹਿਲਾ ਸਕੇ। ਦਰਦ ਘਟਣ ਤੋਂ ਬਾਅਦ ਫਿਜ਼ੀਓਥੈਰੇਪੀ ਸ਼ੁਰੂ ਕੀਤੀ ਜਾਂਦੀ ਹੈ, ਜਿਸ 'ਚ ਹਾਟ ਤੇ ਕੋਲਡ ਕੰਪ੍ਰੇਸ਼ਨ ਪੈਕ ਦਿੱਤਾ ਜਾਂਦਾ ਹੈ। ਇਸ ਨਾਲ ਮੋਢੇ ਦੀ ਸੋਜ਼ ਤੇ ਦਰਦ ਤੋਂ ਰਾਹਤ ਮਿਲਦੀ ਹੈ। ਕਈ ਵਾਰ ਲੋਕਲ ਅਨੈਸਥੀਸ਼ੀਆ ਦੇ ਕੇ ਵੀ ਮੋਢੇ ਨੂੰ ਘੁਮਾਇਆ ਜਾਂਦਾ ਹੈ।





### ਲਾਪਰਵਾਹੀ ਹੈ ਖ਼ਤਰਨਾਕ

ਜੇ ਦਰਦ ਲਗਾਤਾਰ ਹੋਵੇ ਤਾਂ ਡਾਕਟਰ ਨੂੰ ਦਿਖਾਓ। ਦਰਦ ਜ਼ਿਆਦਾ ਹੋਵੇ ਤਾਂ ਹੱਥਾਂ ਨੂੰ ਸਿਰ ਦੇ ਬਰਾਬਰ ਉਚਾਈ 'ਤੇ ਰੱਖ ਕੇ ਸੌਂਵੋਂ। ਬਾਹਾਂ ਹੇਠ ਸਿਹਰਾਣੇ ਰੱਖ ਕੇ ਸੌਣ ਨਾਲ ਆਰਾਮ ਮਿਲਦਾ ਹੈ। ਤਿੰਨ ਤੋਂ ਨੌਂ ਮਹੀਨੇ ਤਕ ਦੇ ਸਮੇਂ ਨੂੰ ਫਰੀਜ਼ਿੰਗ ਪੀਰਿਅਡ ਮੰਨਿਆ ਜਾਂਦਾ ਹੈ। ਇਸ ਦੌਰਾਨ ਫਿਜ਼ੀਓਥੈਰੇਪੀ ਨਹੀਂ ਕਰਵਾਉਣੀ ਚਾਹੀਦੀ। ਡਾਕਟਰ ਦੀ ਸਲਾਹ ਨਾਲ ਹੀ ਦਰਦ ਰੋਕੂ ਦਵਾਈਆਂ ਤੇ ਇੰਜੈਕਸ਼ਨ ਲਗਵਾਉਣੇ ਚਾਹੀਦੇ ਹਨ।

### ਕਸਰਤ ਹੈ ਜ਼ਰੂਰੀ

ਕਿਸੇ ਬੰਦ ਦਰਵਾਜ਼ੇ ਦੇ ਹੈਂਡਲ ਨੂੰ ਠੀਕ ਹੱਥ ਨਾਲ ਫੜੋ ਤੇ ਦਰਦ ਵਾਲੇ ਹੱਥ ਨੂੰ ਪਿੱਛੇ ਲਿਜਾਣ ਦੀ ਕੋਸ਼ਿਸ਼ ਕਰੋ। ਦਰਦ ਵਾਲਾ ਹੱਥ ਹੌਲੀ-ਹੌਲੀ 'ਤੇ ਚੁੱਕੋ। ਦੂਜਾ ਹੱਥ ਪਿੱਠ ਵੱਲ ਲਿਜਾਓ ਤੇ ਤੌਲੀਏ ਦੇ ਸਹਾਰੇ ਉੱਪਰ-ਹੇਠਾਂ ਘੁਮਾਉਣ ਦੀ ਕੋਸ਼ਿਸ਼ ਕਰੋ। ਦਰਦ ਵਾਲੇ ਹੱਥ ਨੂੰ ਦੂਜੇ ਪਾਸੇ ਦੇ ਮੋਢੇ ਵੱਲ ਲਿਜਾਣ ਦੀ ਕੋਸ਼ਿਸ਼ ਕਰੋ। ਦੂਜੇ ਹੱਥ ਨਾਲ ਕੂਹਣੀ ਨੂੰ ਸਹਾਰਾ ਦਿਓ। • 78886-63049

---

# ਬਲੱਡ ਪ੍ਰੈਸ਼ਰ ਕੰਟਰੋਲ ਕਰਨ ਵਾਲੇ ਫਲ

ਕੰਮ ਦੇ ਦਬਾਅ, ਤਣਾਅ ਆਦਿ ਕਰਕੇ ਹਾਈ ਬਲੱਡ ਪ੍ਰੈਸ਼ਰ ਆਮ ਸਮੱਸਿਆ ਹੋ ਗਈ ਹੈ। ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਜ਼ਿਆਦਾ ਦਵਾਈਆਂ ਦਾ ਸੇਵਨ ਵਧੀਆ ਉਪਾਅ ਨਹੀਂ ਹੈ। ਆਓ, ਜਾਣਦੇ ਹਾਂ ਬਦਲਦੀ ਜੀਵਨਸ਼ੈਲੀ 'ਚ ਕਿਹੜੇ ਫਲ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਕਾਰਗਰ ਹੋ ਸਕਦੇ ਹਨ।

### ਕੀਵੀ

ਕੀਵੀ ਇਕ ਸੁਆਦੀ ਫਲ ਹੈ, ਜੋ ਪਾਚਨ 'ਚ ਸੁਧਾਰ ਤੇ ਰੋਗਾਂ ਨਾਲ ਲੜਨ ਦੀ ਸਮਰਥਾ ਵਧਾਉਂਦਾ ਹੈ ਅਤੇ ਚਮੜੀ ਨੂੰ ਵੀ ਸਿਹਤਮੰਦ ਰੱਖਦਾ ਹੈ। ਜੇ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੈ ਤਾਂ ਇਸ ਦਾ ਸੇਵਨ ਫ਼ਾਇਦੇਮੰਦ ਹੈ। ਕੀਵੀ ਐਂਟੀਆਕਸੀਡੈਂਟ ਨਾਲ ਭਰਪੂਰ ਹੈ। ਇਕ ਅਧਿਐਨ ਮੁਤਾਬਕ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਦਿਨ 'ਚ ਤਿੰਨ ਕੀਵੀ ਫਲਾਂ ਦਾ ਸੇਵਨ ਕਰੋ। ਇਸ ਨਾਲ ਹਾਈ ਬਲੱਡ ਪ੍ਰੈਸ਼ਰ, ਸਟਰੋਕ, ਦਿਲ ਦੇ ਦੌਰੇ ਆਦਿ ਜਿਹੇ ਖ਼ਤਰਿਆਂ ਨੂੰ ਰੋਕਣ 'ਚ ਮਦਦ ਮਿਲੇਗੀ।

### ਤਰਬੂਜ਼

ਤਰਬੂਜ਼ ਸੁਆਦ ਦੇ ਨਾਲ-ਨਾਲ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਤੁਸੀਂ ਗਰਮੀਆਂ 'ਚ ਰੋਜ਼ਾਨਾ ਇਸ ਦਾ ਸੇਵਨ ਕਰ ਸਕਦੇ ਹੋ ਅਤੇ ਹਾਈ ਬਲੱਡ ਪ੍ਰੈਸ਼ਰ ਕੰਟਰੋਲ ਕਰਨ 'ਚ ਵੀ ਮਦਦ ਮਿਲਦੀ ਹੈ, ਕਿਉਂਕਿ ਇਸ 'ਚ ਪੋਟਾਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਤਰਬੂਜ਼ ਐਂਟੀਆਕਸੀਡੈਂਟ ਅਤੇ ਵਿਟਾਮਿਨ-ਸੀ ਨਾਲ ਵੀ ਭਰਪੂਰ ਹੁੰਦਾ ਹੈ।



### ਅੰਬ

ਗਰਮੀਆਂ ਦਾ ਮੌਸਮ ਅੰਬਾਂ ਦਾ ਮੌਸਮ ਹੈ। ਅੰਬ ਪੋਟਾਸ਼ੀਅਮ ਨਾਲ ਭਰਪੂਰ ਹੁੰਦੇ ਹਨ, ਇਸ ਲਈ ਇਸ ਨੂੰ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਆਦਰਸ਼ ਫਲ ਮੰਨਿਆ ਜਾਂਦਾ ਹੈ।

### ਸਟ੍ਰੋਬਰੀ

ਸਟ੍ਰੋਬਰੀ ਦਾ ਰੰਗ ਦੇਖਦਿਆਂ ਹੀ ਖ਼ੁਸ਼ੀ ਮਹਿਸੂਸ ਹੋਣ ਲਗਦੀ ਹੈ ਅਤੇ ਇਹ ਖਾਣ 'ਚ ਵੀ ਸੁਆਦ ਹੁੰਦੀ ਹੈ। ਤੁਸੀਂ ਇਸ ਦਾ ਸੇਵਨ ਸਟ੍ਰੋਬਰੀ ਸ਼ੇਕ ਬਣਾ ਕੇ ਵੀ ਕਰ ਸਕਦੇ ਹੋ। ਸਟ੍ਰੋਬਰੀ ਐਂਟੀਆਕਸੀਡੈਂਟ, ਵਿਟਾਮਿਨ-ਸੀ ਤੇ ਓਮੇਗਾ-3 ਫੈਟੀ ਐਸਿਡ ਨਾਲ ਭਰਪੂਰ ਹੁੰਦੀ ਹੈ। ਇਸ 'ਚ ਪੋਟਾਸ਼ੀਅਮ ਦੀ ਮੌਜੂਦਗੀ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਕਾਰਗਰ ਹੁੰਦੀ ਹੈ।

### ਕੇਲਾ

ਕੇਲਾ ਇਕ ਆਮ ਫਲ ਹੈ। ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਪੋਟਾਸ਼ੀਅਮ ਅਹਿਮ ਭੂਮਿਕਾ ਨਿਭਾਉਂਦਾ ਹੈ ਤੇ ਕੇਲਾ ਪੋਟਾਸ਼ੀਅਮ ਦਾ ਅਹਿਮ ਸਰੋਤ ਹੈ। ਇਸ ਦੇ ਸੇਵਨ ਨਾਲ ਤੁਸੀਂ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖ ਸਕਦੇ ਹੋ ਸਿਗਰਟਨੋਸ਼ੀ ਤੋਂ ਪਰਹੇਜ਼ ਰੱਖੋ। •

# ਭਾਈ ਲੱਖੀ ਸ਼ਾਹ ਵਣਜਾਰਾ ਹਾਲ ਦੀ ਤਰਜ਼ 'ਤੇ ਗੁਰਦੁਆਰਾ ਮਾਤਾ ਸੁੰਦਰੀ ਕੰਪਲੈਕਸ 'ਚ ਬਣੇਗਾ ਏਸੀ ਹਾਲ : ਕਾਲਕਾ

ਕੌਮੀ ਪਤ੍ਰਿਕਾ

ਅੰਮ੍ਰਿਤਸਰ 28 ਜੂਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਫੈਸਲਾ ਕੀਤਾ ਹੈ ਕਿ ਸੰਗਤ ਦੀ ਮੰਗ 'ਤੇ ਗੁਰਦੁਆਰਾ ਮਾਤਾ ਸੁੰਦਰੀ ਕੰਪਲੈਕਸ ਵਿਖੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਦੀ ਤਰਜ਼ 'ਤੇ ਇਕ ਵਿਸ਼ਾਲ ਏਅਰ ਕੰਡੀਸ਼ਨਲ ਹਾਲ ਤਿਆਰ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਕਾਲਕਾ ਤੇ ਜਨਰਲ ਸਕੱਤਰ ਕਾਹਲੋਂ ਨੇ ਦੱਸਿਆ ਕਿ ਇਸ ਹਾਲ ਦਾ ਯਮੁਨਾ ਪਾਰ ਦੀ ਸੰਗਤ ਨੂੰ ਵੱਡਾ ਲਾਭ ਮਿਲੇਗਾ। ਉਹਨਾਂ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਕਾਰ ਸੇਵਾ ਪੰਥ ਰਤਨ ਬਾਬਾ ਹਰਬੰਸ ਸਿੰਘ ਜੀ ਵਲੋਂ ਵਰੋਸਾਏ ਬਾਬਾ ਬਚਨ ਸਿੰਘ , ਬਾਬਾ ਸੁਰਿੰਦਰ ਸਿੰਘ ਅਤੇ ਬਾਬਾ ਸਤਨਾਮ ਸਿੰਘ ਤੇ ਹੋਰ ਮਹਾਂਪੁਰਖ ਸੰਭਾਲਦੇ ਹਨ। ਇਸ ਕਾਰ ਸੇਵਾ ਵਾਸਤੇ ਅੱਜ ਸੰਗਤ ਵੱਲੋਂ ਦਿੱਤਾ ਗਿਆ ਸੋਨਾ ਤੇ ਚਾਂਦੀ ਅਸੀਂ ਬਾਬਾ ਜੀ ਦੇ ਸਪੁਰਦ ਕੀਤਾ ਹੈ। ਉਹਨਾਂ ਦੱਸਿਆ ਕਿ 4 ਕਿਲੋ 153 ਗ੍ਰਾਮ ਤੇ 313 ਮਿਲੀਗ੍ਰਾਮ ਸੋਨਾ ਅਤੇ 12 ਕਿਲੋ 86 ਗ੍ਰਾਮ ਤੇ 91 ਮਿਲੀਗ੍ਰਾਮ ਚਾਂਦੀ ਬਾਬਾ ਜੀ ਦੇ ਸੁਪਰਦ ਕੀਤੇ ਗਏ ਹਨ। ਇਸ ਤੋਂ ਪਹਿਲਾਂ 14, 15 ਮਾਰਚ 2023 ਤੋਂ 26 ਜੂਨ 2025 ਤੱਕ ਸੋਨਾ ਚਾਂਦੀ ਸਮੇਤ ਕਈ ਹੋਰ ਕੀਮਤੀ ਚੀਜ਼ ਜੋ ਵੀ ਨਿਕਲਦੀ ਹੈ, ਉਸਦਾ ਪੂਰਾ ਰਿਕਾਰਡ ਰੱਖਿਆ ਜਾਂਦਾ ਹੈ, ਉਹ ਬਾਬਾ ਜੀ ਨੂੰ ਸੌਂਪੇ ਹਨ। ਉਨ੍ਹਾਂ ਦੱਸਿਆ ਕਿ ਇਸ ਵੇਲੇ ਕਮੇਟੀ ਵੱਲੋਂ ਬਾਲਾ ਸਾਹਿਬ ਹਸਪਤਾਲ ਸ਼ੁਰੂ ਕੀਤਾ ਗਿਆ ਹੈ, ਉਸਦੇ ਅਗਲੇ ਪੜਾਅ ਦੀ ਸੇਵਾ ਹੋਣੀ ਹੈ। ਉਸ ਤੋਂ ਇਲਾਵਾ ਗੁਰਮਤਿ ਕਾਲਜ ਦੀ ਮਲਟੀ



ਸਟੋਰੀ ਬਿਲਡਿੰਗ, ਮਾਤਾ ਸੁੰਦਰੀ ਗਰਲਜ਼ ਹੋਸਟਲ ਤੇ 125 ਸਟਾਫ ਕੁਆਰਟਰ ਬਣਾਉਣ ਦੀ ਸੇਵਾ ਚਲ ਰਹੀ ਹੈ। ਇਸਦੇ ਨਾਲ ਹੀ ਗੁਰਮਤਿ ਵਿਦਿਆਲਿਆ ਦੀ ਮਲਟੀ ਸਟੋਰੀ ਇਮਾਰਤ ਦੀ ਚੱਲ ਰਹੀ ਸੇਵਾ ਤੋਂ ਇਲਾਵਾ ਬਾਕੀ ਕਾਰਜ ਵੱਖਰੇ ਤੌਰ 'ਤੇ ਚਲ ਰਹੇ ਹਨ। ਉਹਨਾਂ ਦੱਸਿਆ ਕਿ ਇਹ ਸੋਨਾ ਤੇ ਚਾਂਦੀ ਸੰਗਤਾਂ ਗੋਲਕ ਵਿਚ ਵੀ ਪਾ ਦਿੰਦੀਆਂ ਹਨ ਤੇ ਕਈ ਵਾਰ ਦਿੱਲੀ ਗੁਰਦੁਆਰਾ ਕਮੇਟੀ ਕੋਲ ਵੀ ਜਮ?ਹਾਂ ਕਰਵਾ ਦਿੰਦੀਆਂ ਹਨ ਜਿਸਦਾ ਇਕ-ਇਕ ਗ੍ਰਾਮ ਦਾ ਪੂਰਾ ਹਿਸਾਬ ਤੇ ਰਿਕਾਰਡ ਰੱਖਿਆ ਜਾਂਦਾ ਹੈ। ਉਹਨਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਹੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੌਜੂਦਾ ਟੀਮ ਗੁਰਦੁਆਰਾ ਪ੍ਰਬੰਧਨ ਦੇ ਨਾਲ-ਨਾਲ ਸਿਹਤ ਤੇ ਸਿੱਖਿਆ ਅਤੇ ਧਰਮ ਪ੍ਰਚਾਰ ਦੇ ਕਾਰਜਾਂ ਵਿਚ ਜੁਟੀ ਹੋਈ ਹੈ ਤੇ ਇਹਨਾਂ ਕਾਰਜਾਂ ਨੂੰ ਹੁਣ ਅਗਲੇ ਪੜਾਅ ਵੱਲ ਲਿਜਾਣ ਵਾਸਤੇ ਵੀ ਦ੍ਰਿੜ੍ਹ ਸੰਕਲਪ ਹੈ।

## ਸੰਜੀਵ ਅਰੋੜਾ ਨੇ ਵਿਧਾਇਕ ਵਜੋਂ ਚੁੱਕੀ ਸਹੁੰ

ਕੌਮੀ ਪਤ੍ਰਿਕਾ

ਲੁਧਿਆਣਾ/ਚੰਡੀਗੜ੍ਹ 28 ਜੂਨ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿਚੋਂ ਜੇਤੂ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਵਿਧਾਇਕ ਵਜੋਂ ਸਹੁੰ ਚੁੱਕ ਲਈ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਹੋਰ ਆਗੂ ਵੀ ਮੌਜੂਦ ਰਹੇ। ਦੱਸ ਦਈਏ ਕਿ ਸੰਜੀਵ ਅਰੋੜਾ ਨੂੰ ਜਲਦੀ ਹੀ ਮੰਤਰੀ ਮੰਡਲ ਵਿਚ ਵੀ ਜਗ?ਹਾ ਮਿਲ ਸਕਦੀ ਹੈ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੋਣ ਪ੍ਰਚਾਰ ਵੇਲੇ ਹੀ ਸੰਜੀਵ ਅਰੋੜਾ ਨੂੰ ਮੰਤਰੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ। ਚੋਣ ਨਤੀਜਿਆਂ ਮਗਰੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਅਰੋੜਾ ਨੂੰ 4-5 ਦਿਨਾਂ ਵਿਚ ਹੀ ਮੰਤਰੀ ਬਣਾਏ ਜਾਣ ਦੀ ਗੱਲ ਕਹੀ ਸੀ। ਸਹੁੰ ਚੁੱਕਣ ਤੋਂ ਇਕ ਦਿਨ ਪਹਿਲਾਂ ਵੀ ਸੰਜੀਵ ਅਰੋੜਾ ਵੱਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਵੀ ਕੀਤੀ ਗਈ, ਜਿਸ ਦੀ ਤਸਵੀਰ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਵੀ ਸਾਂਝੀ ਕੀਤੀ ਸੀ।

## ਪੰਜਾਬ 'ਚ ਲੱਗ ਗਈਆਂ ਪਾਬੰਦੀਆਂ, 16 ਅਗਸਤ ਤੱਕ ਹੁਕਮ ਜਾਰੀ

ਫਰੀਦਕੋਟ 28 ਜੂਨ। ਜ਼ਿਲ੍ਹਾ ਮੈਜਿਸਟ?ਰੇਟ ਮੈਡਮ ਪੂਨਮਦੀਪ ਕੌਰ ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 16 ਅਗਸਤ 2025 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹਾ ਫਰੀਦਕੋਟ ਅੰਦਰ ਕਿਸੇ ਤਰ੍ਹਾਂ ਦੇ ਲਾਈਵ ਸ਼ੋਅ ਦੌਰਾਨ ਸ਼ਰਾਬ ਜਾਂ ਨਸ਼ੇ ਉਤਸ਼ਾਹਿਤ ਅਤੇ ਹਿੰਸਾ ਨੂੰ ਭੜਕਾਉਣ ਵਾਲੇ ਗੀਤ ਆਦਿ ਨਹੀਂ ਗਾਏ ਜਾਣਗੇ। ਜ਼ਿਲ੍ਹਾ ਫਰੀਦਕੋਟ ਅੰਦਰ 12 ਸਾਲ ਤੋਂ ਘੱਟ




ਉਮਰ ਦੇ ਬੱਚਿਆਂ ਨੂੰ ਸਿਨੇਮਾ ਹਾਲਾਂ/ਮਲਟੀਪਲੈਕਸਾਂ ਵਿੱਚ ਜਾਣ ਦੀ ਆਗਿਆ ਨਹੀਂ ਹੋਵੇਗੀ ਜਿੱਥੇ ਮਾਰਕ ਏ ਵਾਲੀਆਂ ਫਿਲਮਾਂ ਪ੍ਰਦਰਸ਼ਤ ਹੁੰਦੀਆਂ ਹਨ। ਜ਼ਿਲ੍ਹਾ ਫਰੀਦਕੋਟ ਅੰਦਰ ਵਿਦਿਅਕ ਸੰਸਥਾਵਾਂ ਦੇ ਆਸ-ਪਾਸ ਨਗਨ ਪੋਸਟਰ, ਅਰਧ ਨਗਨ ਪੋਸਟਰ, ਅਸ਼ਲੀਲ ਪੋਸਟਰ ਸਥਾਪਤ/ਪ੍ਰਦਰਸ਼ਤ ਨਹੀਂ ਕੀਤੇ ਜਾਣਗੇ। ਜ਼ਿਲ੍ਹਾ ਫਰੀਦਕੋਟ ਅੰਦਰ ਸਾਲਾਨਾ ਪ੍ਰੀਖਿਆਵਾਂ ਤੋਂ 15 ਦਿਨ ਪਹਿਲਾਂ ਅਤੇ ਪ੍ਰੀਖਿਆਵਾਂ ਦੌਰਾਨ ਲਾਉਡ ਸਪੀਕਰ ਚਲਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ।

## ਲੁਧਿਆਣਾ 'ਚ ਮਸ਼ਹੂਰ ਕਾਰੋਬਾਰੀ ਨੇ ਪਤਨੀ ਸਣੇ ਦਿੱਤੀ ਜਾਨ, ਸੁਸਾਈਡ ਨੋਟ ਪੜ੍ਹ ਪਰਿਵਾਰ ਦੇ ਉਡੇ ਹੋਸ਼

ਲੁਧਿਆਣਾ 28 ਜੂਨ। ਬੈਂਕ ਕਰਮਚਾਰੀਆਂ ਦੇ ਦੁਰਵਿਵਹਾਰ ਤੋਂ ਤੰਗ ਆ ਕੇ ਮਹਾਨਗਰ ਦੇ ਇਕ ਕਾਰੋਬਾਰੀ ਜੋੜੇ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮਰਨ ਤੋਂ ਪਹਿਲਾਂ ਉਨ੍ਹਾਂ ਨੇ ਇਕ ਸੁਸਾਈਡ ਨੋਟ ਵੀ ਲਿਖਿਆ, ਜਿਸ 'ਚ ਉਨ੍ਹਾਂ ਨੇ ਆਪਣੀ ਮੌਤ ਲਈ ਬੈਂਕ ਕਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਮ੍ਰਿਤਕ ਜਸਬੀਰ ਸਿੰਘ (60) ਅਤੇ ਉਸ ਦੀ ਪਤਨੀ ਕੁਲਦੀਪ ਕੌਰ (59) ਹਨ। ਜਾਣਕਾਰੀ ਮਿਲਣ ਤੋਂ ਬਾਅਦ, ਥਾਣਾ ਡਵੀਜ਼ਨ ਨੰ. 4 ਦੀ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਸੁਸਾਈਡ ਨੋਟ ਬਰਾਮਦ ਕਰ ਲਿਆ ਹੈ। ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਜਸਬੀਰ ਸਿੰਘ ਗਊਸ਼ਾਲਾ ਰੋਡ 'ਤੇ ਸਥਿਤ ਹਰਬੰਸਪੁਰਾ ਇਲਾਕੇ 'ਚ ਰਹਿੰਦਾ ਸੀ, ਜਦੋਂਕਿ ਉਸ ਦੀ ਗਾਂਧੀ ਨਗਰ ਮਾਰਕੀਟ 'ਚ ਪੰਚਰਤਨ ਨਾਂ ਦੀ ਫੈਕਟਰੀ ਹੈ ਅਤੇ ਉਸ ਦੀ ਦੁਕਾਨ ਫੈਕਟਰੀ ਦੇ ਹੇਠਾਂ ਹੈ। ਪਤਾ ਲੱਗਾ ਹੈ ਕਿ ਉਸ ਨੇ ਇਕ ਨਿੱਜੀ ਬੈਂਕ ਤੋਂ ਕਰਜ਼ਾ ਲਿਆ ਹੋਇਆ ਸੀ। ਉਕਤ ਕਰਜ਼ੇ ਦੀ ਇਕ ਕਿਸ਼ਤ ਖੁੰਝ ਗਈ ਸੀ। ਲਗਭਗ ਇਕ ਹਫਤਾ ਪਹਿਲਾਂ ਬੈਂਕ ਵਾਲੇ ਘਰ ਆਏ। ਉਨ੍ਹਾਂ ਨੇ ਬਜ਼ੁਰਗ ਜੋੜੇ ਨਾਲ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ। ਜਦੋਂ ਜਸਬੀਰ ਸਿੰਘ ਦੇ ਪੁੱਤਰ ਨੇ ਦਖਲ ਦਿੱਤਾ ਤਾਂ ਬੈਂਕ ਵਾਲਿਆਂ ਨੇ ਉਸ ਨੂੰ ਵੀ ਧਮਕੀਆਂ ਦਿੱਤੀਆਂ ਅਤੇ ਉਨ੍ਹਾਂ ਦੇ ਘਰ ਨੂੰ ਸੀਲ ਕਰਨ ਦੀ ਗੱਲ ਕੀਤੀ। ਬੈਂਕ ਵਾਲਿਆਂ ਵਲੋਂ ਦੁਰਵਿਵਹਾਰ ਕਰਨ ਤੋਂ ਬਾਅਦ ਜਸਬੀਰ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਬਹੁਤ ਪ੍ਰੇਸ਼ਾਨ ਸਨ। ਗਰਮੀਆਂ ਦੀਆਂ ਛੁੱਟੀਆਂ ਕਾਰਨ ਗਾਂਧੀ ਨਗਰ ਮਾਰਕੀਟ ਬੰਦ ਸੀ ਪਰ ਪ੍ਰੇਸ਼ਾਨੀ ਕਾਰਨ ਜਸਬੀਰ ਸਿੰਘ ਅਤੇ ਉਸ ਦੀ ਪਤਨੀ ਰੋਜ਼ਾਨਾ ਦੁਕਾਨ 'ਤੇ ਜਾਂਦੇ ਸਨ। ਇਸੇ ਤਰ੍ਹਾਂ ਵੀਰਵਾਰ ਸਵੇਰੇ ਵੀ ਉਹ ਘਰ ਤੋਂ ਦੁਕਾਨ 'ਤੇ ਗਏ ਸਨ, ਜਿਥੇ ਬੈਂਕ ਵਾਲਿਆਂ ਨੇ ਉਨ੍ਹਾਂ ਨੂੰ ਫੋਨ ਕਰ ਕੇ ਵਾਰ-ਵਾਰ ਤੰਗ-ਪ੍ਰੇਸ਼ਾਨ ਕੀਤਾ ਅਤੇ ਧਮਕੀਆਂ ਦਿੱਤੀਆਂ।

## ਮਜੀਠੀਆ ਦੇ ਹੱਕ 'ਚ ਆਏ ਲੀਡਰਾਂ ਨੂੰ ਮੰਤਰੀ ਧਾਲੀਵਾਲ ਦੀ ਵੱਡੀ ਚਿਤਾਵਨੀ

ਕੌਮੀ ਪਤ੍ਰਿਕਾ

ਚੰਡੀਗੜ੍ਹ 28 ਜੂਨ। ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਵਲੋਂ ਹਿਰਾਸਤ 'ਚ ਲਏ ਜਾਣ ਦੇ ਮਾਮਲੇ ਬਾਰੇ ਬੋਲਦਿਆਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਨਵੰਬਰ, 2013 'ਚ ਜਦੋਂ ਭੋਲਾ ਤਸਕਰ ਫੜਿ ਆ ਗਿਆ ਤਾਂ ਉਸ ਨੇ ਮੋਹਾਲੀ ਅਦਾਲਤ 'ਚ ਮਜੀਠੀਆ ਦੇ ਖ਼?ਲਾਫ਼ ਬਿਆਨ ਦਿੱਤਾ ਪਰ ਉਸ ਵੇਲੇ ਦੀ ਸਰਕਾਰ ਨੇ ਮਜੀਠੀਆ ਖ਼?ਲਾਫ਼ ਕੁੱਝ ਨਹੀਂ ਕੀਤਾ। ਉਸ ਸਮੇਂ ਈ. ਡੀ. ਨੇ ਸਿਰਫ ਮਜੀਠੀਆ ਤੋਂ ਪੁੱਛਗਿੱਛ ਕੀਤੀ ਸੀ। ਈ. ਡੀ.



ਨੇ ਉਦੋਂ ਵੀ ਜਾਂਚ ਕੀਤੀ, ਜਦੋਂ 2017 'ਚ ਕੈਪਟਨ ਅਮਰਿੰਦਰ ਸਿੰਘ ਨੇ ਹੱਥ 'ਚ ਗੁਟਕਾ ਸਾਹਿਬ ਫੜ੍ਹ ਕੇ ਸਹੁੰ ਖਾਧੀ ਸੀ ਕਿ ਪੰਜਾਬ 'ਚੋਂ ਨਸ਼ਾ ਖ਼ਤਮ ਕਰਾਂਗੇ ਪਰ 5 ਸਾਲ ਤੱਕ ਕੁੱਝ ਵੀ ਨਹੀਂ ਹੋਇਆ। ਮੰਤਰੀ ਧਾਲੀਵਾਲ ਨੇ ਮਜੀਠੀਆ ਦੇ ਹੱਕ 'ਚ ਆਏ ਲੀਡਰਾਂ ਨੂੰ ਵੱਡੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜਿਸ ਵੀ ਵੱਡੇ ਤੋਂ ਵੱਡੇ ਬੰਦੇ ਨੇ ਪੰਜਾਬ ਦੀ ਧਰਤੀ 'ਤੇ ਨਸ਼ੇ ਵਰਗਾ ਕੋਹੜ ਲਿਆ ਕੇ ਸਾਡੇ ਧੀਆਂ-ਪੁੱਤਾਂ ਨੂੰ ਮੌਤ ਦੇ ਮੂੰਹ 'ਚ ਧਕੇਲਿਆ, ਸਾਡੀ ਸਰਕਾਰ ਉਸ ਦੇ ਖ਼?ਲਾਫ਼ ਸਖ਼ਤ ਕਾਰਵਾਈ ਕਰੇਗੀ ਅਤੇ ਇਹ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਪੰਜਾਬ 'ਚੋਂ ਨਸ਼ਾ ਖ਼ਤਮ ਨਹੀਂ ਹੋ ਜਾਂਦਾ। ਧਾਲੀਵਾਲ ਨੇ ਕਿਹਾ ਕਿ ਸਾਡੀ ਪਾਰਟੀ ਨੇ 2022 ਦੀਆਂ ਚੋਣਾਂ 'ਚ ਵਾਅਦਾ ਕੀਤਾ ਸੀ ਕਿ ਅਸੀਂ ਨਸ਼ਾ ਖ਼ਤਮ ਕਰਾਂਗੇ। ਇਸ ਲਈ ਪਿਛਲੇ ਢਾਈ-ਤਿੰਨ ਸਾਲਾਂ ਤੋਂ ਅਸੀਂ ਇਸ ਕੰਮ ਪਿੱਛੇ ਲੱਗੇ ਹੋਏ ਹਾਂ। ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਹਜ਼ਾਰਾਂ ਮੁਲਜ਼ਮ ਜੇਲ੍ਹਾਂ 'ਚ ਬੰਦ ਹਨ ਅਤੇ ਉਨ੍ਹਾਂ ਦੇ ਘਰ ਢਾਹੇ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੀ ਅਕਾਲੀ-ਭਾਜਪਾ ਨਾਲ ਮਿਲ ਕੇ ਨਸ਼ਾ ਤਸਕਰਾਂ ਦਾ ਸਾਥ ਦਿੰਦੀ ਰਹੀ। ਧਾਲੀਵਾਲ ਨੇ ਕਿਹਾ ਕਿ ਸਾਡੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਜੋ ਵਾਅਦਾ ਕੀਤਾ ਹੈ, ਉਹ ਪੂਰਾ ਕਰਾਂਗੇ ਅਤੇ ਪੰਜਾਬ ਦੀ ਧਰਤੀ ਤੋਂ ਨਸ਼ਾ ਖ਼ਤਮ ਕਰਾਂਗੇ। ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਹੀ ਵੱਡੇ ਨਸ਼ਾ ਤਸਕਰਾਂ ਨੂੰ ਫੜ੍ਹਨ ਦੀ ਹਿੰਮਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੰਜਾਬ 'ਚੋਂ ਨਸ਼ਾ ਖ਼ਤਮ ਕਰਨ ਦੀ ਸਹੁੰ ਖਾਧੀ ਸੀ, ਉਹ ਅੱਜ ਮਜੀਠੀਆ ਦੇ ਹੱਕ 'ਚ ਬਿਆਨ ਦੇ ਰਹੇ ਹਨ।

## ਪੈਰ ਫਿਸਲਿਆ ਜਾਂ ਕਤਲ? ਵਿਆਹੁਤਾ ਦੀ ਸ਼ੱਕੀ ਹਾਲਤ 'ਚ ਨਹਿਰ 'ਚ ਡੁੱਬਣ ਨਾਲ ਮੌਤ

ਫਿਰੋਜ਼ਾਬਾਦ 28 ਜੂਨ। ਉੱਤਰ ਪ੍ਰਦੇਸ਼ 'ਚ ਫਿਰੋਜ਼ਾਬਾਦ ਜ਼ਿਲ੍ਹੇ ਦੇ ਥਾਣਾ ਜਸਰਾਨਾ ਖੇਤਰ 'ਚ ਸ਼ੁੱਕਰਵਾਰ ਨੂੰ ਇਕ ਵਿਆਹੁਤਾ ਦੀ ਨਹਿਰ 'ਚ ਡੁੱਬਣ ਨਾਲ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਅਵਨੀਸ਼ ਕੁਮਾਰ ਦੀ ਪਤਨੀ ਅਵੰਤਿਕਾ (ਉਮਰ 27 ਸਾਲ) ਵਜੋਂ ਹੋਈ ਹੈ। ਮ੍ਰਿਤਕ ਵਿਆਹੁਤਾ ਦੇ ਪੇਕੇ ਪੱਖ ਦੇ ਲੋਕਾਂ ਵਲੋਂ ਕਤਲ ਦਾ ਦੋਸ਼ ਲਾਉਂਦੇ ਹੋਏ ਪੁਲਸ 'ਚ ਸ਼ਿਕਾਇਤ ਕੀਤੀ ਗਈ ਹੈ। ਪੁਲਸ ਵਲੋਂ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ। ਦਰਅਸਲ ਥਾਣਾ ਜਸਰਾਨਾ ਖੇਤਰ ਦੇ ਪਿੰਡ ਨਗਲਾ ਤੁਲਸੀ ਵਾਸੀ ਅਵੰਤਿਕਾ ਸਵੇਰੇ ਘਰੋਂ ਟਹਿਲਣ ਲਈ ਨਿਕਲੀ ਸੀ ਪਰ ਕਾਫੀ ਦੇਰ ਤੱਕ ਵਾਪਸ ਨਾ ਆਉਣ 'ਤੇ ਪਰਿਵਾਰਕ ਮੈਂਬਰਾਂ ਨੇ ਉਸ ਦੀ ਖੋਜ ਸ਼ੁਰੂ ਕੀਤੀ। ਨਹਿਰ ਦੇ ਨੇੜੇ ਉਸ ਦੀਆਂ ਚੱਪਲਾਂ ਮਿਲਣ 'ਤੇ ਪਾਣੀ ਵਿਚ ਡੁੱਬਣ ਦਾ ਖ਼ਦਸ਼ਾ ਜਤਾਇਆ ਗਿਆ। ਨਹਿਰ ਵਿਚ ਖੋਜਣ ਉਪਰੰਤ ਉਸ ਦੀ ਲਾਸ਼ ਮਿਲੀ, ਜੋ ਕਿ ਸ਼ੱਕੀ ਹਾਲਤ ਵਿਚ ਸੀ। ਸਹੁਰੇ ਪੱਖ ਦਾ ਕਹਿਣਾ ਹੈ ਕਿ ਅਵੰਤਿਕਾ ਦਾ ਪੈਰ ਫਿਸਲ ਗਿਆ ਸੀ, ਜਿਸ ਕਾਰਨ ਉਹ ਨਹਿਰ ਵਿਚ ਡੁੱਬ ਗਈ। ਜਦ ਮੌਤ ਦੀ ਜਾਣਕਾਰੀ ਪੇਕੇ ਪਰਿਵਾਰ ਨੂੰ ਮਿਲੀ ਤਾਂ ਉਹ ਵੀ ਪਿੰਡ ਪਹੁੰਚੇ। ਉਨ੍ਹਾਂ ਵੱਲੋਂ ਸਿੱਧਾ ਦੋਸ਼ ਲਗਾਇਆ ਗਿਆ ਕਿ ਇਹ ਦਾਜ ਸੰਬੰਧੀ ਤਣਾਅ ਕਾਰਨ ਇਕ ਯੋਜਨਾਬੱਧ ਕਤਲ ਹੈ। ਉਧਰ ਥਾਣਾ ਜਸਰਾਨਾ ਦੇ ਇੰਚਾਰਜ ਨੇ ਦੱਸਿਆ ਕਿ ਮਾਮਲੇ 'ਚ ਪਰਿਵਾਰਕ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਮੇਅਰ ਨਾਲ ਹੋਈ 42.50 ਲੱਖ ਰੁਪਏ ਦੀ ਠੱਗੀ !

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 28 ਜੂਨ। ਪੰਚਕੂਲਾ ਦੇ ਮੇਅਰ ਕੁਲਭੂਸ਼ਣ ਗੋਇਲ ਦਾ ਇੱਕ ਪੱਤਰ ਫਰਜ਼ੀ ਵਟਸਐਪ 'ਤੇ ਆਉਣ ਤੋਂ ਬਾਅਦ ਪੰਜਾਬ ਐਂਡ ਸਿੰਧ ਬੈਂਕ ਵੱਲੋਂ 42.50 ਲੱਖ ਰੁਪਏ ਟ?ਰਾਂਸਫਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ 'ਚ ਪੰਚਕੂਲਾ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮੇਅਰ ਕੁਲਭੂਸ਼ਣ ਗੋਇਲ ਨੇ ਦੱਸਿਆ ਕਿ ਇੱਕ ਫਰਜ਼ੀ ਪੱਤਰ ਭੇਜ ਕੇ ਉਨ੍ਹਾਂ ਦੇ ਖਾਤੇ ਵਿੱਚੋਂ 42.50 ਲੱਖ ਰੁਪਏ ਕਢਵਾਏ ਗਏ ਸਨ। ਪੱਤਰ 'ਤੇ ਮੇਅਰ ਦੇ ਦਸਤਖਤ ਵੀ ਨਹੀਂ ਸਨ। ਬੈਂਕ ਨੇ ਉਨ੍ਹਾਂ ਦੇ ਛੋਟੇ ਭਰਾ ਦੇ ਜਾਅਲੀ ਦਸਤਖਤ ਦੀ ਤਸਦੀਕ ਕੀਤੇ ਬਿਨਾਂ ਵੱਡੀ ਲਾਪਰਵਾਹੀ ਦਿਖਾਉਂਦੇ ਹੋਏ ਇਹ ਰਕਮ ਟ?ਰਾਂਸਫਰ ਕਰ ਦਿੱਤੀ। ਮੇਅਰ ਨੂੰ ਇਸ ਬਾਰੇ ਲਗਭਗ ਸਾਢੇ 4 ਘੰਟਿਆਂ ਬਾਅਦ ਪਤਾ ਲੱਗਾ, ਜਦੋਂ ਉਨ੍ਹਾਂ ਦੇ ਵਿਦੇਸ਼ ਵਿੱਚ ਪੁੱਤਰ ਨੇ ਉਨ੍ਹਾਂ ਨੂੰ ਫ਼ੋਨ ਕੀਤਾ ਤੇ ਪੁੱਛਿਆ ਕਿ ਉਨ੍ਹਾਂ ਨੇ 42.50 ਲੱਖ ਰੁਪਏ ਕਿਸ ਨੂੰ ਟ?ਰਾਂਸਫਰ ਕੀਤੇ ਹਨ। ਇਹ ਸੁਣ ਕੇ ਮੇਅਰ ਹੈਰਾਨ ਰਹਿ ਗਏ। ਉਸਨੇ ਆਪਣੇ ਪੂਰੇ ਸਟਾਫ ਤੋਂ ਲੈਣ-ਦੇਣ ਬਾਰੇ ਪੁੱਛਗਿੱਛ ਕੀਤੀ ਪਰ ਕਿਸੇ ਨੇ ਵੀ ਚੈੱਕ ਜਾਂ ਆਰਟੀਜੀਐਸ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਨਹੀਂ ਕੀਤਾ। ਫਿਰ ਮੇਅਰ ਨੇ ਬੈਂਕ ਤੋਂ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਜਿਸ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਧੋਖਾਧੜੀ ਵਿੱਚ ਸ਼ਾਮਲ ਅਪਰਾਧੀਆਂ ਨੇ ਵਟਸਐਪ ਰਾਹੀਂ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀਆਂ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ਸੀ। ਵਟਸਐਪ ਵਿੱਚ ਕੁਲਭੂਸ਼ਣ ਗੋਇਲ ਦਾ ਨਾਮ ਤੇ ਉਸਦੀ ਏਐਨਏ ਗਰੁੱਪ ਕੰਪਨੀ ਦਾ ਲੋਗੋ ਸੀ। ਬੈਂਕ ਅਧਿਕਾਰੀਆਂ ਨੂੰ ਫਰਜ਼ੀ ਕਾਲ ਕਰਨ ਵਾਲੇ ਵਿਅਕਤੀ ਨੇ ਪਹਿਲਾਂ ਉਨ੍ਹਾਂ ਨੂੰ 1 ਕਰੋੜ ਰੁਪਏ ਦੀ ਐਫਡੀ ਕਰਵਾਉਣ ਦਾ ਲਾਲਚ ਦਿੱਤਾ। ਮੇਅਰ ਦੇ ਸਮਾਜਿਕ ਪ੍ਰਭਾਵ ਕਾਰਨ, ਕਿਸੇ ਨੂੰ ਵੀ ਕਾਲ ਕਰਨ ਵਾਲੇ 'ਤੇ ਸ਼ੱਕ ਨਹੀਂ ਹੋਇਆ। ਇਸ ਤੋਂ ਬਾਅਦ ਧੋਖਾਧੜੀ ਵਾਲੇ ਨੇ ਬੈਂਕ ਅਧਿਕਾਰੀ ਨੂੰ ਕਿਹਾ ਕਿ ਮੈਂ ਇੱਕ ਪੱਤਰ ਭੇਜ ਰਿਹਾ ਹਾਂ, ਉਸ ਪੱਤਰ 'ਤੇ ਦੱਸੇ ਗਏ ਖਾਤਿਆਂ ਵਿੱਚ ਰਕਮ ਤੁਰੰਤ ਜਾਰੀ ਕਰੋ। ਮੇਅਰ ਦੀ ਇੱਕ ਪ੍ਰਾਈਵੇਟ ਲਿਮਟਿਡ ਕੰਪਨੀ ਹੈ ਅਤੇ ਇਹ ਰਕਮ ਬੈਂਕ ਤੋਂ ਦੋ ਅਧਿਕਾਰਤ ਦਸਤਖਤਾਂ ਤੋਂ ਬਾਅਦ ਹੀ ਜਾਰੀ ਕੀਤੀ ਜਾਂਦੀ ਹੈ। ਅੱਜ ਤੱਕ ਇਸ ਕੰਪਨੀ ਨੇ ਕਦੇ ਵੀ ਕਿਸੇ ਪੱਤਰ ਰਾਹੀਂ ਕੋਈ ਰਕਮ ਜਾਰੀ ਨਹੀਂ ਕੀਤੀ। ਜਦੋਂ ਇਹ ਪੱਤਰ ਬੈਂਕ ਅਧਿਕਾਰੀਆਂ ਕੋਲ ਆਇਆ, ਤਾਂ ਮੇਅਰ ਦੇ ਦਸਤਖਤ ਉਸ 'ਤੇ ਨਹੀਂ ਸਨ। ਪੱਤਰ 'ਤੇ ਸਿਰਫ਼ ਇੱਕ ਦਸਤਖਤ ਸੀ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪੱਤਰ 'ਤੇ ਦਸਤਖਤ ਮੇਅਰ ਦੇ ਛੋਟੇ ਭਰਾ ਦੇ ਦਸਤਖਤ ਦੀ ਕਾਪੀ ਸਨ। ਜਦੋਂ ਵੀ ਇਸ ਕੰਪਨੀ ਤੋਂ ਆਰਟੀਜੀਐਸ ਲਈ ਕੋਈ ਚੈੱਕ ਜਾਰੀ ਕੀਤਾ ਜਾਂਦਾ ਹੈ, ਤਾਂ ਰਕਮ ਦੋ ਦਸਤਖਤਾਂ ਤੋਂ ਬਾਅਦ ਹੀ ਜਾਰੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਵੀ, ਕਿਸੇ ਵੀ ਬੈਂਕ ਅਧਿਕਾਰੀ ਨੂੰ ਸ਼ੱਕ ਨਹੀਂ ਹੋਇਆ। ਪੱਤਰ ਪ੍ਰਾਪਤ ਕਰਨ ਤੋਂ ਬਾਅਦ ਪੱਤਰ ਵਿੱਚ ਦੱਸੀ ਗਈ ਰਕਮ ਨੂੰ ਬੈਂਕ ਦੁਆਰਾ ਲੰਬੇ ਸਮੇਂ ਤੱਕ ਆਰਟੀਜੀਐਸ ਨਹੀਂ ਕੀਤਾ ਗਿਆ ਸੀ। ਧੋਖੇਬਾਜ਼ ਨੇ ਬੈਂਕ ਨੂੰ ਕਈ ਵਾਰ ਫ਼ੋਨ ਕੀਤਾ ਅਤੇ ਪੁੱਛਿਆ ਕਿ ਤੁਹਾਨੂੰ ਪੈਸੇ ਆਰਟੀਜੀਐਸ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ? ਵਾਰ-ਵਾਰ ਕਾਲ ਕਰਨ ਦੇ ਬਾਵਜੂਦ, ਕਿਸੇ ਵੀ ਬੈਂਕ ਅਧਿਕਾਰੀ ਨੇ ਕੰਪਨੀ ਦੇ ਦਫ਼ਤਰ ਨੂੰ ਫ਼ੋਨ ਨਹੀਂ ਕੀਤਾ ਕਿ ਕੀ ਮੇਅਰ ਸੱਚਮੁੱਚ ਵਾਰ-ਵਾਰ ਫ਼ੋਨ ਕਰ ਰਿਹਾ ਸੀ ਤੇ ਰਕਮ ਜਮ?ਹਾ ਕਰਨ ਲਈ ਕਹਿ ਰਿਹਾ ਸੀ। ਜਦੋਂ ਕਿ ਵੱਡੀ ਰਕਮ ਦਾ ਚੈੱਕ ਮਿਲਣ 'ਤੇ ਬੈਂਕ ਕਰਮਚਾਰੀ ਅਕਸਰ ਸਬੰਧਤ ਕੰਪਨੀ ਜਾਂ ਵਿਅਕਤੀ ਨੂੰ ਫ਼ੋਨ ਕਰਦੇ ਹਨ ਅਤੇ ਪੁੱਛਦੇ ਹਨ ਕਿ ਕੀ ਉਨ੍ਹਾਂ ਨੇ ਚੈੱਕ ਜਾਰੀ ਕੀਤਾ ਹੈ? ਮੇਅਰ ਕੁਲਭੂਸ਼ਣ ਗੋਇਲ ਨੇ ਤੁਰੰਤ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ। ਉਨ੍ਹਾਂ ਦੱਸਿਆ ਕਿ ਅਸੀਂ ਇਹ ਰਕਮ ਤੁਹਾਡੇ ਵਟਸਐਪ ਤੋਂ ਪੱਤਰ ਮਿਲਣ ਤੋਂ ਬਾਅਦ ਹੀ ਜਾਰੀ ਕੀਤੀ ਹੈ। ਮੇਅਰ ਨੇ ਕਿਹਾ ਕਿ ਤੁਸੀਂ ਇਹ ਰਕਮ ਧੋਖਾਧੜੀ ਨਾਲ ਜਾਰੀ ਕੀਤੀ ਹੈ, ਮੈਂ ਕੋਈ ਪੱਤਰ ਨਹੀਂ ਭੇਜਿਆ। ਮੇਅਰ ਸਮਝ ਗਏ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ। ਇਸ ਤੋਂ ਬਾਅਦ ਉਨ੍ਹਾਂ ਤੁਰੰਤ ਚੰਡੀਗੜ੍ਹ ਸਾਈਬਰ ਪੁਲਸ ਨੂੰ ਸ਼ਿਕਾਇਤ ਕੀਤੀ। ਮਾਮਲਾ ਪੰਚਕੂਲਾ ਦੇ ਮੇਅਰ ਨਾਲ ਸਬੰਧਤ ਸੀ, ਇਸ ਲਈ ਚੰਡੀਗੜ੍ਹ ਸਾਈਬਰ ਪੁਲਸ ਨੇ ਰਕਮ ਜ਼ਬਤ ਕਰ ਲਈ ਤੇ ਪੰਚਕੂਲਾ ਪੁਲਸ ਨੂੰ ਉਨ੍ਹਾਂ ਨਾਲ ਸੰਪਰਕ ਕਰਨ ਲਈ ਕਿਹਾ। ਇਸ ਤੋਂ ਬਾਅਦ ਪੰਚਕੂਲਾ ਸਾਈਬਰ ਪੁਲਸ ਨੇ ਵੀ ਜਾਂਚ ਸ਼ੁਰੂ ਕਰ ਦਿੱਤੀ।

## ਹਸਪਤਾਲਾਂ ਲਈ ਸਖ਼ਤ ਹੁਕਮ ਜਾਰੀ, ਸਿੱਧਾ ਮਰੀਜ਼ਾਂ ਕੋਲ ਪੁੱਜੇ ਪੰਜਾਬ ਦੇ ਸਿਹਤ ਮੰਤਰੀ

ਕੌਮੀ ਪਤ੍ਰਿਕਾ

ਲੁਧਿਆਣਾ 28 ਜੂਨ। ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਲੁਧਿਆਣਾ ਦਾ ਦੌਰਾ ਕੀਤਾ ਤਾਂ ਜੋ ਇੱਥੇ ਦੀਆਂ ਸਹੂਲਤਾਂ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ ਦੀ ਸਮੀਖਿਆ ਕੀਤੀ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਹਾਲੀਆ ਚੋਰੀ ਦੀਆਂ ਘਟਨਾਵਾਂ, ਵਿਸ਼ੇਸ਼ ਕਰਕੇ ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣ ਚੋਰੀ ਹੋਣ ਦੇ ਮਾਮਲੇ ਦੀ ਗੰਭੀਰ ਨੋਟਿਸ ਲੈਂਦੇ ਹੋਏ ਤੁਰੰਤ ਪੁਲਸ ਅਧਿਕਾਰੀਆਂ ਨੂੰ ਕਸੂਰਵਾਰਾਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਨੇ ਕਿਹਾ ਕਿ ਜਨਤਕ ਸਿਹਤ ਸੰਸਥਾਵਾਂ 'ਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਿਹਤ ਮੰਤਰੀ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕਰਦਿਆਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਰਾਬਤਾ ਕਰਕੇ ਸਿੱਧਾ ਫੀਡਬੈਕ ਲਿਆ। ਉਨ੍ਹਾਂ ਨੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਸਰਕਾਰ ਸਿਹਤ ਸੰਰਚਨਾ ਨੂੰ ਬਿਹਤਰ ਬਣਾਉਣ ਅਤੇ ਹਰ ਕਿਸੇ ਲਈ ਗੁਣਵੱਤਾਪੂਰਕ ਇਲਾਜ ਯਕੀਨੀ ਕਰਨ ਲਈ ਵਚਨਬੱਧ ਹੈ। ਭ੍ਰਿਸ਼ਟਾਚਾਰ ਨੂੰ ਲੈ ਕੇ ਸਖ਼ਤ ਸੁਨੇਹਾ ਦਿੰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜੇਕਰ ਕੋਈ ਮੁਲਾਜ਼ਮ ਕੰਮ ਲਈ ਰਿਸ਼ਵਤ ਲੈਂਦਾ ਪਾਇਆ ਗਿਆ ਤਾਂ ਉਸ ਖ਼?ਲਾਫ਼ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਹਸਪਤਾਲ ਸਟਾਫ਼ ਨੂੰ ਈਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣ ਦੀ ਨਸੀਹਤ ਦਿੱਤੀ ਅਤੇ ਯਾਦ ਦਿਵਾਇਆ ਕਿ ਇਹ ਤੁਹਾਡਾ ਹਸਪਤਾਲ ਹੈ ਅਤੇ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਇਸ ਨੂੰ ਈਮਾਨਦਾਰੀ ਅਤੇ ਨਿਸ਼ਠਾ ਨਾਲ ਚਲਾਓ। ਕੋਵਿਡ-19 ਸਬੰਧੀ ਚਿੰਤਾਵਾਂ 'ਤੇ ਗੱਲ ਕਰਦਿਆਂ ਮੰਤਰੀ ਨੇ ਦੱਸਿਆ ਕਿ ਹਾਲਾਤ ਪੂਰੀ ਤਰ੍ਹਾਂ ਕੰਟਰੋਲ ਹੇਠ ਹਨ ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਉਨ੍ਹਾਂ ਨੇ ਭੀੜ-ਭਾੜ ਵਾਲੀਆਂ ਥਾਵਾਂ 'ਤੇ ਮਾਸਕ ਪਾਉਣ ਅਤੇ ਸਫ਼ਾਈ ਬਰਕਰਾਰ ਰੱਖਣ ਵਰਗੀਆਂ ਕੋਵਿਡ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਡੇਂਗੂ ਰੋਕਥਾਮ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਮੱਛਰਾਂ ਦੀ ਬ੍ਰੀਡਿੰਗ ਰੋਕਣ ਲਈ ਜਾਂਚ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਲੱਛਣਾਂ ਅਤੇ ਬਚਾਅ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

## ਗੁਰਦਾਸਪੁਰ ਪੁਲਸ ਦੀ ਵੱਡੀ ਸਫ਼ਲਤਾ, ਹੈਰੋਇਨ ਤੇ ਡਰੱਗ ਮਨੀ ਸਮੇਤ ਹਥਿਆਰ ਬਰਾਮਦ

ਕੌਮੀ ਪਤ੍ਰਿਕਾ

ਗੁਰਦਾਸਪੁਰ 28 ਜੂਨ। ਜ਼ਿਲ੍ਹਾ ਪੁਲਸ ਗੁਰਦਾਸਪੁਰ ਵੱਲੋਂ ਵੱਡੀ ਕਾਰਵਾਈ ਕਰਦਿਆਂ 277 ਗ੍ਰਾਮ ਹੈਰੋਇਨ, ਇੱਕ ਪਿਸਤੌਲ, ਮੈਗਜ਼ੀਨ, 5 ਜਿੰਦਾ ਗੋਲੀਆਂ, 6500 ਰੁਪਏ ਡਰੱਗ ਮਨੀ, 60 ਹਜ਼ਾਰ ਐਮਐਲ ਨਜਾਇਜ਼ ਸ਼ਰਾਬ ਅਤੇ 60 ਨਸ਼ੀਲੀਆਂ ਗੋਲੀਆਂ ਸਮੇਤ 8 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਉਨ੍ਹਾਂ ਵਿਰੁੱਧ ਵੱਖ-ਵੱਖ ਥਾਣਿਆਂ 'ਚ ਮਾਮਲੇ ਦਰਜ ਕੀਤੇ ਗਏ ਹਨ।ਇਸ ਸੰਬੰਧੀ ਐਸ.ਐਸ.ਪੀ. ਆਦਿਤਿਆ ਨੇ ਦੱਸਿਆ ਕਿ ਸਿਟੀ ਥਾਣਾ ਵਿਚ ਤਾਇਨਾਤ ਏ.ਐੱਸ.ਆਈ. ਕੁਲਦੀਪ ਸਿੰਘ ਨੇ ਪੁਲਸ ਪਾਰਟੀ ਨਾਲ ਆਮਾਂ ਵਾਲਾ ਬਾਗ, ਬਹਿਰਾਮਪੁਰ ਰੋਡ, ਗੁਰਦਾਸਪੁਰ ਵਿਖੇ ਛਾਪਾ ਮਾਰ ਕੇ ਦਲਵਿੰਦਰ ਸਿੰਘ ਉਰਫ਼ ਸ਼ਿੰਦਾ ਪੁੱਤਰ ਅੱਛਰ ਸਿੰਘ ਨਿਵਾਸੀ ਹੇਮਰਾਜਪੁਰ ਨੂੰ ਗ੍ਰਿਫ਼ਤਾਰ ਕੀਤਾ, ਜਿਸ ਕੋਲੋਂ 30,000 ਐਮਐਲ ਨਜਾਇਜ਼ ਸ਼ਰਾਬ ਮਿਲੀ। ਥਾਣਾ ਪੁਰਾਣਾ ਸ਼ਾਲਾ ਵਿਚ ਤਾਇਨਾਤ ਸਬ ਇੰਸਪੈਕਟਰ ਨੇ ਪੁਲਸ ਪਾਰਟੀ ਨਾਲ ਗੁਰਮੁਖ ਸਿੰਘ ਪੁੱਤਰ ਜਗਦੀਸ਼ ਸਿੰਘ ਨਿਵਾਸੀ ਤਲਵੰਡੀ ਨੂੰ ਘੱਲੂਘਾਰਾ ਸਾਹਿਬ ਮੋੜ ਚਾਵਾ ਤੋਂ ਸ਼ੱਕ ਦੇ ਆਧਾਰ 'ਤੇ ਰੋਕ ਕੇ ਜਾਂਚ ਕੀਤੀ। ਉਸ ਕੋਲੋਂ ਇਕ ਪਲਾਸਟਿਕ ਦੇ ਲਿਫਾਫੇ ਵਿਚੋਂ 7 ਗ੍ਰਾਮ ਹੈਰੋਇਨ ਮਿਲੀ। ਦੋਸ਼ੀ ਨੂੰ ਗ੍ਰਿਫ਼ਤਾਰ ਕਰ ਕੇ ਮਾਮਲਾ ਦਰਜ ਕੀਤਾ ਗਿਆ। ਇਸੇ ਦੌਰਾਨ ਥਾਣਾ ਦੀਨਾਨਗਰ ਵਿੱਚ ਤਾਇਨਾਤ ਏ.ਐਸ.ਆਈ. ਰਮੇਸ਼ ਕੁਮਾਰ ਨੇ ਇਕ ਮਹਿਲਾ ਦੋਸ਼ੀ ਮਨਜੀਤ ਕੁਮਾਰੀ ਪਤਨੀ ਰਣਜੀਤ ਕੁਮਾਰ ਨਿਵਾਸੀ ਪਨਿਆੜ ਨੂੰ ਫਾਟਕ ਪਨਿਆੜ ਤੋਂ ਸ਼ੱਕ ਦੇ ਆਧਾਰ 'ਤੇ ਰੋਕਿਆ। ਜਾਂਚ ਦੌਰਾਨ ਉਸ ਕੋਲੋਂ ਪਲਾਸਟਿਕ ਦੇ ਲਿਫਾਫੇ ਵਿਚੋਂ 60 ਨਸ਼ੀਲੀਆਂ ਗੋਲੀਆਂ ਅਤੇ 4500 ਰੁਪਏ ਡਰੱਗ ਮਨੀ ਮਿਲੀ। ਮਹਿਲਾ ਨੂੰ ਗਿਰਫ਼ਤਾਰ ਕਰ ਕੇ ਮਾਮਲਾ ਦਰਜ ਕੀਤਾ ਗਿਆ। ਥਾਣਾ ਬਹਿਰਾਮਪੁਰ ਵਿੱਚ ਤਾਇਨਾਤ ਸਬ ਇੰਸਪੈਕਟਰ ਰਮੇਸ਼ ਲਾਲ ਨੇ ਪੁਲਸ ਪਾਰਟੀ ਸਮੇਤ ਪਿੰਡ ਦੋਦਵਾਂ ਵਿਖੇ ਨਾਕਾਬੰਦੀ ਦੌਰਾਨ




ਵਾਹਨਾਂ ਦੀ ਚੈੱਕਿੰਗ ਕਰ ਰਹੇ ਸਨ। ਇਸ ਦੌਰਾਨ ਇਕ ਵਾਹਨ 'ਚ ਸਵਾਰ 3 ਦੋਸ਼ੀ ਮਲਕੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨਿਵਾਸੀ ਲਖਨਪਾਲ ਥਾਣਾ ਪੁਰਾਣਾ ਸ਼ਾਲਾ, ਰਿਸ਼ੀ ਸੈਣੀ ਪੁੱਤਰ ਪ੍ਰੇਮ ਨਾਥ ਸੈਣੀ ਅਤੇ ਪਾਰਥ ਸੈਣੀ ਪੁੱਤਰ ਵਿਕਾਸ ਸੈਣੀ ਨਿਵਾਸੀ ਉਦੀਪੁਰ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ।

# ਅਕਾਲੀ ਦਲ ਦੀ ਕੋਰ ਕਮੇਟੀ 'ਚੋਂ ਬਰਨਾਲਾ ਤੇ ਸੰਗਰੂਰ 'ਬਾਹਰ, ਕਦੇ ਗੜ੍ਹ ਰਹੇ ਸਨ ਇਹ ਦੋ ਜ਼ਿਲ੍ਹੇ

ਕੌਮੀ ਪਤ੍ਰਿਕਾ

ਬਰਨਾਲਾ 28 ਜੂਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਹਾਲ ਹੀ ਵਿਚ ਐਲਾਨੀ ਗਈ 31 ਮੈਂਬਰੀ ਕੋਰ ਕਮੇਟੀ ਵਿਚੋਂ ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਗਿਆ ਹੈ, ਜਿਸ ਨਾਲ ਕਦੇ ਅਕਾਲੀ ਦਲ ਦਾ ਗੜ੍ਹ ਰਹੇ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਦੇ ਸਿਆਸੀ ਹਲਕਿਆਂ ਵਿਚ ਹੈਰਾਨੀ ਅਤੇ ਨਿਰਾਸ਼ਾ ਦਾ ਮਾਹੌਲ ਹੈ। ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਕੁੱਲ 9 ਵਿਧਾਨ ਸਭਾ ਹਲਕਿਆਂ ਵਿਚੋਂ ਕਿਸੇ ਵੀ ਅਕਾਲੀ ਨੇਤਾ ਨੂੰ ਇਸ ਅਹਿਮ ਕਮੇਟੀ ਵਿਚ ਥਾਂ ਨਹੀਂ ਦਿੱਤੀ ਗਈ, ਜੋ ਪਾਰਟੀ ਦੇ ਅੰਦਰੂਨੀ ਹਲਕਿਆਂ ਵਿਚ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਇਨ੍ਹਾਂ ਜ਼ਿਲ੍ਹਿਆਂ ਵਿਚ ਅਕਾਲੀ ਦਲ ਪਹਿਲਾਂ ਹੀ ਆਪਣੇ ਆਖਰੀ ਸਾਹਾਂ 'ਤੇ ਚੱਲ ਰਿਹਾ ਹੈ ਅਤੇ ਇਸ ਨੂੰ ਪਾਰਟੀ ਵੱਲੋਂ ਇਕ ਵੱਡਾ ਧੱਕਾ ਮੰਨਿਆ ਜਾ ਰਿਹਾ ਹੈ, ਜਿਸ ਨਾਲ ਜ਼ਮੀਨੀ ਪੱਧਰ 'ਤੇ ਵਰਕਰਾਂ ਦਾ ਮਨੋਬਲ ਹੋਰ ਡਿੱਗ ਸਕਦਾ ਹੈ। ਇਕ ਸਮਾਂ ਸੀ ਜਦੋਂ ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ 'ਰਾਜਧਾਨੀ' ਕਿਹਾ ਜਾਂਦਾ ਸੀ। ਇਹ ਉਹ ਜ਼ਿਲ੍ਹੇ ਸਨ ਜਿੱਥੋਂ ਅਕਾਲੀ ਦਲ ਲਗਭਗ ਸਾਰੀਆਂ ਵਿਧਾਨ ਸਭਾ ਸੀਟਾਂ 'ਤੇ ਕਬਜ਼ਾ ਕਰਦਾ ਸੀ ਅਤੇ ਪਾਰਟੀ ਦੀ ਸਰਕਾਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਸੀ। ਸਵਰਗੀ ਸੁਰਜੀਤ ਸਿੰਘ ਬਰਨਾਲਾ ਦੇ ਸਮੇਂ ਤੋਂ ਲੈ ਕੇ ਸਵਰਗੀ ਸੁਖਦੇਵ ਸਿੰਘ ਢੀਂਡਸਾ ਦੇ ਦੌਰ ਤੱਕ, ਇਨ੍ਹਾਂ ਜ਼ਿਲ੍ਹਿਆਂ ਵਿਚ ਅਕਾਲੀ ਦਲ ਦੀ ਤੂਤੀ ਬੋਲਦੀ ਸੀ ਅਤੇ ਪਾਰਟੀ ਇਕ ਮਜ਼ਬੂਤ ਸਥਿਤੀ ਵਿਚ ਸੀ। ਉਸ ਸਮੇਂ ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ, ਗੋਬਿੰਦ ਸਿੰਘ ਲੌਂਗੋਵਾਲ, ਇਕਬਾਲ ਸਿੰਘ ਝੂੰਦਾ ਅਤੇ ਬਲਦੇਵ ਸਿੰਘ ਮਾਨ ਵਰਗੇ ਕੱਦਾਵਰ ਆਗੂ ਅਕਾਲੀ ਦਲ ਦੀ ਕੋਰ ਕਮੇਟੀ ਦਾ ਹਿੱਸਾ ਰਹਿ ਚੁੱਕੇ ਹਨ, ਜੋ ਇਨ੍ਹਾਂ ਜ਼ਿਲ੍ਹਿਆਂ ਦੀ ਸਿਆਸੀ ਤਾਕਤ ਨੂੰ ਦਰਸਾਉਂਦਾ ਸੀ ਪਰ ਅੱਜ ਸਥਿਤੀ ਬਿਲਕੁਲ ਉਲਟ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਇਕ ਵੀ ਸੀਟ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਅਕਾਲੀ ਦਲ ਇਨ੍ਹਾਂ ਜ਼ਿਲ੍ਹਿਆਂ ਵਿਚ ਇਕ ਵੀ ਚੋਣ ਜਿੱਤਣ ਵਿਚ ਅਸਫਲ ਰਿਹਾ ਹੈ। ਇਸ ਦੇ ਬਾਵਜੂਦ, ਇਨ੍ਹਾਂ ਜ਼ਿਲ੍ਹਿਆਂ ਦੇ ਕਈ ਪ੍ਰਮੁੱਖ ਅਕਾਲੀ ਆਗੂ ਕੋਰ ਕਮੇਟੀ ਵਿਚ ਸ਼ਾਮਲ ਹੋਣ ਦੀ ਚਾਹਤ ਰੱਖਦੇ ਸਨ ਅਤੇ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਵਿਚ ਵੀ ਸਰਗਰਮੀ ਨਾਲ ਹਿੱਸਾ ਲੈ ਰਹੇ ਸਨ, ਜਿਸ ਨੂੰ ਉਹ ਪਾਰਟੀ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਮਾਣ ਮੰਨਦੇ ਸਨ ਪਰ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਹਨ ਅਤੇ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦੀਆਂ ਲੰਬੇ ਸਮੇਂ ਦੀਆਂ ਸੇਵਾਵਾਂ ਅਤੇ ਤਿਆਗ ਨੂੰ ਅਣਦੇਖਿਆ ਕੀਤਾ ਗਿਆ ਹੈ। ਜ਼ਿਲ੍ਹੇ ਦੇ ਕਈ ਸੀਨੀਅਰ ਅਕਾਲੀ ਆਗੂਆਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਆਪਣੀ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਪਾਰਟੀ ਸੰਕਟ ਦੇ ਡੂੰਘੇ ਦੌਰ ਵਿਚੋਂ ਲੰਘ ਰਹੀ ਹੈ ਅਤੇ ਜ਼ਮੀਨੀ ਪੱਧਰ 'ਤੇ ਵਰਕਰਾਂ ਨੂੰ ਮੁੜ ਪ੍ਰੇਰਿਤ ਕਰਨ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ, ਅਜਿਹੇ ਫੈਸਲੇ ਵਰਕਰਾਂ ਦਾ ਮਨੋਬਲ ਹੋਰ ਵੀ ਡੇਗ ਸਕਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕੋਰ ਕਮੇਟੀ ਵਿਚ ਸਥਾਨਕ, ਪ੍ਰਭਾਵਸ਼ਾਲੀ ਆਗੂਆਂ ਨੂੰ ਸ਼ਾਮਲ ਕਰਨ ਨਾਲ ਜ਼ਿਲ੍ਹਿਆਂ ਵਿਚ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਸੀ ਅਤੇ ਨਵੀਂ ਊਰਜਾ ਦਾ ਸੰਚਾਰ ਹੋ ਸਕਦਾ ਸੀ। ਇਹ ਇਕ ਸੰਕੇਤ ਦਿੰਦਾ ਕਿ ਪਾਰਟੀ ਲੀਡਰਸ਼ਿਪ ਜ਼ਮੀਨੀ ਪੱਧਰ ਦੀਆਂ ਚਿੰਤਾਵਾਂ ਨੂੰ ਸਮਝਦੀ ਹੈ ਅਤੇ ਸਥਾਨਕ ਆਗੂਆਂ ਨੂੰ ਮਾਨਤਾ ਦਿੰਦੀ ਹੈ। ਹਾਲਾਂਕਿ, ਇਕ ਛੋਟੀ ਜਿਹੀ ਅਹਿਮ ਗੱਲ ਇਹ ਹੈ ਕਿ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਖੁਰਦ ਦੇ ਜੰਮਪਲ ਅਤੇ ਇਕ ਵਾਰ ਭਦੌੜ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਚੁੱਕੇ ਦਰਬਾਰਾ ਸਿੰਘ ਗੁਰੂ ਕੋਰ ਕਮੇਟੀ ਵਿਚ ਸ਼ਾਮਲ ਹੋਣ ਵਿਚ ਸਫਲ ਰਹੇ ਹਨ ਪਰ ਇਸ ਨੂੰ ਵੀ ਪੂਰੀ ਤਰ੍ਹਾਂ ਬਰਨਾਲਾ ਜਾਂ ਸੰਗਰੂਰ ਜ਼ਿਲ੍ਹੇ ਦੀ ਪ੍ਰਤੀਨਿਧਤਾ ਵਜੋਂ ਨਹੀਂ ਦੇਖਿਆ ਜਾ ਰਿਹਾ। ਦਰਬਾਰਾ ਸਿੰਘ ਗੁਰੂ ਪਿਛਲੇ ਇਕ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਅਤੇ ਬੱਸੀ ਪਠਾਣਾਂ ਵਿਧਾਨ ਸਭਾ ਹਲਕੇ ਵਿਚ ਹੀ ਸਰਗਰਮ ਹਨ। ਉਨ੍ਹਾਂ ਦਾ ਬਰਨਾਲਾ ਜਾਂ ਸੰਗਰੂਰ ਜ਼ਿਲ੍ਹਿਆਂ ਦੇ ਸਥਾਨਕ ਮੁੱਦਿਆਂ ਅਤੇ ਵਰਕਰਾਂ ਨਾਲ ਸਿੱਧਾ ਅਤੇ ਨਿਰੰਤਰ ਸਿਆਸੀ ਸਬੰਧ ਬਹੁਤ ਘੱਟ ਰਿਹਾ ਹੈ। ਇਸ ਲਈ, ਉਨ੍ਹਾਂ ਦੀ ਸ਼ਮੂਲੀਅਤ ਨੂੰ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਦੀ ਅਸਲ ਪ੍ਰਤੀਨਿਧਤਾ ਵਜੋਂ ਨਹੀਂ ਦੇਖਿਆ ਜਾ ਸਕਦਾ, ਜੋ ਸਥਾਨਕ ਅਕਾਲੀ ਵਰਕਰਾਂ ਦੀ ਨਿਰਾਸ਼ਾ ਨੂੰ ਹੋਰ ਵਧਾਉਂਦਾ ਹੈ। ਅਕਾਲੀ ਦਲ ਦੇ ਇਸ ਫੈਸਲੇ ਨੇ ਬਰਨਾਲਾ ਅਤੇ ਸੰਗਰੂਰ ਵਿਚ ਪਾਰਟੀ ਦੇ ਭਵਿੱਖ ਨੂੰ ਲੈ ਕੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਜ਼ਿਲ੍ਹਿਆਂ ਵਿਚ ਪਹਿਲਾਂ ਹੀ ਪਾਰਟੀ ਦੀ ਕਮਜ਼ੋਰ ਸਥਿਤੀ ਅਤੇ ਲਗਾਤਾਰ ਚੋਣਾਂ ਵਿਚ ਹਾਰ ਕਾਰਨ ਵਰਕਰਾਂ ਵਿਚ ਨਿਰਾਸ਼ਾ ਹੈ। ਅਜਿਹੇ ਵਿਚ ਕੋਰ ਕਮੇਟੀ ਵਿਚ ਜ਼ਿਲ੍ਹਿਆਂ ਦੀ ਪ੍ਰਤੀਨਿਧਤਾ ਨਾ ਮਿਲਣਾ ਪਾਰਟੀ ਲਈ ਹੋਰ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ। ਇਹ ਫੈਸਲਾ ਪਾਰਟੀ ਦੀ ਜ਼ਿਲ੍ਹਾ ਪੱਧਰੀ ਲੀਡਰਸ਼ਿਪ ਨੂੰ ਵੀ ਕਮਜ਼ੋਰ ਕਰ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋ ਸਕਦਾ ਹੈ ਕਿ ਕੇਂਦਰੀ ਲੀਡਰਸ਼ਿਪ ਉਨ੍ਹਾਂ ਦੀਆਂ ਕੋਸ਼ਿਸ਼ਾਂ ਅਤੇ ਸਮਰਪਣ ਨੂੰ ਮਾਨਤਾ ਨਹੀਂ ਦੇ ਰਹੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਪੁਰਾਣੇ ਗੜ੍ਹਾਂ ਵਿਚ ਆਪਣੀ ਪਕੜ ਮਜ਼ਬੂਤ ਕਰਨ ਲਈ ਸਥਾਨਕ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਪਾਰਟੀ ਦੇ ਫੈਸਲੇ ਲੈਣ ਵਾਲੇ ਅਦਾਰਿਆਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਬਰਨਾਲਾ ਅਤੇ ਸੰਗਰੂਰ ਵਰਗੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਜ਼ਿਲ੍ਹਿਆਂ ਨੂੰ ਅਣਗੌਲਿਆ ਕਰਨਾ ਪਾਰਟੀ ਲਈ ਲੰਬੇ ਸਮੇਂ ਵਿਚ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਜੇਕਰ ਪਾਰਟੀ ਆਪਣੇ ਆਧਾਰ ਨੂੰ ਮੁੜ ਮਜ਼ਬੂਤ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਇਨ੍ਹਾਂ ਜ਼ਿਲ੍ਹਿਆਂ ਵਿਚ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਸਮਰਪਿਤ ਆਗੂਆਂ ਨੂੰ ਅੱਗੇ ਲਿਆਉਣਾ ਹੋਵੇਗਾ ਅਤੇ ਉਨ੍ਹਾਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪਣੀਆਂ ਹੋਣਗੀਆਂ। ਇਹ ਵੇਖਣਾ ਬਾਕੀ ਹੈ ਕਿ ਇਸ ਫੈਸਲੇ ਦਾ ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਅਕਾਲੀ ਦਲ ਦੀ ਸਿਆਸੀ ਸਥਿਤੀ 'ਤੇ ਕੀ ਅਸਰ ਪੈਂਦਾ ਹੈ ਅਤੇ ਕੀ ਪਾਰਟੀ ਭਵਿੱਖ ਵਿਚ ਆਪਣੀ ਰਣਨੀਤੀ ਵਿਚ ਕੋਈ ਬਦਲਾਅ ਕਰਦੀ ਹੈ ਤਾਂ ਜੋ ਆਪਣੇ ਪੁਰਾਣੇ ਗੜ੍ਹਾਂ ਵਿਚ ਆਪਣੀ ਸ਼ਾਨ ਨੂੰ ਮੁੜ ਬਹਾਲ ਕੀਤਾ ਜਾ ਸਕੇ। ਕੀ ਅਕਾਲੀ ਦਲ ਇਨ੍ਹਾਂ ਜ਼ਿਲ੍ਹਿਆਂ ਦੀਆਂ ਚਿੰਤਾਵਾਂ ਨੂੰ ਸੁਣੇਗਾ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਚੁੱਕੇਗਾ? ਇਹ ਸਮਾਂ ਹੀ ਦੱਸੇਗਾ।